ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 15 | 22 April 2020 to 28 April 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਕੋਰੋਨਾ ਵਾਇਰਸ ਨਾਲ ਅਮਰੀਕਾ ਵਿਚ 45343 ਮੌਤਾਂ ਤੇ 8,18,892 ਪੀੜਤ ਹੋਏ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਪਿਛਲੇ 24 ਘੰਟਿਆਂ ਦੌਰਾਨ 2785 ਮੌਤਾਂ ਹੋਰ ਹੋਈਆਂ ਹਨ ਤੇ ਮ੍ਰਿਤਕਾਂ ਦੀ ਗਿਣਤੀ 45343 ਹੋ ਗਈ ਹੈ। ਜੌਹਨਜ ਹੋਪਕਿਨਜ ਯੂਨੀਵਰਸਿਟੀ ਅਨੁਸਾਰ ਪੀੜਤਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ ਤੇ 2600 ਤੋਂ ਵਧ ਨਵੇਂ ਮਾਮਲੇ ਸਾਹਮਣੇ ਆਏ ਹਨ। ਇਸ ਸਮੇਂ ਕੋਰੋਨਾਵਾਇਰਸ ਨਾਲ ਪੀੜਤ ਲੋਕਾਂ ਦੀ ਗਿਣਤੀ 8,18,892 ਹੈ। ਇਕੱਲੇ ਨਿਊਯਾਰਕ ਵਿਚ 19693 ਅਮਰੀਕਨ ਮੌਤ ਦੇ ਮੂੰਹ ਵਿਚ ਜਾ ਪਏ ਹਨ ਜਦ ਕਿ 24 ਘੰਟੇ ਪਹਿਲਾਂ ਇਹ ਅੰਕੜਾ 18929 ਸੀ। ਨਿਊਜਰਸੀ ਵਿਚ ਮੌਤਾਂ ਦੀ ਗਿਣਤੀ 4753 ਹੋ ਗਈ ਹੈ। ਇਕ ਦਿਨ ਪਹਿਲਾਂ ਇਹ ਗਿਣਤੀ 4377 ਸੀ। ਇਸ ਤਰਾਂ ਹੋਰ ਰਾਜਾਂ ਵਿਚ ਮੌਤਾਂ ਹੋਣ ਤੇ ਨਵੇਂ ਮਾਮਲੇ ਸਾਹਮਣੇ ਆਉਣ ਦੀਆਂ ਰਿਪੋਰਟਾਂ ਹਨ।

**ਸੈਨਿਟ ਵੱਲੋਂ 5 ਖਰਬ ਡਾਲਰ ਦੇ ਪੈਕੇਜ਼ ਨੂੰ ਪ੍ਰਵਾਨਗੀ-**

ਕੋਰੋਨਾਵਾਇਰਸ ਕਾਰਨ ਪ੍ਰਭਾਵਿਤ ਹੋਏ ਛੋਟੇ ਕਾਰੋਬਾਰੀ ਤੇ ਉਨਾਂ ਦੇ ਬੇਰੁਜ਼ਗਾਰ ਹੋਏ ਕਾਮਿਆਂ ਨੂੰ ਰਾਹਤ ਦੇਣ ਦੇ ਮਕਸਦ ਨਾਲ ਸੈਨਿਟ ਨੇ ਇਕ ਪੈਕੇਜ਼ ਨੂੰ ਪ੍ਰਵਾਨਗੀ ਦਿੱਤੀ ਹੈ। ਤਕਰੀਬਨ 5 ਖਰਬ ਡਾਲਰ ਦੇ ਪੈਕੇਜ਼

> – ਛੋਟੇ ਕਾਰੋਬਾਰੀਆਂ ਤੇ ਹੋਰ ਲੋਕਾਂ ਦੀ ਮੱਦਦ ਲਈ ਸੈਨਟ ਵੱਲੋਂ 5 ਖਰਬ ਡਾਲਰ ਦੇ ਪੈਕੇਜ਼ ਨੂੰ ਪ੍ਰਵਾਨਗੀ
> - ਅਰਥ ਵਿਵਸਥਾ ਖੋਲਣ ਬਾਰੇ ਕੋਈ ਸਮਾ ਸੀਮਾ ਤੈਅ ਨਹੀਂ

ਜਿਸ ਨੂੰ ਜ਼ੁਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ, ਨਾਲ ' ਪੇ ਚੈੱਕ ਪ੍ਰੋਟੈਕਸ਼ਨ ਪ੍ਰੋਗਰਾਮ' ਵਿਚ ਪੈਸਾ ਆਵੇਗਾ ਜਿਸ ਨੂੰ ਪੈਸਾ ਖਤਮ ਹੋਣ ਕਾਰਨ ਪਿਛਲੇ ਹਫ਼ਤੇ ਰੋਕ ਦਿੱਤਾ ਗਿਆ ਸੀ। 484 ਅਰਬ ਡਾਲਰ ਦੇ ਪ੍ਰੋਗਰਾਮ ਤਹਿਤ ਰਾਹਤ ਵਜੋਂ ਛੋਟੇ ਕਾਰੋਬਾਰੀਆਂ ਨੂੰ 320 ਅਰਬ ਡਾਲਰ ਦੇ ਕਰਜੇ ਦਿੱਤੇ ਜਾਣਗੇ। 60 ਅਰਬ ਡਾਲਰ ਸ਼ਾਹੂਕਾਰਾਂ, ਛੋਟੀਆਂ ਬੈਂਕਾਂ ਤੇ ਕੈਰਡਿਟ ਯੂਨੀਅਨਾਂ ਨੂੰ ਦਿੱਤੇ ਜਾਣਗੇ ਜੋ ਬਹੁਤ ਛੋਟੇ ਕਾਰੋਬਾਰੀਆਂ ਦੀ ਸਹਾਇਤਾ ਕਰਨਗੇ। ਇਨਾਂ ਵਿਚ ਉਹ ਕਾਰੋਬਾਰੀ ਆਉਂਦੇ ਹਨ ਜਿਨਾਂ ਦਾ ਵੱਡੀਆਂ ਬੈਂਕਾਂ ਨਾਲ ਲੈਣ ਦੇਣ ਨਹੀਂ ਹੈ। 10 ਅਰਬ ਡਾਲਰ ਦਾਖਲਾ ਫੀਸਾਂ ਲਈ ਰਖੇ ਗਏ ਹਨ। 75 ਅਰਬ ਡਾਲਰ ਹਸਪਤਾਲਾਂ ਦੀ ਸਹਾਇਤਾ ਲਈ ਰਖੇ ਗਏ ਹਨ ਜਦ ਕਿ 25 ਅਰਬ ਡਾਲਰ ਨਵੇਂ ਕੋਰੋਨਾਵਾਇਰਸ ਟੈਸਟਿੰਗ ਪ੍ਰੋਗਰਾਮ ਲਈ ਰਖੇ ਗਏ ਹਨ।

**ਟਰੰਪ ਤੇ ਨਿਊਯਾਰਕ ਦੇ ਗਵਰਨਰ ਕੋਮੋ ਵਿਚਾਲੇ ਮੀਟਿੰਗ :**

ਕੋਰੋਨਾਵਾਇਰਸ ਨਾਲ ਨਜਿੱਠਣ ਤੇ ਅਰਥਵਿਵਸਥਾ ਮੁੜ ਖੋਲਣ ਦੇ ਮਾਮਲੇ ਵਿਚ ਪੈਦਾ ਹੋਏ ਟਕਰਾਅ ਉਪਰੰਤ ਨਿਊਯਾਰਕ ਦੇ ਗਵਰਨਰ ਐਂਡਰੀਊ ਕੋਮੋ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਹੋਈ ਮੀਟਿੰਗ ਸਕਾਰਾਤਮਿਕ ਰਹੀ। ਵਾਈਟ ਹਾਊਸ ਵਿਖੇ ਹੋਈ ਮੀਟਿੰਗ ਵਿਚ ਦੋਵੇਂ ਆਗੂ ਕੋਰੋਨਾਵਾਇਰਸ ਦੇ ਹੋਰ ਟੈਸਟ ਕਰਨ ਲਈ ਸਹਿਮਤ ਹੋਏ ਹਨ।

ਬਾਕੀ ਸਫ਼ਾ 29 'ਤੇ

# ਸ਼ਹੀਦ ਭਗਤ ਸਿੰਘ ਨਗਰ ਕੋਰੋਨਾ ਮੁਕਤ ਹੋਇਆ

**ਚੰਡੀਗੜ/ ਏ.ਟੀ.ਨਿਊਜ਼:** ਜਿਲਾ ਪ੍ਰਸ਼ਾਸਨ ਤੇ ਸਿਹਤ ਵਿਭਾਗ ਦੀ ਅਣਥੱਕ ਮਿਹਨਤ ਨਾਲ ਸ਼ਹੀਦ ਭਗਤ ਸਿੰਘ ਨਗਰ ਕੋਰੋਨਾ ਮੁਕਤ ਹੋਣ ਵਾਲਾ ਪੰਜਾਬ ਦਾ ਪਹਿਲਾ ਜ਼ਿਲਾ ਬਣ ਗਿਆ ਹੈ। ਕੋਰੋਨਾ ਪ੍ਰਭਾਵਿਤ ਇਸ ਜ਼ਿਲੇ ਦਾ ਅਠਾਰਵਾਂ ਮਰੀਜ਼ ਜਸਕਰਨ ਸਿੰਘ ਵੀ ਅੱਜ ਠੀਕ ਹੋਣ ਬਾਅਦ ਘਰ ਰਵਾਨਾ ਹੋ ਗਿਆ।

ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਸਿਹਤਯਾਬ ਹੋਏ ਮਰੀਜ਼ਾਂ ਨੂੰ ਤੰਦਰੁਸਤ ਜੀਵਨ ਦੀਆਂ ਸ਼ੁੱਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਇਸ ਸਾਰੇ ਵਿਅਕਤੀ ਹੁਣ ਕੋਰੋਨਾ ਪ੍ਰਭਾਵਿਤ ਮਰੀਜ਼ਾਂ ਲਈ ਪ੍ਰੇਰਣਾ ਦਾ ਸਰੋਤ ਹਨ ਕਿ ਹਿੰਮਤ ਤੇ ਆਤਮ-ਵਿਸ਼ਵਾਸ਼ ਨਾਲ ਘਾਤਕ ਬਿਮਾਰੀਆਂ ਨੂੰ ਵੀ ਇਨਸਾਨ ਹਰਾ ਸਕਦਾ ਹੈ। ਉਨਾਂ ਦੱਸਿਆ ਕਿ ਜ਼ਿਲੇ ਨੂੰ ਰੈੱਡ ਜ਼ੋਨ 'ਚੋਂ ਗ੍ਰੀਨ ਜ਼ੋਨ 'ਚ ਲਿਜਾਉਣ ਲਈ ਜਿਲਾ ਪ੍ਰਸ਼ਾਸਨ ਸਮੇਤ ਸਿਹਤ ਵਿਭਾਗ ਦੀਆਂ ਟੀਮਾਂ ਨੇ ਦਿਨ-ਰਾਤ ਕੰਮ ਕੀਤਾ ਅਤੇ ਜਿਸ ਲਈ ਵਿਧਾਇਕ ਅੰਗਦ ਸਿੰਘ, ਡਿਪਟੀ ਕਮਿਸ਼ਨਰ ਵਿਨੈ ਬਬਲਾਨੀ, ਐਸ ਐਸ ਪੀ ਅਲਕਾ ਮੀਨਾ, ਸਿਵਲ ਸਰਜਨ ਡਾ. ਰਜਿੰਦਰ ਪਰਸ਼ਾਦ ਵਧਾਈ ਦੇ ਪਾਤਰ ਹਨ ਜਿਨਾਂ ਦੀ ਅਗਵਾਈ ਅਧੀਨ ਸਾਰੇ ਮਰੀਜ਼ ਠੀਕ ਹੋਕੇ ਆਪਣੇ ਘਰ ਪਹੁੰਚੇ ਹਨ।

ਸਿਹਤ ਮੰਤਰੀ ਨੇ ਸ਼ਹੀਦ ਭਗਤ ਸਿੰਘ ਨਗਰ ਜਿਲੇ ਦੇ ਨਿਵਾਸੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਜਿਸ ਤਰਾਂ ਇਥੇ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਕਰਫਿਊ ਦੀ ਪਾਲਣਾ ਕੀਤੀ ਗਈ ਹੈ ਉਹ ਵੀ ਸਾਰੇ ਪੰਜਾਬ ਲਈ ਮਿਸਾਲ ਹੈ। ਉਨਾਂ ਕਿਹਾ ਕਿ ਕੋਰੋਨਾ ਵਿਰੁੱਧ ਇਸ ਲੜਾਈ ਨੂੰ ਆਮ ਜਨਤਾ ਦੇ ਸਹਿਯੋਗ ਨਾਲ ਹੀ ਜਾ ਜਿੱਤਿਆ ਸਕਦਾ ਹੈ ਜੋ ਸ਼ਹੀਦ ਭਗਤ ਸਿੰਘ ਦੇ ਨਗਰ ਨੇ ਕਰਕੇ ਵਿਖਾਇਆ ਹੈ।

ਸਿਹਤ ਵਿਭਾਗ ਦੀ ਮਿਸਾਲੀ ਕਾਰਗੁਜ਼ਾਰੀ ਨੂੰ ਉਜਾਗਰ ਕਰਦਿਆਂ ਉਨਾ ਦੱਸਿਆ ਕਿ 19 ਮਾਰਚ ਤੋਂ 26 ਮਾਰਚ ਤੱਕ ਇੱਕ ਦਮ ਆਏ 18 ਕੋਰੋਨਾ ਮਾਮਲਿਆਂ ਨਾਲ ਇਹ ਇਲਾਕਾ ਕੋਰੋਨਾ ਤੋਂ ਬੁਰੀ ਤਰਾਂ ਪ੍ਰਭਾਵਿਤ ਹੋ ਗਿਆ ਸੀ ਜਿਸ ਕਾਰਣ ਜਿਲਾ ਹਸਪਤਾਲ ਵਿਚ ਵੀ ਤਨਾਅ ਦਾ ਮਾਹੌਲ ਬਣ ਗਿਆ। ਜਿਸ ਉਪਰੰਤ ਵੱਡੀ ਗਿਣਤੀ ਵਿੱਚ ਮਰੀਜ਼ਾਂ ਨੂੰ ਮਿਆਰੀ ਇਲਾਜ ਸੇਵਾਵਾਂ ਮੁਹੱਈਆ ਕਰਵਾਉਣਾ ਇਕ ਚੁਣੌਤੀ ਬਣ ਗਿਆ ਸੀ ਪਰ ਜਿਸ ਤਰਾਂ ਬਹਾਦਰੀ ਅਤੇ ਸੰਜੀਦਗੀ ਨਾਲ ਮੈਡੀਕਲ ਤੇ ਪੈਰਾ-ਮੈਡੀਕਲ ਟੀਮਾਂ ਵਲੋਂ ਮਰੀਜ਼ਾਂ ਦਾ ਧਿਆਨ ਰੱਖਿਆ ਗਿਆ ਉਹ ਕਾਬਿਲੇ ਤਰੀਫ ਹੈ ਜੋ ਭਵਿੱਖ ਵਿਚ ਵੀ ਆਉਣ ਵਾਲੀਆਂ ਪੀੜੀਆਂ ਨੂੰ ਪ੍ਰੇਰਿਤ ਕਰਦਾ ਰਹੇਗਾ।

ਜ਼ਿਕਰਯੋਗ ਹੈ ਕਿ ਐਸ ਐਸ ਪੀ ਅਲਕਾ ਮੀਨਾ ਦੀ ਅਗਵਾਈ ਅਧੀਨ ਸਿਹਤ ਵਿਭਾਗ ਵੱਲੋਂ ਜ਼ਿਲਾ ਹਸਪਤਾਲ ਦੇ ਆਈਸੋਲੇਸ਼ਨ ਵਾਰਡ 'ਚ ਮਰੀਜ਼ਾਂ ਲਈ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ ਤੇ ਫੁੱਲਾਂ ਦੀ ਵਰਖਾ ਕਰਕੇ ਤਾੜੀਆਂ ਨਾਲ ਧੰਨਵਾਦ ਵੀ ਕੀਤਾ ਗਿਆ।

# ਦੁੱਬਈ ਦੀ ਸ਼ਹਿਜਾਦੀ ਹੇਂਦ ਅਲ ਕਾਸਿਮੀ ਦਾ ਬਿਆਨ ਮਨੁੱਖਤਾ ਪੱਖੀ : ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ

**ਪੈਰਿਸ/ ਏ.ਟੀ.ਨਿਊਜ਼:** ਦੁੱਬਈ ਦੀ ਸ਼ਹਿਜ਼ਾਦੀ ਹੇਂਦ ਅਲ ਕਾਸਿਮੀ ਨੇ ਕਰੋਨਾ ਵਾਇਰਸ ਦੇ ਚਲਦੇ ਭਾਰਤ ਵਿਚ ਤਬਲੀਗੀ ਜਮਾਤ ਦੇ ਲੋਕਾਂ ਵਿਰੁੱਧ ਨਫਰਤ ਫੈਲਾਉਣ ਦੇ ਕੋਝੇ ਯਤਨਾਂ ਨੂੰ ਸਖਤੀ ਨਾਲ ਖਤਮ ਕਰਨ ਦੇ ਸੰਕੇਤ ਦਿੱਤੇ ਹਨ। ਦੁਬਈ ਵਿਚ ਜਿਥੇ ਅਜਿਹੇ ਲੋਕਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਉਥੇ ਉਹਨਾਂ ਨੂੰ ਉਹਨਾਂ ਦੇ ਮੁਲਕਾਂ ਵਿਚ ਵਾਪਸ ਭੇਜਿਆ ਜਾਵੇਗਾ। ਯਾਦ ਰਹੇ ਪਿਛਲੇ ਦਿਨੀਂ ਮੁਸਲਮਾਨਾਂ ਦੇ ਇਕ ਵਰਗ ਦੇ ਦਿੱਲੀ ਵਿਚ ਹੋਏ ਧਾਰਮਿਕ ਸਮਾਗਮ ਵਿਚ ਦੁਨੀਆਂ ਤੋ ਸ਼ਾਮਲ ਹੋਣ ਆਏ ਲੋਕਾਂ ਦੇ ਸਮੂੰਹ ਵਿਚੋ ਕਰੋਨਾਵਾਇਰਸ ਦੇ ਪੋਜੀਟਿਵ ਮਰੀਜ਼ਾਂ ਦੀ ਪੁਸ਼ਟੀ ਹੋਈ ਸੀ। ਜੋ ਇਲਾਜ਼ ਲਈ ਹਸਪਤਾਲਾਂ ਵਿਚ ਦਾਖਲ ਨਹੀਂ ਹੋਏ। ਜਿਸ ਨਾਲ ਬਹੁ ਭਾਰਤੀ ਮੀਡੀਆ ਵਲੋਂ ਧਰਮ ਦੇ ਅਧਾਰ ਨੂੰ ਲੈ ਕੇ ਨਫਰਤ ਫੈਲਾਈ ਜਾ ਰਹੀ ਹੈ। ਇਕ ਖਾਸ ਵਰਗ ਵਲੋਂ ਭਾਰਤ ਵਿਚ ਸਾਰੀਆਂ ਘੱਟ ਗਿਣਤੀਆਂ ਵਿਰੁਧ ਕਰੋਨਾਵਾਇਰਸ ਦੀ ਆੜ ਵਿਚ ਸ਼ੋਸਲ ਮੀਡੀਆ ਅਤੇ ਟੀ ਵੀ ਚੈਨਲਾਂ ਉਪਰ ਧਾਰਮਿਕ ਪਹਿਚਾਣ ਦੇ ਕੇ ਨਫਰਤ ਪੈਦਾ ਕਰਨ ਦੇ ਯਤਨ ਜਾਰੀ ਹਨ। ਇਸੇ



ਤਰਾਂ ਹੀ ਪੰਜਾਬ ਵਿਚ ਵੀ ਇਕ ਐਨ ਆਰ ਆਈਜ਼ ਨੂੰ ਕਰੋਨਾਵਾਇਰਸ ਪੋਜੀਟੀਵ ਮਰੀਜ਼ ਦੇ ਨਾਂ ਹੇਠ ਬਦਨਾਮ ਕਰਨ ਵਿਚ ਕੇਂਦਰੀ ਮੀਡੀਆ ਨੇ ਵੱਡਾ ਰੋਲ ਅਦਾ ਕੀਤਾ। ਜਿਸ ਨਾਲ ਵਿਦੇਸ਼ਾਂ ਵਿਚ ਵਸਦੇ ਲੋਕਾਂ ਵਿਚ ਸਰਕਾਰ ਅਤੇ ਮੀਡੀਆ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਰਪ ਵਲੋ ਸ. ਜਸਪਾਲ ਸਿੰਘ ਪੰਨੂੰ, ਸ. ਜਗਜੀਤ ਸਿੰਘ ਚੀਮਾਂ, ਸ. ਤਲਵਿੰਦਰ ਸਿੰਘ ਮਾਵੀ, ਸ. ਹਰਜਾਪ ਸਿੰਘ ਸੰਘਾ, ਸ. ਰਾਜਬੀਰ ਸਿੰਘ ਡਾ, ਸ.ਬਲਦੇਵ ਸਿੰਘ ਸ਼ਾਹਕੋਟ, ਸ. ਜਗਦੀਸ਼ ਸਿੰਘ ਫਤਹਿ ਗੜ ਸਾਹਿਬ, ਸ. ਨਿਹਾਲ ਸਿੰਘ ਸੁਭਾਨਪੁਰ, ਸ. ਹਰਜਾਪ ਸਿੰਘ ਸਰੋਆ ਅਤੇ ਸ. ਦਲਵਿੰਦਰ ਸਿੰਘ ਘੁੰਮਣ ਵਲੋਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਦੁਨੀਆਂ ਉਪਰ ਆਈ ਭਿਆਨਕ ਮਹਾਂਮਾਰੀ ਨਾਲ ਰੋਜ਼ਾਨਾ ਹਜਾਰਾਂ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ। ਰੱਬ ਰੂਪੀ ਡਾਕਟਰਾਂ ਦੀਆਂ ਸਿਹਤ ਸੇਵਾਵਾਂ ਦਿੰਦਿਆਂ ਮੌਤਾਂ ਹੋ ਰਹੀਆਂ ਹਨ। ਸਾਰੀ ਲੋਕਾਈ ਦਾ ਧਿਆਨ ਇਸ ਬਿਮਾਰੀ ਨਾਲ ਨਜਿੱਠਣ ਲਈ ਲੱਗਾ ਹੋਇਆ ਹੈ। ਇਹਨਾਂ ਹਾਲਤਾਂ ਵਿੱਚ ਮਨੁੱਖਤਾ ਦੀ ਭਲਾਈ ਲਈ ਅਵਾਜ਼ ਉੱਠਣੀ ਚਾਹੀਦੀ ਹੈ। ਭਾਰਤ ਦੀ ਪਹਿਲਾਂ ਤੋ ਹੀ ਡਿੱਗ ਰਹੀ ਆਰਥਿਕ ਹਾਲਤ ਬੜੀ ਮਾੜੀ ਹਾਲਤ ਵਿਚ ਪਹੁੰਚ ਗਈ ਹੈ। ਅਗਰ ਇਸ ਸਮੇਂ ਦੁਬਈ ਸਰਕਾਰ ਵਲੋਂ ਕੋਈ ਸਖਤ ਕਦਮ ਚੁੱਕਦਿਆਂ ਉਥੇ ਰਹਿੰਦੇ ਭਾਰਤੀ ਬਸ਼ਿੰਦਿਆ ਨੂੰ ਵਾਪਸ ਭਾਰਤ ਨੂੰ ਭੇਜਣੇ ਸੁਰੂ ਕਰ ਦਿੱਤੇ ਤਾਂ ਭਾਰਤ ਵਿਚ ਵਧੀ ਬੇਰੁਜ਼ਗਾਰੀ ਵਿਚ ਹੋਰ ਵਾਧਾ ਹੋਣ ਦੇ ਨਾਲ ਨਾਲ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਉਪਰ ਵੀ ਬੁਰੇ ਅਸਰ ਪੈਣ ਦੀ ਸੰਭਾਵਨਾ ਹੈ। ਇਸ ਤੋ ਵੀ ਪਹਿਲਾ ਦਿੱਲੀ ਵਿਚ ਮੁਸਲਮਾਨਾਂ ਦੀ ਹੋਈ ਨਸਲਕੁਸ਼ੀ ਲਈ ਇਰਾਨ ਦੀ ਸਰਕਾਰ ਦੇ ਵਿਦੇਸ਼ ਮੰਤਰੀ ਜ਼ਰੀਫ ਨੇ ਕਿਹਾ ਸੀ ਕਿ " ਇਰਾਨ ਭਾਰਤੀ ਮੁਸਲਮਾਨਾਂ ਦੇ ਖਿਲਾਫ ਸੰਗਠਿਤ ਲਹਿਰ ਦੀ ਨਿੰਦਾ ਕਰਦਾ ਹੈ। ਸਦੀਆਂ ਤੋਂ ਇਰਾਨ ਭਾਰਤ ਦਾ ਮਿੱਤਰ ਰਿਹਾ ਹੈ। ਅਸੀ ਭਾਰਤੀ ਅਧਿਕਾਰੀਆਂ ਤੋ ਸਾਰੇ ਭਾਰਤੀਆ ਲਈ ਰੱਖਿਆ ਦੇ ਸਖਤ ਪ੍ਰਬੰਧਾਂ ਦੀ ਵਚਨਬੱਧਤਾ ਚਾਹੁੰਦੇ ਹਾਂ"। ਵਿਦੇਸ਼ਾਂ ਵਿਚ ਰਹਿੰਦੇ ਕਰੋੜਾਂ ਭਾਰਤੀਆਂ ਨੂੰ ਸਨਮਾਨ ਪੂਰਵਕ ਜੀਵਨ ਮਿਲਿਆ ਹੈ। ਭਾਰਤ ਵਿਚ ਨਫਰਤ ਦਾ ਅਸਰ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆ ਉਪਰ ਵੀ ਪੈ ਸਕਦਾ ਹੈ। ਧਾਰਮਿਕ ਮੁੱਦੇ ਬਹੁਤ ਸੰਵੇਦਨਸ਼ੀਲਤਾਂ ਮੰਗਦੇ ਹਨ। ਭਾਰਤ ਸਰਕਾਰ ਨੂੰ ਪਹਿਲ ਦੇ ਅਧਾਰ ਤੇ ਘੱਟ ਗਿਣਤੀਆਂ ਖਿਲਾਫ ਹੋ ਰਹੀਆਂ ਕੋਝੀਆਂ ਹਰਕਤਾਂ ਅਤੇ ਨਫਰਤਾਂ ਨੂੰ ਪਹਿਲ ਦੇ ਅਧਾਰ ਤੇ ਖਤਮ ਕਰਨ ਲਈ ਸਖਤ ਕਦਮ ਚੁੱਕਣ ਦੀ ਫੌਰੀ ਕਾਰਵਾਈ ਕਰਨੀ ਚਾਹੀਦੀ ਹੈ। ਤਾਂ ਕਿ ਨਫਰਤ ਫੈਲਾਉਣ ਵਾਲਿਆਂ ਲਈ ਮਿਸਾਲ ਬਣੇ।















Affordable and Reliable

**Legal Document Preparation**



- Wills & Trusts ਵਸੀਅਤਾਂ
- Immigration ਇੰਮੀਗਰੇਸ਼ਨ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

**510-648-5554**

dolly@worryfreelegaldocs.com
www.worryfreelegaldocs.com
Not an Attorney

Dolly (Sarvinder Kaur)

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

**NJ Truck Lines**




**OWNER OPERATORS and DRIVERS**

- Dry vans only
- Grater Midwest area/East /Tx
- Phoenix/Portland
- Competitive Rates
- Next Day Pay
- Fuel card/Fuel Discounts
- Dispatch With Rate Confirmation copy
- No Forced Dispatch

**APPLY TODAY**

CALL: 209 341 9196
dispatch@njtruckline.com

**Homeopathicvibes**

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087
Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538
www.homeopathicvibes.com

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA** (367-7252)
**www.RajaSweets.com**

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**PARADISE BALLROOMS**

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

SERVICES INCLUDE

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# ਖ਼ਾਲਸਾ ਧੜਾ ਸੰਗਤ ਵਿੱਚ ਆਪਣਾ ਵੱਕਾਰ ਗੁਆ ਬੈਠਾ ਹੈ : ਸਿੱਖ ਪੰਚਾਇਤ

**ਫਰੀਮੌਂਟ/ਏ.ਟੀ.ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਚੋਣਾਂ ਵਿਚ ਖ਼ਾਲਸਾ ਧੜੇ ਨੂੰ ਗੈਰ ਸਿਧਾਂਤਕ ਗਠਜੋੜ ਦੇ ਬਾਵਜੂਦ ਵੀ ਬੁਰੀ ਤਰਾਂ ਹਾਰ ਦਾ ਮੂੰਹ ਦੇਖਣਾ ਪਿਆ ਹੈ। ਇਨਾਂ ਦੀ ਹਾਰ ਦਾ ਮੁੱਖ ਕਾਰਨ ਐਸ.ਪੀ. ਸਿੰਘ ਜੋ ਜਾਅਲੀ ਰੇਡੀਓ ਮਿਰਚੀ ਚਲਾਉਂਦਾ ਹੈ, ਉਸ ਵਲੋਂ ਲਿਖੀ ਭੱਦੀ ਸ਼ਬਦਾਵਲੀ ਤੇ ਬਿਨਾਂ ਸਬੂਤ, ਸਨਸਨੀਖੇਜ ਖ਼ਬਰਾਂ ਬਣਾਉਣ ਦੀ ਕੋਸ਼ਿਸ਼ ਹੋ ਨਿਬੜੇ ਹਨ। ਇਹਨਾਂ ਵੱਲੋਂ ਸੰਗਤ ਨੂੰ ਝੂਠ ਬੋਲ ਕੇ ਗੁੰਮਰਾਹ ਕਰਨ ਦੀਆਂ ਖ਼ਬਰਾਂ ਨੂੰ ਸਿੱਖ ਪੰਚਾਇਤ ਸਬੂਤਾਂ ਸਹਿਤ ਨਕਾਰ ਦੀ ਰਹੀ ਹੈ ਜਿਸ ਕਰਕੇ ਖ਼ਾਲਸਾ ਧੜਾ ਸੰਗਤ ਵਿੱਚ ਆਪਣਾ ਵੱਕਾਰ ਗੁਆ ਬੈਠਾ ਹੈ।ਇਸ ਵਲੋਂ ਗੁਰਦੁਆਰਿਆਂ ਤੋਂ ਪੈਸੇ ਉਗਰਾਹੁਣ ਲਈ ਇਸ ਨੇ ਹੁਣ ਇਕ ਅਖ਼ਬਾਰ ਵੀ ਚਲਾ ਲਿਆ ਹੈ। ਕੱਲ ਦੇ ਅਖ਼ਬਾਰ ਵਿਚ ਇਸ ਨੇ ਸਿੱਖ ਪੰਚਾਇਤ ਵਿਰੁਧ ਖ਼ਬਰ ਲਾਈ ਹੈ ਜਿਸ ਦਾ ਸਿਰਲੇਖ ਆਪਣੇ ਆਪ ਵਿਚ ਹੀ ਕਿਸੇ ਪੱਤਰਕਾਰੀ ਦੇ ਨਿਯਮਾਂ ਵਿਚ ਨਹੀਂ ਆਉਂਦਾ।

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥

**ਮੁਰਦਾ ਬੋਲੂ ਕੱਫਣ ਪਾੜੂ ! ਚੇਲਾ ਪੰਚਾਇਤ ਜਦ ਵੀ ਬੋਲਦੀ ਹੈ ਤਾਂ ਕੁਫ਼ਰ ਤੋਲਦੀ ਹੈ !**

ਖ਼ਬਰ ਵਿਚ ਲਿਖਿਆ ਹੈ ਕਿ ਹਰਜੀਤ ਸਿੰਘ ਨੇ ਦਬਾਅ ਹੇਠ ਆ ਕੇ ਲੋਕਾਂ ਦੇ ਘਰ ਚਿੱਠੀਆਂ ਨਹੀਂ ਪਾਈਆਂ ਜੋ ਗੁਰਦੁਆਰੇ ਵਲੋਂ ਪਾਉਣੀਆਂ ਸਨ ਅਤੇ ਇਲਜਾਮ ਲਾਇਆ ਹੈ ਕਿ ਗੁਰਦੁਆਰੇ ਦੀਆਂ ਚਿੱਠੀਆਂ ਨਾ ਭੇਜ ਕੇ ਸਿੱਖ ਪੰਚਾਇਤ ਨੇ ਆਪਣੀਆਂ ਚਿੱਠੀਆਂ ਪਾ ਦਿੱਤੀਆਂ। ਅਸੀਂ ਹਰ ਵਾਰ ਦੀ ਤਰਾਂ ਸਬੂਤ ਤੋਂ ਬਿਨਾਂ ਕੁਝ ਨਹੀਂ ਲਿਖਦੇ ਅਤੇ ਇਸ ਕਰਕੇ ਹੀ ਇਨਾਂ ਦੇ ਝੂਠ ਦਾ ਪਰਦਾਫਾਸ਼ ਹੁੰਦਾ ਰਿਹਾ ਹੈ।ਤੁਸੀਂ ਇਸ ਚਿੱਠੀ ਵਿਚ ਦੇਖੋ ਕਿ ਸਿੱਖ ਸੰਗਤ ਬੇ-ਏਰੀਏ ਨੇ ਵੀ ਲੋਕਾਂ ਦੇ ਘਰਾਂ ਵਿਚ ਚਿੱਠੀਆਂ ਪਾਈਆਂ ਸਨ।




ਚੋਣਾਂ ਵਿਚ ਭਾਗ ਲੈਣ ਵਾਲੀਆਂ ਦੋਹਾਂ ਪਾਰਟੀਆਂ ਨੇ ਹੀ ਚਿੱਠੀਆਂ ਪਾਈਆਂ ਤਾਂ ਗੁਰਦੁਆਰਾ ਸਾਹਿਬ ਦਾ ਪੈਸਾ ਬਰਬਾਦ ਕਰਨ ਦਾ ਕੋਈ ਮਤਲਬ ਨਹੀਂ ਸੀ ਬਣਦਾ।

ਯਾਦ ਰਹੇ, ਖ਼ਾਲਸਾ ਧੜੇ ਨੇ ਆਪਣੀਆਂ ਬੇਬੁਨਿਆਦ ਸ਼ਰਤਾਂ ਰੱਖਦੇ ਹੋਏ ਗੁਰਦੁਆਰਾ ਸਾਹਿਬ ਦਾ 12-15,000 ਡਾਲਰ ਇਨਾਂ ਚੋਣਾਂ ਵਿਚ ਲੁਆਇਆ ਹੈ ਤੇ ਇਹ ਸਾਰੀਆਂ ਸ਼ਰਤਾਂ ਹਰਜੀਤ ਸਿੰਘ ਵਲੋਂ ਹੀ ਰੱਖੀਆਂ ਸਨ। ਉਹ ਏਨਾ ਬੱਚਾ ਨਹੀਂ ਜੋ ਡਰ ਕੇ ਚਿੱਠੀਆਂ ਪਾਉਣੀਆਂ ਕੈਂਸਲ ਕਰ ਗਿਆ। ਦੇਖੋ; ਹਰਜੀਤ ਸਿੰਘ, ਐਚ.ਪੀ. ਸਿੰਘ ਨੂੰ ਟੈਕਸਟ ਕਰਦਾ ਹੈ ਕਿ ਰੋਡ ਰਨਰ ਨੂੰ ਈਮੇਲ ਪਾ ਕੇ ਚਿੱਠੀਆਂ ਭੇਜਣਾਂ ਕੈਂਸਲ ਕਰ ਦਿਓ ਅਤੇ ਉਸ ਤੋਂ ਬਾਅਦ ਹੀ ਐਚ.ਪੀ. ਸਿੰਘ ਨੇ ਈਮੇਲ ਪਾ ਕੇ ਚਿੱਠੀਆਂ ਕੈਂਸਲ ਕੀਤੀਆਂ ਸਨ।

ਇਹਨਾਂ ਦੇ ਹਾਰਨ ਦਾ ਦੂਜਾ ਮੁੱਖ ਕਾਰਨ ਐਸ ਪੀ ਦਾ ਇਸ ਏਰੀਏ ਵਿੱਚ ਵਕਾਰ ਮਾੜਾ ਹੋਣਾ ਵੀ ਹੈ। ਐਸ.ਪੀ. ਸਿੰਘ ਜਦੋਂ ਦਾ ਅਮਰੀਕਾ ਵਿਚ ਆਇਆ ਹੈ, ਇਸ 'ਤੇ ਪੁਲਿਸ ਦੀ ਟਾਊਟੀ ਕਰਨ ਦੇ ਇਲਜਾਮ ਲਗਦੇ ਰਹਿੰਦੇ ਹਨ। ਇਹ ਸੈਂਟਾਂ ਕਲਾਰਾ ਟ੍ਰੈਵਲ ਏਜੰਟ ਦਾ ਕੰਮ ਕਰਦਾ ਸੀ ਅਤੇ ਭਾਈ ਹਰਪਾਲ ਸਿੰਘ ਚੀਮਾ ਇਸ ਤੋਂ ਹੀ ਟਿੱਕਟ ਲੈ ਕੇ ਗਿਆ ਸੀ। ਉਹਨਾਂ ਦਿਨਾਂ ਵਿੱਚ ਕੰਪਿਊਟਰ ਨਹੀਂ ਸਨ ਹੁੰਦੇ ਤੇ ਟਿੱਕਟਾਂ ਵੀ ਹੱਥ ਨਾਲ ਲਿਖੀਆਂ ਹੀ ਹੁੰਦੀਆਂ ਸਨ। ਬਿਨਾਂ ਇਤਲਾਹ ਕੋਈ ਬੰਦਾ ਏਅਰ ਪੋਰਟ ਤੇ ਫੜਿਆ ਨਹੀਂ ਸੀ ਜਾ ਸਕਦਾ ਅਤੇ ਜਾਣ ਤੋਂ ਪਹਿਲਾਂ ਭਾਈ ਚੀਮਾ ਨੇ ਕਿਸੇ ਹੋਰ ਨੂੰ ਨਹੀਂ ਸੀ ਦੱਸਿਆ। ਜਦੋਂ ਭਾਈ ਹਰਪਾਲ ਸਿੰਘ ਚੀਮਾ ਬੰਬਈ ਉੱਤਰੇ ਹੀ ਉਸਨੂੰ ਜਹਾਜ਼ ਵਿੱਚ ਹੀ ਪੁਲਿਸ ਵਾਲੇ ਫੜਨ ਆ ਗਏ। ਇਸਤੋਂ ਬਿਨਾਂ ਇਹਨਾਂ ਦੇ ਗਰੁੱਪ ਤੇ ਭਾਈ ਰਛਪਾਲ ਸਿੰਘ ਫ਼ੌਜੀ ਨੂੰ ਸ਼ਹੀਦ ਕਰਾਉਣ ਦੇ ਇਲਜ਼ਾਮ ਲੱਗਦੇ ਹਨ।

ਇਸੇ ਤਰਾਂ ਇਸ ਨੇ ਫਰੀਮੌਂਟ ਪੁਲਿਸ ਕੋਲ ਜਾ ਕੇ ਜਸਜੀਤ ਸਿੰਘ ਵਿਰੁਧ ਵੀ 2003 ਵਿਚ ਟਾਊਟੀ ਕੀਤੀ ਸੀ। ਜਿਸ ਬਾਰੇ ਜਸਜੀਤ ਸਿੰਘ ਨੇ ਅਖ਼ਬਾਰਾਂ ਵਿਚ ਤੇ ਫੇਸਬੁੱਕ ਤੇ ਏਨੀ ਵਾਰੀ ਸੁਆਲ ਪੁੱਛੇ ਹਨ ਪਰ ਇਸ ਨੇ ਚੁੱਪ ਧਾਰੀ ਹੋਈ ਹੈ।

# ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ ਵਲੋਂ ਪਟਿਆਲਾ ਵਿੱਚ ਨਿਹੰਗ ਸਿੰਘਾਂ ਅਤੇ ਪੁਲਿਸ ਵਿਚਕਾਰ ਵਾਪਰੀ ਘਟਨਾ ਤੇ ਅਫਸੋਸ ਜਾਹਿਰ

**ਨਿਊਯਾਰਕ/ਰਾਜ ਗੋਗਨਾ:** ਅੱਜਕਲ ਦੇ ਚਲ ਰਹੇ ਭਿਆਨਕ ਸਮੇਂ ਵਿੱਚ ਜਿੱਥੇ ਪੂਰੀ ਦੁਨੀਆਂ ਦੀ ਮਨੁੱਖਤਾ ਨੂੰ ਕੋਰੋਨਾ ਨਾਮੀਂ ਵਾਇਰਸ ਨੇ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ।ਹਰ ਦੇਸ਼ ਦੀ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਇਸ ਦੀ ਲਪੇਟ ਵਿੱਚ ਆਉਣ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ ਵਿੱਚ ਲੱਗੀਆਂ ਹੋਈਆਂ ਹਨ।ਇਸ ਸਮੇਂ ਅਮਰੀਕਾ ਵਰਗਾ ਸਾਰੀਆਂ ਸਹੂਲਤਾਂ ਨਾਲ ਭਰਭੂਰ ਤੇ ਵਿਕਸਤ ਦੇਸ਼ ਵੀ ਪੂਰੀ ਦੁਨੀਆਂ ਤੋਂ ਵੱਧ ਪ੍ਰਭਾਵਤ ਹੋਇਆ ਹੈ।ਜੇ ਅਸੀਂ ਪੰਜਾਬ ਵਿਚਲੇ ਹਾਲਾਤਾਂ ਵੱਲ ਨਜਰ ਮਾਰੀਏ ਤਾਂ ਸਰਕਾਰ ਵਲੋਂ ਲੋਕਾਂ ਨੂੰ ਕਰਫਿਊ ਲਾ ਕੇ ਘਰਾਂ ਵਿੱਚ ਬੰਦ ਕੀਤਾ ਹੋਇਆ ਹੈ। ਇਸ ਸਥਿੱਤੀ ਵਿੱਚ ਲੋਕ ਮੈਡੀਕਲ ਤੇ ਐਮਰਜੈਂਸੀ ਲੋੜਾਂ ਜਾਂ ਹੋਰ ਜ਼ਰੂਰੀ ਲੋੜਾਂ ਵਾਸਤੇ ਬਾਹਰ ਨਿਕਲਦੇ ਹਨ ਤਾਂ ਬਹੁਤ ਥਾਵਾਂ ਤੇ ਪੁਲਿਸ ਵਲੋਂ ਆਮ ਲੋਕਾਂ ਨਾਲ ਜਿਆਦਤੀ ਕੀਤੇ ਜਾਣ ਦੀਆਂ ਸ਼ੋਸ਼ਲ ਮੀਡੀਏ ਰਾਹੀਂ ਖਬਰਾਂ ਬਾਹਰ ਆਈਆਂ ਹਨ। ਜਿਸ ਵਿੱਚ ਬੱਚਿਆਂ,ਬੀਬੀਆਂ ਤੇ ਬਜੁਰਗਾਂ ਨੂੰ ਵੀ ਨਹੀਂ ਬਖਸ਼ਿਆ ਗਿਆ।ਰੋਸ ਗੱਲ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਦ ਨੇ ਪਟਿਆਲੇ ਵਾਲੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਘਟਨਾ ਵੀ ਇਨਾਂ ਹਾਲਾਤਾਂ ਵਿੱਚੋਂ ਹੀ ਉੱਪਜੀ ਹੈ।ਇਹ ਘਟਨਾਂ ਵਾਪਰਨ ਤੋਂ ਰੋਕੀ ਜਾ ਸਕਦੀ ਸੀ ਜੇ ਉਥੇ ਪੁਲਿਸ ਸਾਵਧਾਨੀ ਵਰਤਦੀ।ਅਸੀਂ ਇਸ ਘਟਨਾ ਵਿੱਚ ਪੰਜਾਬ



ਪੁਲਿਸ ਦੇ ਅਫਸਰ ਦੇ ਹੱਥ ਕੱਟੇ ਜਾਣ ਦਾ ਵੀ ਅਫਸੋਸ ਜਾਹਿਰ ਕਰਦੇ ਹਾਂ। ਪਰ ਜੋ ਇਥੇ ਪੁਲਿਸ ਵਲੋਂ ਨਿਹੰਗ ਸਿੰਘਾਂ ਤੇ ਕਾਰਵਾਈ ਕੀਤੀ ਜਾਣੀ ਤੇ ਉਨਾਂ ਦੇ ਡੇਰੇ ਵਿੱਚ ਜਾ ਕਿ ਉਨਾਂ ਤੋਂ ਇਲਾਵਾ ਕੁਝ ਹੋਰ ਸਿੰਘਾਂ ਤੇ ਬੀਬੀਆਂ ਨੂੰ ਹਿਰਾਸਤ ਵਿੱਚ ਲੈਣਾ ਅਤੇ ਉਨਾਂ ਤੇ ਤਸ਼ਦਦ ਕਰਨਾ ਤੇ ਝੂਠੇ ਕੇਸ ਪਾਉਣੇ ਵੀ ਅਤਿ ਨਿੰਦਣ ਯੋਗ ਹਨ। ਇਸ ਤੋਂ ਅੱਗੇ ਪੁਲਿਸ ਵਲੋਂ ਜਦ ਉਨਾਂ ਸਿੰਘਾਂ ਨੂੰ ਕੋਰਟ ਵਿੱਚ ਪੇਸ਼ ਕੀਤਾ ਤਾਂ ਉਨਾਂ ਦੀਆਂ ਦਸਤਾਰਾਂ ਵੀ ਸਿਰਾਂ ਤੇ ਨਹੀਂ ਰਹਿਣ ਦਿੱਤੀਆਂ ਅਤੇ ਕਿਹਾ ਕਿ ਇਹ ਉਨਾਂ ਦਾ ਧਾਰਮਿਕ ਹੱਕ ਸੀ ਉਹਨਾਂ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਦੀ ਭਰਪੂਰ ਸ਼ਬਦਾਂ ਚ'ਨਿਖੇਧੀ ਕੀਤੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਮੀਡੀਆ ਨਾਲ ਜੁੜੇ ਹੋਏ ਲੋਕਾਂ ਜਿੰਨਾਂ ਵਿੱਚ ਵਿਸ਼ੇਸ਼ ਤੌਰ ਤੇ ਭੁਪਿੰਦਰ ਸਿੰਘ ਸੱਜਣ ਹੁਸ਼ਿਆਰਪੁਰ ਨੂੰ ਵੀ ਪੁਲਿਸ ਵਲੋਂ ਚੁੱਕੇ ਜਾਣ ਦੀ ਵੀ ਨਿਖੇਧੀ ਕੀਤੀ ਹੈ।ਅਤੇ ਅਸੀਂ ਇਸ ਮਹਾਂਮਾਰੀ ਵਿੱਚ ਪ੍ਰਸਾਸ਼ਨ ਤੇ ਪੁਲਿਸ ਤੇ ਲੋਕਾਂ ਨੂੰ ਅਪੀਲ ਵੀ ਕਰਦੇ ਹਾਂ ਕਿ ਆਪ ਸਭ ਨੂੰ ਆਪਸੀ ਸਹਿਯੋਗ ਵਧਾਉਣਾ ਚਾਹੀਦਾ ਹੈ ਤਾਂ ਕਿ ਮੁੜ ਪਟਿਆਲੇ ਵਰਗੀਆਂ ਘਟਨਾਵਾਂ ਨਾਂ ਵਾਪਰਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਅੱਜ ਯੂ ਐਨ ਓ ਵਿੱਚ ਇਕ ਅਰਜਿੰਟ ਅਪੀਲ ਬੀਬੀ ਸੁਖਪ੍ਰੀਤ ਕੌਰ ਦਾ ਹਵਾਲਾ ਦੇ ਕੇ ਹਿਊਮਨ ਰਾਈਟਸ ਵਰਕਿੰਗ ਗਰੁੱਪ ਆਨ (arbitrary detention) ਵਿੱਚ ਪਾਈ ਗਈ ਹੈ। ਸ:ਖੜੌਦ ਨੇ ਕਿਹਾ,ਅਸੀ ਇਥੇ ਦੱਸਣਾਂ ਚਾਹੁੰਦੇ ਹਾਂ ਕਿ ਬੀਬੀ ਸੁਖਪ੍ਰੀਤ ਕੌਰ ਅਤੇ ਕੁਝ ਹੋਰਾਂ ਤੇ ਝੂਠੇ ਕੇਸ ਪਾਕੇ ਅਤੇ ਗਲਤ ਧਰਾਵਾਂ ਲਾਕੇ ਪੁਲਿਸ ਵਲੋਂ ਪਟਿਆਲਾ ਵਾਲੀ ਘਟਨਾ ਵਿੱਚ ਸ਼ਾਮਿਲ ਕੀਤਾ ਗਿਆ ਹੈ। ਪਾਈ ਗਈ ਅਪੀਲ ਵਿੱਚ ਪੰਜਾਬ ਪੁਲਿਸ ਵਲੋਂ ਪਾਏ ਝੂਠੇ ਕੇਸਾਂ ਨੂੰ ਵੀ ਦਰਜ ਕਰਵਾਇਆ ਗਿਆ ਹੈ।

# ਜਾਹਨ ਗੈਰਾਮੈਂਡੀ ਅਤੇ ਸੈਨੇਟਰ ਪੈਟ ਟੂਮੀ ਵੱਲੋਂ ਖਾਲਸੇ ਦੇ ਸਾਜਨਾ ਦਿਵਸ ਦੀਆਂ ਮੁਬਾਰਕਾਂ



**ਵਾਸ਼ਿੰਗਟਨ ਡੀ.ਸੀ./ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕਨ ਸਿੱਖ ਕੰਗਰੈਸ਼ਨਲ ਕਾਕਸ ਦੇ ਸਹਿ-ਚੇਅਰਮੈਨ ਕਾਂਗਰਸਮੈਨ ਜਾਹਨ ਗੈਰੀਮੈਂਡੀ ਅਤੇ ਅਮਰੀਕਨ ਕੰਗਰੈਸ਼ਨਲ ਸਿੱਖ ਕਾਕਸ ਕਮੇਟੀ ਦੇ ਹੋਰ ਕਾਂਗਰਸਮੈਨਾਂ ਜਿਮ ਕੋਸਟਾ, ਟੀ.ਜੇ. ਕਾਕਸ ਤੇ ਅਮਰੀਕੀ ਸੈਨੇਟਰ ਪੈਟ ਟੂਮੀ ਨੇ ਅਮਰੀਕੀ ਸੈਨੇਟ ਵੱਲੋਂ ਵਿਸਾਖੀ ਨੂੰ ਸਲਾਨਾ ਮਾਨਤਾ ਪੇਸ਼ ਕਰਨ ਵਾਸਤੇ ਲੀਡ ਲੈਂਦਿਆਂ ਸਿੱਖ ਕੌਮ ਨੂੰ ਖਾਲਸੇ ਦੇ 321ਵੇਂ ਸਾਜਨਾ ਦਿਵਸ ਦੀ ਲੱਖ ਲੱਖ ਮੁਬਾਰਕ ਪੇਸ਼ ਕੀਤੀ ਹੈ। ਜਾਹਨ ਗੈਰੀਮੈਂਡੀ ਨੇ ਕਿਹਾ ਕਿ ਸਿੱਖ ਕੈਲੇਫੋਰਨੀਆ, ਅਮਰੀਕਾ ਤੇ ਸੰਸਾਰ ਭਰ ਵਿਚ ਵਿਸਾਖੀ ਭਾਵ ਖਾਲਸੇ ਦਾ ਸਾਜਨਾ ਦਿਵਸ ਸੇਵਾ ਦੇ ਰੂਪ ਵਿਚ ਮਨਾ ਰਿਹਾ ਹੈ, ਪਰ ਇਸ ਵਾਰ ਕੋਵਿਡ 19 ਕਰਕੇ ਗੁਰਦੁਆਰਾ ਸਾਹਿਬਾਨਾਂ ਵਿਚ ਭਾਰੀ ਇਕੱਠ ਨਹੀਂ ਹੋ ਪਾਉਣੇ, ਨਗਰ ਕੀਰਤਨ ਨਹੀਂ ਸਜਾ ਹੋਣੇ। ਇਸ ਵਾਸਤੇ ਸਿੱਖ ਕੋਵਿਡ 19 ਤੋਂ ਪ੍ਰਭਾਵਤ ਅਮਰੀਕੀਆਂ ਨੂੰ ਬਿਨਾ ਕਿਸੇ ਭੇਤ ਭਾਵ ਤੇ ਊਚ ਨੀਚ ਦੇ ਲੰਗਰ ਵੰਡਕੇ ਸੇਵਾ ਕਰ ਰਹੇ ਹਨ ਜੋ ਕਿ ਸਿੱਖ ਧਰਮ ਦੀ ਬੁਨਿਆਦ ਹੈ. ਜਿਸ ਵਾਸਤੇ ਪੂਰਾ ਅਮਰੀਕੀ ਪ੍ਰਸ਼ਾਸ਼ਨ ਸਿੱਖਾਂ ਦਾ ਰਿਣੀ ਹੈ। ਖਾਸ ਤੌਰ ਉਤੇ ਨਿਊਯਾਰਕ ਵਿਚ ਸਿੱਖਾਂ ਵੱਲੋਂ 50 ਹਜਾਰ ਖਾਣੇ ਵੰਡੇ ਗਏ ਹਨ, ਜੋ ਕਿ ਸੇਵਾ ਦਾ ਬਹੁਤ ਵਡਾ ਕਾਰਜ ਹੈ। ਸਿੱਖ ਡਾਕਟਰਾਂ, ਨਰਸਾਂ ਤੇ ਹੋਰ ਮੈਡੀਕਲ ਸੇਵਾਵਾਂ ਕਰ ਰਹੇ ਸਿੱਖਾਂ ਨੇ ਪੂਰੀ ਤਨਦੇਹੀ ਨਾਲ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਕਰੋਨਾ ਵਾਇਰਸ ਤੋਂ ਪਰਭਾਵਤ ਮਰੀਜਾਂ ਦੀ ਸੇਵਾ ਕੀਤੀ ਹੈ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ, ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ, ਅਮਰੀਕਨ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਹਰਪਰੀਤ ਸਿੰਘ ਸੰਧੂ ਤੇ ਅਮਰੀਕਨ ਸਿੱਖ ਕੋਆਰਡੀਨੇਸ਼ਨ ਕਮੇਟੀ ਪੂਰਬੀ ਤੱਟ ਦੇ ਭਾਇ ਹਿੰਮਤ ਸਿੰਘ ਤੇ ਸਪੋਕਸਪਰਸਨ ਹਰਜਿੰਦਰ ਸਿੰਘ ਨੇ ਅਮਰੀਕੀ ਸਿੱਖ ਕੰਗਰੈਸ਼ਨਲ ਕਾਕਸ ਦੇ ਸਹਿ ਚੇਅਰਮੈਨ ਜਾਹਨ ਗੈਰੀਮੈਂਡੀ ਤੇ ਦੂਜੇ ਕਾਂਗਰਸਮੈਨਾ ਤੇ ਸੈਨੇਟਰਾਂ ਦਾ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਦੀ ਮੁਬਾਰਕਬਾਦ ਦੇਣ ਵਾਸਤੇ ਧੰਨਵਾਦ ਕੀਤਾ ਹੈ।

# ਕੋਰੋਨਾ ਵਾਇਰਸ ਸੰਕਟ ਦੌਰਾਨ ਸਿੱਖ ਡਾਕਟਰ ਦੀ ਮੌਤ

**ਲੰਦਨ/ ਏ.ਟੀ.ਨਿਊਜ਼:** ਬ੍ਰਿਟੇਨ ਵਿਚ ਇੱਕ ਹੋਰ ਪੰਜਾਬੀ ਮੂਲ ਦੇ ਡਾਕਟਰ ਮਨਜੀਤ ਸਿੰਘ ਰਿਆਤ ਦੀ ਬੀਤੇ ਸੋਮਵਾਰ ਨੂੰ ਕੋਰੋਨਾ ਵਾਇਰਸ ਕਾਰਨ ਮੌਤ ਹੋ ਗਈ। ਉਨਾਂ ਦਾ ਡਰਬੀਸ਼ਾਇਰ ਵਿਚ ਡਾਕਟਰ ਅਤੇ ਮਰੀਜ਼ ਬਹੁਤ ਸਤਿਕਾਰ ਕਰਦੇ ਸਨ। ਉਹ ਐਮਰਜੈਂਸੀ ਮੈਡੀਕਲ ਸਲਾਹਕਾਰ ਸਨ। ਸ. ਰਿਆਤ ਨੇ ਸਾਲ 1992 ਵਿਚ ਲੈਸਟਰ ਯੂਨੀਵਰਸਿਟੀ ਤੋਂ ਆਪਣੀ ਮੈਡੀਕਲ ਪੜਾਈ ਕੀਤੀ ਸੀ। ਉਹ ਰਾਸ਼ਟਰੀ ਸਿਹਤ ਸੇਵਾ ਦੀ ਦੁਰਘਟਨਾ ਤੇ ਐਮਰਜੈਂਸੀ ਸੇਵਾ ਵਿਚ ਸਲਾਹਕਾਰ ਬਣਨ ਵਾਲੇ ਪਹਿਲੇ ਸਿੱਖ ਸਨ। ਉਨਾਂ ਦੇ ਹਸਪਤਾਲ ਦੇ ਟਰੱਸਟ ਨੇ ਦੱਸਿਆ ਕਿ ਸ. ਰਿਆਤ ਨੇ ਡਰਬੀਸ਼ਾਇਰ ਵਿਚ ਐਮਰਜੈਂਸੀ ਡਾਕਟਰੀ ਸੇਵਾਵਾਂ ਦੇ ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਯੂਨੀਵਰਸਿਟੀ ਹੌਸਪੀਟਲ ਆਫ਼ ਡਰਬੀ ਐਂਡ ਬਰਨਟਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਗੈਵਿਨ ਬੋਇਲ ਨੇ ਕਿਹਾ, "ਮੈਂ ਮਨਜੀਤ ਰਿਆਤ ਨੂੰ ਸ਼ਰਧਾਂਜਲੀ ਦੇਣਾ ਚਾਹੁੰਦਾ ਹਾਂ, ਜਿਨਾਂ ਦੀ ਮੌਤ ਨਹੀਂ ਸ਼ਹਾਦਤ ਹੋਈ ਹੈ। ਉਹ ਇਕ ਅਤਿਅੰਤ ਆਕਰਸ਼ਕ ਸ਼ਖ਼ਸ ਸਨ, ਜਿਨਾਂ ਨੂੰ ਹਰ ਕੋਈ ਪਿਆਰ ਕਰਦਾ ਸੀ। ਉਹ ਹਸਪਤਾਲ ਵਿਚ ਬਹੁਤ ਸਾਰੇ ਲੋਕਾਂ ਨੂੰ ਜਾਣਦੇ ਸਨ। ਉਹ ਮਨੁੱਖਤਾ ਦੇ ਸੇਵਾਦਾਰ ਸਨ। ਅਸੀਂ ਉਨਾਂ ਨੂੰ ਬਹੁਤ ਯਾਦ ਕਰਾਂਗੇ।"

ਰਿਆਤ ਦੀ ਸਹਿਯੋਗੀ ਸੂਸੀ ਬੇਵਿਟ ਨੇ ਕਿਹਾ, "2003 ਵਿਚ ਸ. ਮਨਜੀਤ ਡਰਬੀਸ਼ਾਇਰ ਰਾਇਲ ਇਨਫ਼ਰਮਰੀ ਵਿਚ ਐਮਰਜੈਂਸੀ ਸੇਵਾਵਾਂ ਵਿਚ ਚਾਰ ਸਲਾਹਕਾਰਾਂ ਵਿੱਚੋਂ ਇੱਕ ਸਨ। ਮਨਜੀਤ ਇੱਕ ਸਹਿਯੋਗੀ, ਸੁਪਰਵਾਈਜ਼ਰ ਅਤੇ ਸਲਾਹਕਾਰ ਵਜੋਂ ਪ੍ਰਸਿੱਧ ਸਨ। ਆਪਣੇ ਕਰੀਅਰ ਦੌਰਾਨ ਉਹ ਸਿਖਾਉਣ ਅਤੇ ਡਾਕਟਰੀ ਸਿੱਖਿਆ ਵਿੱਚ ਯੋਗਦਾਨ ਪਾਉਣ ਦੇ ਆਦੀ ਰਹੇ। ਉਨਾਂ ਕੋਲ ਬਹੁਤ ਸਾਰੀਆਂ ਕੁਸ਼ਲਤਾਵਾਂ ਸਨ, ਪਰ ਉਹ ਇੱਕ ਐਮਰਜੈਂਸੀ ਮੈਡੀਕਲ ਸਲਾਹਕਾਰ ਦੇ ਰੂਪ ਵਿਚ ਬਿਹਤਰੀਨ ਸਨ। ਸ. ਰਿਆਤ ਆਪਣੇ ਪਿੱਛੇ ਪਤਨੀ ਅਤੇ ਦੋ ਪੁੱਤਰ ਛੱਡ ਗਏ ਹਨ।

# ਤੀਰਥ ਸਿੰਘ ਕਲੇਰ ਦਾ ਅੰਤਮ ਸੰਸਕਾਰ 23 ਅਪ੍ਰੈਲ ਨੂੰ

**ਫਰੀਜਨੋ/ਏ.ਟੀ.ਨਿਊਜ਼:** ਕਲੇਰ ਪਰਿਵਾਰ ਦੇ ਨੌਜਵਾਨ ਤੀਰਥ ਸਿੰਘ ਕਲੇਰ ਦਾ ਅੰਤਮ ਸੰਸਕਾਰ 23 ਅਪ੍ਰੈਲ ਨੂੰ ਦੁਪਹਿਰ 11.00 ਵਜੇ ਤੋਂ 1.00 ਤੱਕ 4800 ਈ ਕਲੇਟਨ ਅਵਨਿਊ, ਫੌਵਲਰ ਵਿਖੇ ਹੋਵੇਗਾ ਅਤੇ ਉਨਾਂ ਦੇ ਨਮਿੱਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਦੁਪਹਿਰ 2.00 ਤੋਂ 4.00 ਵਜੇ ਤੱਕ ਹੋਵੇਗੀ। ਉਨਾਂ ਦਾ 5 ਅਪ੍ਰੈਲ ਨੂੰ ਦਿਹਾਂਤ ਹੋ ਗਿਆ ਸੀ।

33 ਸਾਲਾ ਤੀਰਥ ਸਿੰਘ ਦਾ ਜਨਮ ਜਲੰਧਰ ਜ਼ਿਲੇ ਦੇ ਪਿੰਡ ਟੁੱਟ ਸ਼ੇਰ ਸਿੰਘ ਵਿਖੇ ਸ. ਗੁਰਦਿਆਲ ਸਿੰਘ ਕਲੇਰ ਅਤੇ ਮਾਤਾ ਮਨਜੀਤ ਕੌਰ ਦੇ ਘਰ ਹੋਇਆ ਸੀ।

**ਹੋਰ ਜਾਣਕਾਰੀ ਲਈ ਸ. ਅਮਰਜੀਤ ਸਿੰਘ ਨਾਲ ਫੋਨ ਨੰਬਰ 510-827-6331 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

# ਗੁਰਦੁਆਰਾ ਫਰੀਮੌਂਟ ਦਾ ਡਾਟਾ ਲੀਕ ਕਰਨ ਲਈ ਕਸੂਤੀ ਸਥਿਤੀ ਵਿਚ ਫਸ ਸਕਦਾ ਹੈ ਹਰਜੀਤ ਸਿੰਘ

**ਫਰੀਮੌਂਟ/ਏ.ਟੀ.ਨਿਊਜ਼:** ਗੁਰਦੁਆਰਾ ਸਾਹਿਬ ਫਰੀਮੌਂਟ ਦੀਆਂ ਚੋਣਾਂ ਵਿਚ ਸਿੱਖ ਪੰਚਾਇਤ ਨੇ ਸਿੱਖ ਸੰਗਤ ਬੇ ਏਰੀਆ ਨੂੰ ਵੱਡੇ ਫਰਕ ਨਾਲ ਬੁਰੀ ਤਰਾਂ ਹਰਾਇਆ ਹੈ ਪਰ ਖ਼ਾਲਸਾ ਗਰੁੱਪ ਵਾਲੇ ਕਰੋਨਾ ਵਾਇਰਸ ਕਰਕੇ ਅਦਾਲਤਾਂ ਬੰਦ ਹੋਣ ਦਾ ਫਾਇਦਾ ਲੈਂਦੇ ਹੋਏ ਨਤੀਜਿਆਂ ਤੇ ਰੋਕ ਲਲਾਉਣ ਦੀਆਂ ਹਰਰੋਜ਼ ਨਵੀਆਂ ਸਕੀਮਾਂ ਘੜ ਰਹੇ ਹਨ। ਇਹ ਸਾਰੇ ਕੰਮ ਲਈ ਹਰਜੀਤ ਸਿੰਘ ਨੂੰ ਐਸ.ਪੀ. ਸਿੰਘ ਹੋਰਾਂ ਨੇ ਅੱਗੇ ਲਾਇਆ ਹੋਇਆ ਹੈ।ਹਰਜੀਤ ਸਿੰਘ ਨੇ ਕੋਰਟ ਵਿੱਚ ਇੱਕ ਬਿਆਨ ਦਿੱਤਾ ਹੈ ਜਿਸ ਵਿੱਚ ਝੂਠ ਤੋਂ ਸਿਵਾਏ ਕੁੱਝ। ਸਿੱਖ ਪੰਚਾਇਤ, ਹਰ ਰੋਜ਼ ਉਸ ਬਿਆਨ ਵਿੱਚੋਂਅੰਸ਼ ਕੱਢਕੇ ਹਰਜੀਤ ਸਿੰਘ ਦੇ ਝੂਠ ਦਾ ਪਰਦਾਫਾਸ਼ ਕਰ ਰਹੀ ਹੈ ਪਰ ਉਸ ਨੇ ਚੁੱਪ ਧਾਰੀ ਹੋਈ ਹੈ। ਹਰਜੀਤ ਸਿੰਘ ਨੇ ਦੂਜੀ ਵੱਡੀ ਗਲਤੀ ਉਸ ਵੇਲੇ ਕਰ ਦਿੱਤੀ ਜਦੋਂ ਬਿਨਾਂ ਸਹਿਮਤੀ ਤੋਂ ਸਾਰੀ ਮੈਂਬਰਸ਼ਿਪ ਲਿਸਟ ਜਿਸ ਵਿਚ ਸੰਗਤ ਮੈਂਬਰਾਂ ਦੀ ਜਨਮ ਤਰੀਕ ਅਤੇ ਡਰਾਈਵਿੰਗ ਲਾਇਸੰਸ ਨੰਬਰ ਵੀ ਹੈ ਉਹ Lexis Nexis ਨਾਮੀ ਕੰਪਨੀ ਨੂੰ ਬਿਨਾਂ ਇਜਾਜ਼ਤ ਲੀਕ ਕਰ ਦਿੱਤਾ ਹੈ।



ਸਿੱਖ ਪੰਚਾਇਤ ਨੇ ਅੱਜ ਆਪਣੀ ਫੇਸਬੁੱਕ ਤੇ ਇਸ਼ਾਰਾ ਕੀਤਾ ਹੈ ਕਿ ਉਹ ਹਰਜੀਤ ਸਿੰਘ ਤੇ ਕਲਾਸ ਐਕਸ਼ਨ ਕੇਸ ਕਰਨ ਦੀ ਸੋਚ ਰਹੇ ਹਨ।ਉਨਾਂ ਨੇ ਸੰਗਤ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਜਿਹੜੇ ਵੀ ਉਸ ਵਿਚ ਆਪਣਾ ਨਾਮ ਦੇਣਾ ਚਾਹੁੰਦੇ ਹਨ ਉਹ ਸਿੱਖ ਪੰਚਾਇਤ ਨਾਲ ਸੰਪਰਕ ਕਰਨ। ਸਿੱਖ ਪੰਚਾਇਤ ਦੇ ਜਸਜੀਤ ਸਿੰਘ ਨੇ ਕਿਹਾ ਕਿ ਚੋਣਾਂ ਵਿਚ ਜਿੱਤ ਹਾਰ ਹੁੰਦੀ ਰਹਿੰਦੀ ਹੈ ਪਰ ਜਿਸ ਤਰਾਂ ਹਰਜੀਤ ਸਿੰਘ ਨੇ ਕੋਰਟ ਵਿਚ ਝੂਠ ਬੋਲਿਆ ਹੈ ਅਜਿਹੀ ਮਿਸਾਲ ਉਨਾਂ ਨੇ ਪਹਿਲੀ ਵਾਰ ਦੇਖੀ ਹੈ। ਜਿਹੜਾ ਬੰਦਾ ਧਰਮੀ ਹੋਣ ਦਾ ਵਿਖਾਵਾ ਕਰਦਾ ਹੈ ਪਰ ਇਕ ਗੁਰਦੁਆਰੇ ਦੀ ਚੋਣ ਦੇ ਨਤੀਜੇ ਰੁਕਵਾਉਣ ਲਈ ਇਖਲਾਕ ਤੇ ਸਿੱਖੀ ਤੋਂ ਡਿੱਗ ਕੇ ਅਜਿਹੀ ਹਰਕਤ ਕਰੇ ਵਿਸ਼ਵਾਸ ਨਹੀਂ ਹੁੰਦਾ। ਉਨਾਂ ਨੇ ਕਿਹਾ ਕਿ ਖ਼ਾਲਸਾ ਧੜਾ ਪਤਾ ਨਹੀਂ ਕਿਸ ਵਹਿਮ ਵਿਚ ਹੈ ਕਿ ਸ਼ਾਇਦ ਚੋਣਾਂ ਦੁਬਾਰਾ ਹੋ ਜਾਣ, ਇਹ ਸੰਭਵ ਨਹੀਂ।

# ਨਿਊਯਾਰਕ ਵਿਚ 4 ਪੰਜਾਬੀਆਂ ਚੋਂ 3 ਦੀ ਕਰੋਨਾ ਵਾਇਰਸ ਨਾਲ ਮੌਤ

**ਨਿਊਯਾਰਕ/ਹੁਸਨ ਲੜੋਆ ਬੰਗਾ:** ਨਿਊਯਾਰਕ ਵਿਚ ਕੋਰੋਨਾਵਾਇਰਸ ਕਾਰਨ 3 ਪੰਜਾਬੀ ਸਿੱਖਾਂ ਦੀ ਮੌਤ ਹੋਣ ਦੀ ਪੁਸ਼ਟੀ ਹੋ ਗਈ ਹੈ ਤੇ ਇੱਕ ਵਿਆਕਤੀ ਦਿੱਲ ਦਾ ਦੌਰਾ ਪੈਣ ਨਾਲ ਮੌਤ ਹੋਣ ਦੀ ਪੁਸ਼ਟੀ ਹੋਈ ਹੈ, ਜਿਸ ਕਾਰਨ ਸਿੱਖ ਭਾਈਚਾਰਾ ਸੋਗ ਵਿੱਚ ਹੈ। ਇਨਾਂ ਵਿਚ ਮਨਜੀਤ ਸਿੰਘ ਬਿਟੂ ਪੁੱਤਰ ਸ਼ਿਗਾਰਾ ਸਿੰਘ ਸ਼ਾਮਿਲ ਹੈ ਜੋ ਰਿਚਮੰਡ ਹਿਲ ਨਿਊਯਾਰਕ ਦੇ ਜਮਾਇਕਾ ਹਸਪਤਾਲ ਵਿਚ ਦਮ ਤੋੜ ਗਿਆ। ਮਨਜੀਤ ਸਿੰਘ ਟੈਕਸੀ ਚਾਲਕ ਸੀ। ਦੂਸਰਾ ਮ੍ਰਿਤਕ ਅਵਤਾਰ ਸਿੰਘ ਨੰਬਰਦਾਰ ਹੈ ਜੋ ਕਪੂਰਥਲਾ ਦੇ ਪਿੰਡ ਰਾਏਪੁਰ ਪੀਰ ਬੁੱਧਵਾਲਾ ਨਾਲ ਸਬੰਧਤ ਸੀ। ਪਤਾ ਲੱਗਾ ਹੈ ਕਿ ਉਨਾਂ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ। ਉਹ ਰਿਚਮਿੰਡ ਹਿਲ ਵਿਖੇ ਪਿਛਲੇ ਕਈ ਸਾਲਾਂ ਤੋਂ ਰਹਿ ਰਹੇ ਹਨ। ਨਿਊਯਾਰਕ ਦੇ ਲਾਂਗ ਆਈਲੈਂਡ ਨਿਵਾਸੀ ਚੂਹੜ ਸਿੰਘ ਵੀ ਕੋਰੋਨਾਵਾਇਰਸ ਕਾਰਨ ਅਕਾਲ ਚਲਾਣਾ ਕਰ ਗਏ ਹਨ। ਉਹ ਬਹੁਤ ਮਿਲਣਸਾਰ ਇਨਸਾਨ ਸਨ ਤੇ ਉਨਾਂ ਦਾ ਭਾਈਚਾਰੇ ਵਿਚ ਕਾਫੀ ਮਾਣ ਸਨਮਾਨ ਸੀ। ਚੌਥਾ ਮ੍ਰਿਤਕ ਬਿਟੂ ਮਿਨਹਾਸ ਦੱਸਿਆ ਜਾਂਦਾ ਹੈ, ਜਿਸਦੀ ਵੀ ਬੀਤੇ ਦਿਨੀਂ ਕਰੋਨਾ ਮਹਾਂਮਾਰੀ ਨਾਲ ਮਰਨ ਦੀ ਪੁਸ਼ਟੀ ਹੋਈ ਹੈ। ਬਿੱਟੂ ਮਿਨਹਾਸ ਰਿਚਮੰਡ ਹਿੱਲ ਕੁਈਨਜ ਵਿੱਚ ਰਹਿੰਦੇ ਸਨ ਤੇ ਜਿਲਾ ਜਲੰਧਰ ਦੇ ਪਿੰਡ ਡਰੋਲੀ ਭਾਈ ਮਤੀ ਵਾਲੀ ਨਾਲ ਸਬੰਧਤ ਸਨ। ਇਨਾਂ ਸਾਰਿਆਂ ਦੀ ਮੌਤ ਨੇ ਨਿਊਯਾਰਕ ਦੇ ਸਿੱਖ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿਤਾ ਹੈ।

# ਪੰਜਾਬ: ਵਿਭਾਗੀ ਬਜਟ ਚ 1625 ਕਰੋੜ ਦੀ ਕਟੌਤੀ

**ਚੰਡੀਗੜ/ ਏ.ਟੀ.ਨਿਊਜ਼:** ਪੰਜਾਬ ਦੀ ਵਿੱਤੀ ਮਾਮਲਿਆਂ ਬਾਰੇ ਸਬ-ਕਮੇਟੀ ਨੇ ਕੋਵਿਡ-19 ਖ਼ਿਲਾਫ਼ ਮੁਹਿੰਮ ਵਿਚ ਅੱਗੇ ਹੋ ਕੇ ਲੜਾਈ ਲੜ ਰਹੇ ਵਿਭਾਗਾਂ ਨੂੰ ਛੱਡ ਬਾਕੀ ਸਾਰੇ ਵਿਭਾਗਾਂ ਦੇ ਹੋਰਨਾਂ ਖ਼ਰਚਿਆਂ ਤੋਂ ਇਲਾਵਾ ਪੈਟਰੋਲ ਦੇ ਖ਼ਰਚਿਆਂ ਤੇ 25 ਫੀਸਦੀ ਕੱਟ ਲਾਉਣ ਦਾ ਫ਼ੈਸਲਾ ਕੀਤਾ ਹੈ। ਇਸ ਤਰ੍ਹਾਂ ਸਾਰੇ ਵਿਭਾਗਾਂ ਦੇ ਬਜਟ ਚ ਜੂਨ ਤੱਕ ਕੁੱਲ 1625.87 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ। ਪਰ ਸਿਹਤ, ਡਾਕਟਰੀ ਸਿੱਖਿਆ, ਪੁਲੀਸ, ਅਨਾਜ ਤੇ ਖੇਤੀਬਾੜੀ ਵਿਭਾਗਾਂ ਨੂੰ ਕਟੌਤੀ ਤੋਂ ਛੋਟ ਦਿੱਤੀ ਗਈ ਹੈ। ਇਹ ਫ਼ੈਸਲੇ ਅੱਜ ਇੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਸਬ ਕਮੇਟੀ ਦੀ ਮੀਟਿੰਗ ਵਿਚ ਲਏ ਗਏ। ਅੱਜ ਲਏ ਗਏ ਫ਼ੈਸਲਿਆਂ ਬਾਰੇ ਜੂਨ ਮਹੀਨੇ ਵਿਚ ਸਮੀਖ਼ਿਆ ਕੀਤੀ ਜਾਵੇਗੀ। ਮੀਟਿੰਗ ਵਿਚ ਕਰੋਨਾਵਾਇਰਸ ਤੋਂ ਪੀੜਤ ਮੁਲਾਜ਼ਮ ਦੀ ਮੌਤ ਹੋਣ ਦੀ ਸਥਿਤੀ ਵਿਚ ਉਸ ਦੇ ਵਾਰਿਸਾਂ ਨੂੰ ਪੰਜਾਹ ਲੱਖ ਰੁਪਏ ਦੇਣ ਦੇ ਫ਼ੈਸਲੇ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਸਬ ਕਮੇਟੀ ਨੂੰ ਦੱਸਿਆ ਕਿ ਸੂਬੇ ਵਿਚ ਲੌਕਡਾਊਨ ਅਤੇ ਕਰਫ਼ਿਊ ਕਰਕੇ ਮਾਲੀਏ ਅਤੇ ਪੱਕੇ ਖਰਚਿਆਂ ਵਿਚਾਲੇ ਪਾੜਾ ਬਹੁਤ ਜ਼ਿਆਦਾ ਵੱਧ ਗਿਆ ਹੈ। ਮੁੱਖ ਮੰਤਰੀ ਨੇ ਸਿਹਤ ਵਿਭਾਗ ਨੂੰ ਕਿਹਾ ਕਿ ਲੋੜੀਂਦੇ ਪੈਸੇ ਲਈ ਵਿਆਪਕ ਸਕੀਮ ਬਣਾ ਕੇ ਪੇਸ਼ ਕੀਤੀ ਜਾਵੇ। ਉਨ੍ਹਾਂ ਮਾਲ ਵਿਭਾਗ ਨੂੰ ਕਿਹਾ ਕਿ ਉਹ ਸੂਬੇ ਨੂੰ ਕਰੋਨਾਵਾਇਰਸ ਮਹਾਮਾਰੀ ਕਾਰਨ ਹੋਏ ਨੁਕਸਾਨ ਦਾ ਮੈਮੋਰੰਡਮ ਤਿਆਰ ਕਰਨ ਤੇ ਇਸ ਨੂੰ ਕੇਂਦਰ ਸਰਕਾਰ ਨੂੰ ਭਰਪਾਈ ਲਈ ਭੇਜਿਆ ਜਾਵੇਗਾ।



ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਮੰਤਰੀਆਂ ਨਾਲ ਵੀ ਮੀਟਿੰਗ ਕੀਤੀ, ਜਿਸ ਵਿੱਚ ਮਾਲੀਏ ਦੇ ਮੁੱਦੇ ਤੇ ਕੋਈ ਖਾਸ ਪ੍ਰਗਤੀ ਨਹੀਂ ਹੋ ਸਕੀ ਤੇ ਨਾ ਹੀ ਏ ਤੋਂ ਲੈ ਕੇ ਡੀ ਕੈਟੇਗਿਰੀ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਚ ਕਟੌਤੀ ਸਬੰਧੀ ਲ਼ੈਸਲਾ ਲਿਆ ਜਾ ਸਕਿਆ ਹੈ। ਸੂਚਨਾ ਕਮਿਸ਼ਨਰਾਂ ਨੇ ਹੀ ਆਪਣੀ ਬੇਸਿਕ ਤਨਖ਼ਾਹ ਚੋਂ 30 ਫੀਸਦੀ ਤਨਖ਼ਾਹ ਮੁੱਖ ਮੰਤਰੀ ਫੰਡ ਵਿਚ ਦੇਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ-19 ਨਾਲ ਨਜਿੱਠਣ ਲਈ ਕੇਂਦਰ ਤੋਂ ਅਪਰੈਲ ਮਹੀਨੇ ਲਈ 3000 ਕਰੋੜ ਰੁਪਏ ਦੇ ਅੰਤਰਿਮ ਮੁਆਵਜ਼ੇ ਅਤੇ 4400 ਕਰੋੜ ਰੁਪਏ ਜੀ.ਐੱਸ.ਟੀ. ਦੀ ਬਕਾਇਆ ਰਾਸ਼ੀ ਤੁਰੰਤ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਲੌਕਡਾਊਨ ਕਾਰਨ ਸਾਰੇ ਸੂਬੇ ਵੱਡੇ ਵਿੱਤੀ ਸੰਕਟਾਂ ਦਾ ਸਾਹਮਣਾ ਕਰ ਰਹੇ ਹਨ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਨੂੰ ਕੋਵਿਡ-19 ਕਾਰਨ ਹੋਏ ਮਾਲੀ ਘਾਟੇ ਦੀ ਪੂਰਤੀ ਲਈ ਮੁਆਵਜ਼ਾ ਰਾਸ਼ੀ ਜਾਰੀ ਕਰੇ। ਅਪਰੈਲ ਮਹੀਨੇ ਵਿੱਚ 3000 ਕਰੋੜ ਰੁਪਏ ਘਾਟੇ ਦੇ ਅਨੁਮਾਨ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੁਕਸਾਨ ਦਾ ਮੁਲਾਂਕਣ ਅਤੇ ਰਾਹਤ ਤੇ ਮੁੜ-ਵਸੇਬੇ ਲਈ ਫੰਡ ਸਹੀ ਸਮੇਂ ਤੇ ਜਮ੍ਹਾਂ ਕਰਵਾ ਦਿੱਤੇ ਜਾਣਗੇ। ਕੈਪਟਨ ਨੇ ਕਿਹਾ ਕਿ ਸੂਬਾ ਸਰਕਾਰ ਨੇ 2020-21 ਬਜਟ ਵਿੱਚ ਅਪਰੈਲ ਮਹੀਨੇ ਲਈ 3360 ਕਰੋੜ ਦੇ ਮਾਲੀਏ ਦੀ ਪ੍ਰਾਪਤੀ ਦਾ ਅਨੁਮਾਨ ਲਾਇਆ ਸੀ।

**ਸ਼ਰਾਬ ਦੀ ਵਿਕਰੀ ਲਈ ਪੜਾਅਵਾਰ ਇਜਾਜ਼ਤ ਦੇਣ ਦੀ ਮੰਗ**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਤੋਂ ਸੂਬੇ ਨੂੰ ਸ਼ਰਾਬ ਦੀ ਵਿਕਰੀ ਲਈ ਪੜਾਅਵਾਰ ਇਜਾਜ਼ਤ ਦੇਣ ਦੀ ਮੰਗ ਕੀਤੀ ਹੈ ਤਾਂ ਕਿ ਵੈਟ ਅਤੇ ਆਬਕਾਰੀ ਮਾਲੀਆ ਜੁਟਾਇਆ ਜਾ ਸਕੇ। ਕੁਝ ਇਲਾਕਿਆਂ ਵਿੱਚ ਸ਼ਰਾਬ ਵੇਚਣ ਦੀ ਖੁੱਲ੍ਹ ਦੇਣ ਨਾਲ ਸੂਬੇ ਨੂੰ 521 ਕਰੋੜ ਰੁਪਏ ਆਮਦਨ ਹੋਵੇਗੀ। ਸ਼ਰਾਬ ਦੀ ਵਿਕਰੀ ਬੰਦ ਹੋਣ ਕਾਰਨ ਸੂਬੇ ਨੂੰ ਪ੍ਰਤੀ ਦਿਨ 17 ਕਰੋੜ ਰੁਪਏ ਤੋਂ ਵੱਧ ਦੇ ਮਾਲੀਏ ਦਾ ਨੁਕਸਾਨ ਹੋ ਰਿਹਾ ਹੈ।

# ਪੰਜਾਬ ਚੋਂ ਬਰਤਾਨਵੀ ਨਾਗਰਿਕ ਵਿਸ਼ੇਸ਼ ਉਡਾਣ ਰਾਹੀਂ ਰਵਾਨਾ

**ਅੰਮ੍ਰਿਤਸਰ/ਏ.ਟੀ.ਨਿਊਜ਼:** ਕਰੋਨਾ ਤਾਲਾਬੰਦੀ ਕਾਰਨ ਪੰਜਾਬ ਵਿਚ ਰੁਕੇ ਬਰਤਾਨਵੀ ਪੰਜਾਬੀਆਂ ਵਿਚੋਂ 250 ਵਿਅਕਤੀ ਅੱਜ ਇੱਥੋਂ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਵਿਸ਼ੇਸ਼ ਹਵਾਈ ਉਡਾਣ ਰਾਹੀਂ ਆਪਣੇ ਮੁਲਕ ਰਵਾਨਾ ਹੋ ਗਏ ਹਨ। ਇਸ ਵਿਸ਼ੇਸ਼ ਉਡਾਣ ਦਾ ਪ੍ਰਬੰਧ ਬਰਤਾਨਵੀ ਸਫ਼ਾਰਤਖਾਨੇ ਵੱਲੋਂ ਕੀਤਾ ਗਿਆ ਸੀ। ਬ੍ਰਿਟਿਸ਼ ਏਅਰਵੇਜ਼ ਦਾ ਇਕ ਹਵਾਈ ਜਹਾਜ਼ ਅੱਜ ਇੱਥੋਂ ਬਾਅਦ ਦੁਪਹਿਰ ਇਨ੍ਹਾਂ ਬ੍ਰਿਟਿਸ਼ ਪੰਜਾਬੀਆ ਨੂੰ ਲੈ ਕੇ ਰਵਾਨਾ ਹੋਇਆ।

ਪ੍ਰਾਪਤ ਵੇਰਵਿਆਂ ਮੁਤਾਬਕ ਵਾਪਸ ਗਏ ਯਾਤਰੂਆਂ ਵਿਚ 228 ਬ੍ਰਿਟਿਸ਼ ਪਾਸਪੋਰਟ ਧਾਰਕ ਅਤੇ 22 ਭਾਰਤੀ ਪਾਸਪੋਰਟ ਧਾਰਕ ਵਿਅਕਤੀ ਸ਼ਾਮਲ ਸਨ। ਇਹ ਉਡਾਣ ਇਨ੍ਹਾਂ ਸਾਰਿਆ ਨੂੰ ਲੰਡਨ ਤੇ ਹੀਥਰੋ ਹਵਾਈ ਅੱਡੇ ਤੇ ਲੈ ਕੇ ਜਾਵੇਗੀ। ਕਪੂਰਥਲਾ ਤੋਂ ਇੰਗਲੈਂਡ ਪਰਤੇ ਇਕ ਨੌਜਵਾਨ ਯਾਤਰੂ ਨੇ ਦੱਸਿਆ ਕਿ ਉਸ ਨੇ 31 ਮਾਰਚ ਦੀ ਵਾਪਸੀ ਦੀ ਉਡਾਣ



ਵਾਸਤੇ ਬੁਕਿੰਗ ਕਰਵਾਈ ਸੀ ਪਰ ਇਸ ਦੌਰਾਨ ਤਾਲਾਬੰਦੀ ਕਾਰਨ ਹਵਾਈ ਆਵਾਜਾਈ ਬੰਦ ਹੋ ਗਈ ਸੀ। ਦੱਸਣਯੋਗ ਹੈ ਕਿ ਬ੍ਰਿਟਿਸ਼ ਸਰਕਾਰ ਵੱਲੋਂ ਆਪਣੇ ਭਾਰਤ ਵਿਚ ਫਸੇ ਨਾਗਰਿਕਾਂ ਵਾਸਤੇ ਅੰਮ੍ਰਿਤਸਰ ਸਮੇਤ ਭਾਰਤ ਦੇ ਹੋਰ ਸ਼ਹਿਰਾਂ ਤੋਂ ਵੀ ਵਿਸ਼ੇਸ਼ ਹਵਾਈ ਉਡਾਨਾਂ ਦਾ ਪ੍ਰਬੰਧ ਕੀਤਾ ਗਿਆ ਹੈ। ਹੁਣ ਅੰਮ੍ਰਿਤਸਰ ਤੋਂ ਇਕ ਹੋਰ ਉਡਾਣ 23 ਅਪਰੈਲ ਨੂੰ ਵੀ ਜਾਵੇਗੀ। ਹਵਾਈ ਅੱਡਾ ਪ੍ਰਸ਼ਾਸਨ ਤੋਂ ਮਿਲੀ ਜਾਣਕਾਰੀ ਮੁਤਾਬਕ ਕਤਰ ਹਵਾਈ ਕੰਪਨੀ ਦੀ ਇਕ ਵਿਸ਼ੇਸ਼ ਉਡਾਣ ਅੱਜ ਦੇਰ ਰਾਤ ਨੂੰ ਇੱਥੇ ਪੁੱਜੇਗੀ।

# ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਲਈ ਗਾਖਲ ਭਰਾਵਾਂ ਵਲੋਂ 500 ਕੁਇੰਟਲ ਕਣਕ ਭੇਂਟ



**ਅੰਮ੍ਰਿਤਸਰ/ ਏ.ਟੀ. ਨਿਊਜ਼:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ਅਮਰੀਕਾ ਨਿਵਾਸੀ ਗਾਖਲ ਭਰਾਵਾਂ ਵੱਲੋਂ 500 ਕੁਇੰਟਲ ਕਣਕ ਭੇਂਟ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਕੋਰੋਨਾ ਮਹਾਂਮਾਰੀ ਦੇ ਚੱਲਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਲੋੜਵੰਦਾਂ ਤੱਕ ਲੰਗਰ ਪਹੁੰਚਾਉਣ ਦੀ ਪਹਿਲਕਦਮੀ ਕੀਤੀ ਗਈ ਹੈ। ਗੁਰੂ ਘਰ ਦੇ ਸ਼ਰਧਾਲੂਆਂ ਵੱਲੋਂ ਲੰਗਰ ਲਈ ਲਗਾਤਾਰ ਰਸਦਾਂ ਤੇ ਮਾਇਆ ਭੇਜੀ ਜਾ ਰਹੀ ਹੈ। ਇਸੇ ਤਹਿਤ ਹੀ ਅਮਰੀਕਾ ਦੇ ਰਹਿਣ ਵਾਲੇ ਸ. ਅਮੋਲਕ ਸਿੰਘ ਗਾਖਲ, ਸ. ਪਲਵਿੰਦਰ ਸਿੰਘ ਗਾਖਲ ਤੇ ਸ. ਇਕਬਾਲ ਸਿੰਘ ਗਾਖਲ ਨੇ ਪੰਜ ਟਰੱਕਾਂ ਰਾਹੀਂ ਸ੍ਰੀ ਦਰਬਾਰ ਸਾਹਿਬ ਲਈ 500 ਕੁਇੰਟਲ ਕਣਕ ਭੇਜੀ ਹੈ। ਗਾਖਲ ਭਰਾਵਾਂ ਵੱਲੋਂ ਕਣਕ ਲੈ ਕੇ ਇੱਥੇ ਪਹੁੰਚੇ ਉਨਾਂ ਦੇ ਪਰਿਵਾਰਕ ਮੈਂਬਰਾਂ ਤੇ ਹੋਰਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰੂ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨ ਕੀਤਾ। ਭਾਈ ਲੌਂਗੋਵਾਲ ਨੇ ਗਾਖਲ ਪਰਿਵਾਰ ਦਾ ਧੰਨਵਾਦ ਕਰਦਿਆਂ ਦੇਸ਼ ਦੁਨੀਆਂ ਦੀਆਂ ਸੰਗਤਾਂ ਨੂੰ ਆਪਣੀ ਸਮਰੱਥਾ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਲਈ ਕਣਕ ਸਮੇਤ ਹੋਰ ਰਸਦਾਂ ਤੇ ਮਾਇਆ ਭੇਜਣ ਦੀ ਅਪੀਲ ਕੀਤੀ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂ, ਸਕੱਤਰ ਸ. ਮਨਜੀਤ ਸਿੰਘ ਬਾਠ, ਨਿੱਜੀ ਸਕੱਤਰ ਸ. ਮਹਿੰਦਰ ਸਿੰਘ ਆਹਲੀ, ਸ਼ਰੋਮਣੀ ਕਮੇਟੀ ਦੇ ਬੁਲਾਰੇ ਸ. ਕੁਲਵਿੰਦਰ ਸਿੰਘ ਰਮਦਾਸ, ਮੈਨੇਜਰ ਸ. ਮੁਖਤਾਰ ਸਿੰਘ, ਸਾਬਕਾ ਮੈਨੇਜਰ ਸ. ਜਸਵਿੰਦਰ ਸਿੰਘ ਦੀਨਪੁਰ, ਵਧੀਕ ਮੈਨੇਜਰ ਸ. ਨਰਿੰਦਰ ਸਿੰਘ, ਪ੍ਰਚਾਰਕ ਭਾਈ ਜਗਦੇਵ ਸਿੰਘ, ਭਾਈ ਸਰਬਜੀਤ ਸਿੰਘ ਢੋਟੀਆਂ ਮੌਜੂਦ ਸਨ।

# ਸੰਤ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ ਨਿਊਯਾਰਕ ਦੇ ਮੈਂਬਰ ਬਿੱਟੂ ਮਿਨਹਾਸ ਦੀ ਕੋਰੋਨਾ ਨਾਲ ਮੌਤ

**ਨਿਊਯਾਰਕ/ਰਾਜ ਗੋਗਨਾ:** ਅਮਰੀਕਾ ਦਾ ਸ਼ਹਿਰ ਨਿਊਯਾਰਕ ਜੋ ਕੋਰੋਨਾ ਵਾਇਰਸ ਦੀ ਨਾਮੁਰਾਦ ਜਾਨਲੇਵਾ ਮਹਾਂਮਾਰੀ ਨਾਲ ਸਭ ਤੋ ਜਿਆਦਾ ਸ਼ਿਕਾਰ ਹੋਇਆਂ ਹੈ ਜਿੱਥੇ ਹੋਰਨਾਂ ਲੋਕਾਂ ਤੋ ਇਲਾਵਾ ਕਿਸੇ ਨਾਂ ਕਿਸੇ ਪੰਜਾਬੀ ਮੂਲ ਦੇ ਲੋਕਾਂ ਦੀ ਕੋਰੋਨਾ ਨਾਲ ਮੌਤਾਂ ਹੋ ਰਹੀਆਂ ਹਨ ਉਥੇ ਅੱਜ ਇਕ ਹੋਰ ਨਿਊਯਾਰਕ ਦੀ ਸੰਘਣੀ ਪੰਜਾਬੀਆਂ ਦੀ ਅਬਾਦੀ ਵਾਲੇ ਇਲਾਕੇ ਰਿਚਮੰਡ ਹਿੱਲ, ਕੁਈਨਜ਼ ਕਾਉਂਟੀ ਚ' ਰਹਿੰਦੇ ਸੰਤ ਬਾਬਾ ਨਿਧਾਨ ਸਿੰਘ ਕਲਚਰਲ ਸੁਸਾਇਟੀ ਨਿਊਯਾਰਕ ਦੇ ਸੀਨੀਅਰ ਮੈਂਬਰ ਬਿੱਟੂ ਮਿਨਹਾਸ ਦੀ ਕੋਰੋਨਾ ਨਾਲ ਮੌਤ ਹੋ ਗਈ। ਕੋਰੋਨਾ ਵਾਇਰਸ ਦਾ ਸ਼ਿਕਾਰ ਹੋਏ ਬਿੱਟੂ ਮਿਨਹਾਸ ਪਿਛਲੇ ਕੁਝ ਦਿਨਾਂ ਤੋ ਜਮਾਇਕਾ ਦੇ ਹਸਪਤਾਲ ਚ' ਦਾਖਿਲ ਸਨ ਅਤੇ



ਉਹ ਠੀਕ ਹੋ ਕੇ ਆਪਣੇ ਘਰ ਵਾਪਿਸ ਆ ਗਿਆ ਸੀ ਪਰ ਅਚਾਨਕ ਉਹਨਾਂ ਦੀ ਕੁਝ ਦਿਨ ਬਾਅਦ ਅੱਜ ਮੌਤ ਹੋ ਗਈ ।ਮ੍ਰਿਤਕ ਬਿੱਟੂ ਮਿਨਹਾਸ ਦਾ ਪੰਜਾਬ ਤੋ ਪਿਛੋਕੜ ਜ਼ਿਲਾ ਜਲੰਧਰ ਦਾ ਪਿੰਡ ਡਰੋਲੀ ਕਲਾਂ ਸੀ।

# ਮੈਡੀਕਲ ਕੌਂਸਲ ਨੇ ਰੈਪਿਡ ਟੈਸਟ ਕਿੱਟਾਂ ਦੀ ਵਰਤੋਂ ਰੋਕਣ ਲਈ ਕਿਹਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਭਾਰਤੀ ਮੈਡੀਕਲ ਖੋਜ ਕੌਂਸਲ ਨੇ ਅੱਜ ਸੂਬਿਆਂ ਨੂੰ ਕੋਵਿਡ-19 ਲਈ ਵਰਤੀਆਂ ਜਾ ਰਹੀਆਂ ਰੈਪਿਡ ਟੈਸਟਿੰਗ ਕਿੱਟਾਂ ਦੀ ਵਰਤੋਂ ਰੋਕਣ ਲਈ ਕਿਹਾ ਹੈ। ਕੌਂਸਲ ਮੁਤਾਬਕ ਇਨ੍ਹਾਂ ਦੀ ਵਰਤੋਂ ਘੱਟੋ-ਘੱਟ ਦੋ ਦਿਨ ਲਈ ਰੋਕ ਦਿੱਤੀ ਜਾਵੇ ਕਿਉਂਕਿ ਕਿੱਟਾਂ ਗਲਤ ਨਤੀਜੇ ਦੇ ਰਹੀਆਂ ਹਨ। ਮੀਡੀਆ ਨਾਲ ਗੱਲਬਾਤ ਕਰਦਿਆਂ ਕੌਂਸਲ ਦੇ ਮੁੱਖ ਵਿਗਿਆਨੀ ਡਾ. ਰਮਨ ਗੰਗਾਖੇਡਕਰ ਨੇ ਕਿਹਾ ਕਿ ਇਕ ਸੂਬੇ ਤੋਂ ਸ਼ਿਕਾਇਤ ਮਿਲੀ ਹੈ। ਇਸ ਲਈ 2 ਹੋਰ ਸੂਬਿਆਂ ਨੂੰ ਪੁੱਛਿਆ ਗਿਆ ਹੈ ਕਿ ਕੀ ਉੱਥੇ ਵੀ ਇਹੀ ਮੁਸ਼ਕਲ ਆ ਰਹੀ ਹੈ।




ਇਸੇ ਦੌਰਾਨ ਕੇਂਦਰੀ ਗ੍ਰਹਿ ਮੰਤਰਾਲੇ ਨੇ ਅੱਜ ਕਿਹਾ ਕਿ ਬਜ਼ੁਰਗਾਂ ਦੇ ਸਹਾਇਕਾਂ ਤੇ ਪ੍ਰੀ-ਪੇਡ ਮੋਬਾਈਲ ਕੁਨੈਕਸ਼ਨ ਲਈ ਰਿਚਾਰਜ ਸੇਵਾਵਾਂ ਨੂੰ ਲੌਕਡਾਊਨ ਦੌਰਾਨ ਹੁਣ ਛੋਟ ਹੋਵੇਗੀ। ਜਦਕਿ ਸ਼ਹਿਰੀ ਖੇਤਰਾਂ ਦੀਆਂ ਬ੍ਰੈੱਡ ਫੈਕਟਰੀਆਂ ਤੇ ਆਟਾ ਮਿੱਲਾਂ ਵੀ ਤਾਲਾਬੰਦੀ ਦੌਰਾਨ ਕੰਮ ਕਰ ਸਕਦੀਆਂ ਹਨ। ਇਸ ਤੋਂ ਇਲਾਵਾ ਸ਼ਹਿਰੀ ਖੇਤਰਾਂ ਦੇ ਦੁੱਧ ਪ੍ਰੋਸੈਸਿੰਗ ਪਲਾਂਟ, ਦਾਲ ਮਿੱਲਾਂ ਵੀ ਇਸ ਦੌਰਾਨ ਚੱਲਣਗੀਆਂ। ਹਾਲਾਂਕਿ ਮੰਤਰਾਲੇ ਨੇ ਇੱਕ-ਦੂਜੇ ਤੋਂ ਫ਼ਾਸਲਾ ਸਖ਼ਤੀ ਨਾਲ ਯਕੀਨੀ ਬਣਾਉਣ ਲਈ ਕਿਹਾ ਹੈ। ਭਾਰਤੀ ਮੈਡੀਕਲ ਖੋਜ ਕੌਂਸਲ ਦੇ ਡਾ. ਰਮਨ ਨੇ ਕਿਹਾ ਕਿ ਆਰਟੀਪੀਸੀਆਰ ਨਾਲ ਕੀਤੇ ਗਏ ਟੈਸਟ ਚ ਜਿਹੜੇ ਨਤੀਜੇ ਪਾਜ਼ੇਟਿਵ ਪਾਏ ਗਏ ਹਨ, ਉਨ੍ਹਾਂ ਚ ਬਹੁਤ ਫ਼ਰਕ ਹੈ। ਉਨ੍ਹਾਂ ਕਿਹਾ ਕਿ ਦੋ ਦਿਨ ਬਾਅਦ ਕੌਂਸਲ ਇਸ ਬਾਰੇ ਕੋਈ ਐਡਵਾਈਜ਼ਰੀ ਜਾਰੀ ਕਰੇਗੀ। ਵਿਗਿਆਨੀ ਨੇ ਕਿਹਾ ਕਿ ਕਿੱਟਾਂ ਨੂੰ ਫ਼ੀਲਡ ਟੀਮਾਂ ਟੈਸਟ ਅਤੇ ਪਾਸ ਕਰਨਗੀਆਂ ਨਾ ਕਿ ਲੈਬਾਂ। ਉਨ੍ਹਾਂ ਕਿਹਾ ਕਿ ਇਹ ਨਵਾਂ ਕਰੋਨਾਵਾਇਰਸ ਹੈ, ਇਸ ਲਈ ਕਿੱਟਾਂ ਚ ਵੀ ਸੋਧ ਦੀ ਲੋੜ ਹੈ। ਕੌਂਸਲ ਆਪਣੀਆਂ ਅੱਠ ਸੰਸਥਾਵਾਂ ਦੀਆਂ ਟੀਮਾਂ ਫੀਲਡ ਵਿੱਚ ਭੇਜੇਗੀ। ਜੇਕਰ ਕੋਈ ਫ਼ਰਕ ਪਾਇਆ ਗਿਆ ਤਾਂ ਇਸ ਬੈਚ ਦੀਆਂ ਕਿੱਟਾਂ ਨੂੰ ਵਾਪਸ ਕੰਪਨੀ ਕੋਲ ਬਦਲਾਉਣ ਲਈ ਭੇਜ ਦਿੱਤਾ ਜਾਵੇਗਾ। ਰਾਜਸਥਾਨ ਨੇ ਚੀਨ ਦੀਆਂ ਬਣੀਆਂ ਇਨ੍ਹਾਂ ਕਿੱਟਾਂ ਦੀ ਵਰਤੋਂ ਪਹਿਲਾਂ ਹੀ ਰੋਕ ਦਿੱਤੀ ਸੀ ਕਿਉਂਕਿ ਜ਼ਿਆਦਾਤਰ ਟੈਸਟ ਦਰੁਸਤ ਨਹੀਂ ਸਨ। ਸੂਬੇ ਦੇ ਸਿਹਤ ਮੰਤਰੀ ਰਘੂ ਸ਼ਰਮਾ ਨੇ ਕਿਹਾ ਕਿ ਕਿੱਟਾਂ ਸਿਰਫ਼ 5.4 ਫ਼ੀਸਦ ਨਤੀਜੇ ਸਹੀ ਦੇ ਰਹੀਆਂ ਹਨ ਜਦਕਿ ਇਹ ਫ਼ੀਸਦ 90 ਹੋਣੀ ਚਾਹੀਦੀ ਹੈ। ਉਸ ਤੋਂ ਬਾਅਦ ਰਾਜ ਨੇ ਇਸ ਬਾਰੇ ਭਾਰਤੀ ਮੈਡੀਕਲ ਖੋਜ ਕੌਂਸਲ ਨੂੰ ਜਾਣੂ ਕਰਵਾਇਆ।

## ਸੰਸਦੀ ਕਮੇਟੀ ਵੱਲੋਂ ਲੌਕਡਾਊਨ ਤੇ ਕੋਵਿਡ-19 ਬਾਰੇ ਚਰਚਾ 28 ਨੂੰ

ਨਵੀਂ ਦਿੱਲੀ: ਘਰੇਲੂ ਮਾਮਲਿਆਂ ਬਾਰੇ ਸੰਸਦੀ ਸਥਾਈ ਕਮੇਟੀ 28 ਅਪਰੈਲ ਨੂੰ ਵੀਡੀ ? ਕਾਨਫਰੰਸ ਕਰਕੇ ਕੋਵਿਡ-19 ਤੇ ਕੌਮੀ ਲੌਕਡਾਊਨ ਬਾਰੇ ਚਰਚਾ ਕਰੇਗੀ। ਇਹ ਮੀਟਿੰਗ ਕਮੇਟੀ ਦੇ ਚੇਅਰਮੈਨ ਤੇ ਕਾਂਗਰਸ ਆਗੂ ਆਨੰਦ ਸ਼ਰਮਾ ਦੀ ਅਗਵਾਈ ਹੇਠ ਕੀਤੀ ਹੋਵੇਗੀ। ਮੀਟਿੰਗ ਚ ਪਾਬੰਦੀਆਂ ਚ ਰਾਹਤ ਦੇਣ ਅਤੇ ਲੌਕਡਾਊਨ ਹਟਾਉਣ ਜਾਂ ਵਧਾਉਣ ਸਬੰਧੀ ਚਰਚਾ ਕੀਤੀ ਜਾਵੇਗੀ। ਇਸ ਦੌਰਾਨ ਸੂਬਿਆਂ ਨੂੰ ਵਿੱਤੀ ਪੈਕੇਜ ਜਾਰੀ ਕਰਨ ਦੀਆਂ ਸੰਭਾਵਨਾਵਾਂ ਬਾਰੇ ਵੀ ਚਰਚਾ ਹੋਵੇਗੀ। ਸੂਤਰਾਂ ਨੇ ਕਿਹਾ ਕਿ ਮੀਟਿੰਗ ਦੌਰਾਨ ਕੇਂਦਰ ਤੇ ਸੂਬਿਆਂ ਵਿਚਾਲੇ ਤਾਲਮੇਲ ਬਾਰੇ ਚਰਚਾ ਵੀ ਹੋ ਸਕਦੀ ਹੈ।

# ਫੋਰਮ ਵਲੋਂ ਸੈਂਟਰਲ ਕੈਲੇਫੋਰਨੀਆਂ ਫੂਡ ਬੈਂਕ ਦੀ ਮਾਲੀ ਮਦਦ



**ਫਰੀਮੌਂਟ/ਏ.ਟੀ. ਨਿਊਜ਼ :** ਅੱਜ ਪੂਰੀ ਦੁਨੀਆਂ ਦੇ ਵਾਂਗ ਹੀ ਅਮਰੀਕਾ ਭਰ ਦੇ ਲੋਕੀ ਕਰੋਨਾ ਵਾਇਰਸ ਦਾ ਕਹਿਰ ਝੱਲ ਰਹੇ ਹਨ। ਲੱਖਾਂ ਲੋਕੀ ਕਰੋਨਾ ਵਾਇਰਸ ਨਾਲ ਪੀੜਤ ਹਨ ਅਤੇ ਹਜ਼ਾਰਾਂ ਆਪਣੀਆਂ ਜਾਨਾ ਗਵਾ ਚੁੱਕੇ ਹਨ। ਲੱਖਾਂ ਲੋਕੀ ਆਪਣੀਆਂ ਨੌਕਰੀਆ ਅਤੇ ਕਾਰੋਬਾਰਾਂ ਦੇ ਬੰਦ ਹੋਣ ਕਾਰਣ ਰੋਜ਼ਮਰਾ ਦੀਆ ਲੋੜਾਂ ਲਈ ਸਰਕਾਰੀ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਵੱਲ ਵੇਖ ਰਹੇ ਹਨ। ਅਮਰੀਕਾ ਭਰ ਦੇ ਸ਼ਹਿਰਾਂ ਵਿਚ ਰਾਸ਼ਨ ਦਾਨ ਲੈਣ ਲਈ ਲੱਗੀਆ ਲਾਈਨਾਂ ਅਸੀਂ ਸਭ ਨੇ ਵੇਖੀਆਂ ਹਨ ਅਤੇ ਇਨਾਂ ਲਾਈਨਾਂ ਵਿਚ ਖੜੇ ਬਹੁਤੇ ਲੋਕੀ ਅਜਿਹੇ ਹਨ ਜਿਨਾਂ ਨੂੰ ਜ਼ਿੰਦਗੀ ਵਿਚ ਪਹਿਲਾਂ ਕਦੇ ਵੀ ਅਜਿਹੀ ਲੋੜ ਨਹੀਂ ਬਣੀ। ਅਜਿਹੇ ਮੁਸ਼ਕਲ ਦੇ ਸਮੇਂ ਹੋਰ ਸੰਸਥਾਵਾਂ ਦੇ ਨਾਲ ਨਾਲ ਸੈਂਟਰਲ ਕੈਲੇਫੋਰਨੀਆਂ ਫੂਡ ਬੈਂਕ ਸਮਾਜ ਦੇ ਪਿਛੜੇ ਵਰਗ ਦੇ ਲੋਕਾਂ ਨੂੰ ਫੂਡ ਪਰਦਾਨ ਕਰਨ ਲਈ ਲੰਬੇ ਸਮੇਂ ਤੋਂ ਕੰਮ ਕਰ ਰਹੀ ਹੈ ਅਤੇ ਇਸ ਵਕਤ ਵਧੀਆਂ ਹੋਈਆਂ ਲੋੜਾਂ ਨੂੰ ਮੁਖ ਰੱਖ ਕੇ ਹੋਰ ਵੀ ਤਨ ਦੇਹੀ ਨਾਲ ਕੰਮ ਕਰ ਰਹੀ ਹੈ। ਸੈਂਟਰਲ ਕੈਲੇਫੋਰਨੀਆਂ ਦੇ ਵੱਖ ਵੱਖ ਸ਼ਹਿਰਾਂ ਵਿਚ ਇਹ ਫੂਡ ਬੈਂਕ ਆਪਣੇ ਵੱਖ ਵੱਖ ਪਰੋਗਰਾਮਾਂ ਰਾਹੀ ਹਰ ਮਹੀਨੇ ਕੋਈ 3 ਲੱਖ ਲੋਕਾਂ ਦੀ ਮਦਦ ਕਰਦੀ ਹੈ ਅਤੇ ਇਸ ਸਮੇਂ ਇਹ ਗਿਣਤੀ ਕਿਤੇ ਜਿਆਦਾ ਹੈ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਨੇ ਸਮੇਂ ਦੀ ਲੋੜ ਨੂੰ ਪਹਿਚਾਣਦੇ ਹੋਏ ਇਸ ਸੰਸਥਾ ਦੀ ਮਾਇਕ ਮਦਦ ਕਰਨ ਦਾ ਫੈਸਲਾ ਲਿਆ ਸੀ। ਦਾਨ ਰਾਸ਼ੀ ਦਾ ਇਕ ਚੈਕ ਸੈਂਟਰਲ ਕੈਲੇਫੋਰਨੀਆਂ ਫੂਡ ਬੈਂਕ ਦੇ ਪ੍ਰੈਜੀਡੈਂਟ ਅਤੇ ਸੀ ਈ ਓ ਐਂਡੀ ਸੂਜਾ ਅਤੇ ਚੀਫ ਐਡਮਿਨਸਟਰ ਮੈਨੇਜਰ ਕਿਮ ਡਿਲਡਾਇਨ ਨੂੰ ਸੌਂਪਿਆਂ ਗਿਆ। ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਅਤੇ ਸਹਾਇਕ ਪ੍ਰਧਾਨ ਨਵਦੀਪ ਧਾਲੀਵਾਲ ਨੇ ਐਂਡੀ ਅਤੇ ਕਿੰਮ ਦਾ ਅਤੇ ਉਨਾਂ ਦੀ ਸੰਸਥਾ ਦਾ ਉਨਾਂ ਦੇ ਕੰਮਾ ਲਈ ਧੰਨਵਾਦ ਕੀਤਾ। ਫੋਰਮ ਨੇ ਪੰਜਾਬੀ ਭਾਈਚਾਰੇ ਦੀਆ ਹੋਰ ਬਹੁਤ ਸਾਰੀਆਂ ਸੰਸਥਾਵਾ ਅਤੇ ਲੋਕਾਂ ਦਾ ਜੋ ਆਪਣੇ ਆਪਣੇ ਥਾਂ ਤੇ ਇਸ ਮੁਸ਼ਕਲ ਦੀ ਘੜੀ ਵਿਚ ਲੋਕਾਂ ਦੀ ਮਦਦ ਦੇ ਉਪਰਾਲੇ ਕਰ ਰਹੇ ਹਨ, ਵੀ ਧੰਨਵਾਦ ਕੀਤਾ। ਫੋਰਮ ਨੇ ਆਪਣੇ ਸਾਰੇ ਹਮਦਰਦਾਂ ਅਤੇ ਸਪਾਰਜ਼ ਦਾ ਵੀ ਧੰਨਵਾਦ ਕੀਤਾ ਜੋ ਪਿਛਲੇ 20 ਸਾਲਾਂ ਤੋਂ ਲਗਾਤਾਰ ਹਰ ਤਰਾਂ ਨਾਲ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦਾ ਨਾਲ ਘੜੇ ਰਹੇ ਹਨ। ਫੋਰਮ ਨੇ ਲੋਕਾਂ ਨੂੰ ਮਾਹਰਾਂ ਦੀਆਂ ਸਲਾਹਾ ਮੰਨ ਕੇ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਵਿਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ।



GOVT. OF PUNJAB

# THE DAILY COVID BULLETIN

DEPARTMENT OF INFORMATION AND PUBLIC RELATIONS, GOVERNMENT OF PUNJAB

**Date: 22-04-2020** **Time: 6.00pm**

1. **Details of Samples and Cases:-**

| | | |
|---|---|---|
| 1 | Total Suspected cases reported till date | 7887 |
| 2 | Total No. of samples sent | 7887 |
| 3 | Total No. of patients tested positive till date | 257 |
| 4 | Total No. of patients tested negative | 7100 |
| 5 | Results Awaited | 530 |
| 6 | No. of patients cured | 53 |
| 7 | Active cases | 188 |
| 8 | No. of Patients on oxygen support | 01 |
| 9 | Patients who are critical and on ventilator support | 01 |
| 10 | Total Deaths reported | 16 |

# ਚਾਨਣ ਵੰਡਣ ਵਾਲਾ ਸੂਫ਼ੀ ਕ੍ਰਾਂਤੀ-ਕਾਰੀ ਗਾਇਕ: ਧਰਮਿੰਦਰ ਮਸਾਣੀ



**ਰਾਜ ਗੋਗਨਾ/ਏ.ਟੀ.ਨਿਊਜ਼ :** ਅਜੋਕੇ ਦੌਰ ਵਿੱਚ ਪੰਜਾਬੀ ਗਾਇਕੀ ਵਿੱਚੋਂ ਜ਼ਮੀਨੀ ਹਕੀਕਤਾਂ, ਤਰਕ, ਬੌਧਕਿਤਾ, ਨੈਤਿਕ ਕਦਰਾਂ-ਕੀਮਤਾਂ, ਆਸ-ਉਮੀਦ ਅਤੇ ਇਨਸਾਨੀਅਤ ਮਨਫੀ ਹੋ ਰਹੀ ਹੈ। ਬਹੁਤੇ ਗਾਇਕ ਅਨਜਾਣਪੁਣੇ ਵਿੱਚ ਹੀ ਨਸ਼ਿਆਂ, ਮਾਰ-ਧਾੜ ਅਤੇ ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲੇ ਗੀਤ ਗਾਈ ਜਾ ਰਹੇ ਹਨ । ਪਰ ਕੁਝ ਲੋਕ-ਗਾਇਕ ਅਜੇ ਵੀ ਸਮੇਂ ਦੀ ਨਬਜ਼ ਪਛਾਣ ਕੇ ਗਾ ਰਹੇ ਹਨ । ਉਹ ਲੋਕ-ਗਾਇਕ ਜ਼ਮੀਨੀ ਹਕੀਕਤਾਂ ਨੂੰ ਬਿਆਨ ਕਰਦੇ ਹੋਏ ਜਨਤਾ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਆਪਣੇ ਗਾਇਕੀ ਰਾਹੀਂ ਅਵਾਜ਼ ਉਠਾ ਰਹੇ ਹਨ । ਅਜਿਹਾ ਹੀ ਨੇਰੇ ਵਿੱਚ ਚਾਨਣ ਵੰਡਣ ਵਾਲਾ ਲੋਕ-ਗਾਇਕ ਹੈ 'ਧਰਮਿੰਦਰ ਮਸਾਣੀ' । ਉਹ ਲੋਕਾਂ ਦੇ ਮੁੱਦਿਆਂ ਲਈ ਅਵਾਜ਼ ਉਠਾਉਣ ਦੇ ਨਾਲ਼-ਨਾਲ਼ ਉਹਨਾਂ ਨੂੰ ਸੰਗਰਾਮ ਕਰਕੇ ਕੁਝ ਰਾਹਤ ਪ੍ਰਾਪਤ ਕਰਨ ਦਾ ਸੁਨੇਹਾ ਵੀ ਦਿੰਦਾ ਹੈ । ਉਹ ਸਮੇਂ ਦੀ ਨਬਜ਼ ਪਛਾਣ ਕੇ ਕਿਰਤੀਆਂ ਦੇ ਹੱਕ ਵਿੱਚ ਗੀਤ ਗਾਉਣ ਵਾਲਾ ਲੋਕ-ਗਾਇਕ ਹੈ । ਉਸਦਾ ਅਜੋਕੇ ਸਮੇਂ ਵਿੱਚ 'ਕਰੋਨਾ ਵਾਈਰਸ ਕਰਕੇ ਬਣੇ ਹਾਲਾਤਾਂ' ਨੂੰ ਬਿਆਨ ਕਰਦਾ ਗਾਇਆ ਅਤੇ ਜੋ ਅਮੋਲਕ ਸਿੰਘ ਦਾ ਲਿਖਿਆ ਗੀਤ ਹੈ

**ਕਿ ਮਾਰ ਕਰੋਨਾ ਕਾਰਨ ਧਰਤੀ ਬਣ ਗਈ ਮੜ੍ਹੀ-ਮਸਾਣਾਂ,**
**ਨਾ ਕੋਈ ਗਲ਼ ਲਗ ਕੇ ਰੋਵੇ ਨਾ ਹੀ ਢੁੱਕਣ ਮਕਾਨਾਂ,**
**ਕੇਹੀ ਆਈ ਰੁੱਤ ਵੈਣਾਂ ਦੀ ਧਰਤੀ-ਅੰਬਰ ਰੋਏ ।**
**ਬਸ ਇੱਕ ਇਨਸਾਨ ਸਸਤਾ ਹੋਇਆ ਸਭ ਕੁਝ ਮਹਿੰਗਾ ਹੋਏ । '**

ਧਰਮਿੰਦਰ ਮਸਾਣੀ ਦਾ ਜਨਮ 30 ਅਪ੍ਰੈਲ 1982 ਨੂੰ ਪਿਤਾ ਗੁਰਮੇਲ ਸਿੰਘ ਮਾਤਾ ਸ਼੍ਰੀਮਤੀ ਗੁਰਬਖਸ਼ ਕੌਰ ਦੇ ਘਰ ਪਿੰਡ ਮਸਾਣੀ ਤਹਿਸੀਲ ਫਿਲੌਰ ਜ਼ਿਲਾ ਜਲੰਧਰ ਵਿਖੇ ਹੋਇਆ । ਉਸਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਸਾਣੀ ਤੋਂ ਦਸਵੀਂ ਤੱਕ ਦੀ ਪੜ੍ਹਾਈ ਕੀਤੀ । ਉਚੇਰੀ ਸਿੱਖਿਆ ਉਸਨੇ ਅਮਰਦੀਪ ਕਾਲਜ ਮੁਕੰਦਪੁਰ ਤੋਂ ਕੀਤੀ । ਕਾਲਜ ਵਿੱਚ ਹੀ ਉਸਨੂੰ ਚੰਗੀ ਅਤੇ ਲੋਕ ਪੱਖੀ ਗਾਇਕੀ ਕਰਕੇ ਉਸਤਾਦ ਪ੍ਰੋ. ਸ਼ਮਸ਼ਾਦ ਅਲੀ ਖਾਂ, ਵੱਡੇ ਵਿਦਵਾਨ ਪ੍ਰਿੰਸੀਪਲ ਸੁਰਜੀਤ ਸਿੰਘ ਭੱਟੀ ਅਤੇ ਉੱਘੇ ਖੇਡ ਪ੍ਰਮੋਟਰ ਪ੍ਰਿੰਸੀਪਲ ਸਰਵਣ ਸਿੰਘ ਵਰਗੇ ਚਾਨਣ ਮੁਨਾਰੇ ਮਿਲੇ । ਉਸਨੇ ਭਾਰਤੀ ਕਿਸਾਨ ਯੂਨੀਅਨ ( ਉਗਰਾਹਾ ) ਪੰਜਾਬ, ਭਾਈ ਮੰਨਾ ਸਿੰਘ, ਭੈਣ ਜੀ ਸੁਮਨ ਲਤਾ ਅਤੇ ਪ੍ਰਗਤੀ ਕਲਾ ਕੇਂਦਰ ( ਲਾਂਦਰਾ ) ਵੱਲੋਂ ਰੰਗ ਮੰਚ ਵੀ ਕੀਤਾ । ਉਸਨੂੰ ਹੁਣ ਤੱਕ ਬਾਬਾ ਯਮਲਾ ਜੱਟ ਯਾਦਗਾਰੀ ਐਵਾਰਡ, ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਸੁਰ-ਸੰਗੀਤ ਐਵਾਰਡ, ਸੁਰ-ਸੰਗਮ ਐਵਾਰਡ, ਸੰਗੀਤ ਸਮਰਾਟ ਐਵਾਰਡ, ਮੌਲਾਬਾਦ ਤੋਂ ਸਨਮਾਨ ਅਤੇ ਹੋਰ ਕਈ ਮਾਣ-ਸਨਮਾਨ ਮਿਲ ਚੁੱਕੇ ਹਨ । ਉਹ ਇਹਨਾਂ ਸਭ ਮਾਣ-ਸਨਮਾਨ ਪਿੱਛੇ ਉਸਤਾਦ ਪ੍ਰੋ. ਸ਼ਮਸ਼ਾਦ ਅਲੀ ਖਾਂ ਦਾ ਅਸ਼ੀਰਵਾਦ ਹੀ ਮੰਨਦਾ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

CIS
CALIFORNIA
IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.




Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

ਕਹਾਣੀ

# ਜ਼ਿੰਦਗੀ ਦਾ ਭੇਤ

**- ਮਾਸਟਰ ਸੰਜੀਵ ਧਰਮਾਣੀ**

ਇੱਕ ਜਗਿਆਸੂ ਕਿਸੇ ਮਹਾਂਪੁਰਖ ਕੋਲ ਜ਼ਿੰਦਗੀ ਦਾ ਭੇਤ ਜਾਨਣ ਹਿੱਤ ਆਇਆ। ਮਹਾਂਪੁਰਖ - ਸੰਤ ਜੀ ਨੇ ਉਸ ਨੂੰ ਕੁਟੀਆ ਵਿੱਚ ਰਾਤ ਠਹਿਰ ਜਾਣ ਲਈ ਕਿਹਾ ਤੇ ਦੱਸਿਆ ਕਿ ਜੀਵਨ ਦਾ ਭੇਦ ਕੱਲ ਸਵੇਰ ਦੀ ਸੈਰ ਕਰਨ ਸਮੇਂ ਸਾਂਝਾ ਕਰਾਂਗੇ। ਸਵੇਰ ਦੀ ਸੈਰ ਕਰਦੇ - ਕਰਦੇ ਸੰਤ - ਮਹਾਂਪੁਰਖ ਜੀ ਤੇ ਜਗਿਆਸੂ ਇੱਕ ਹਰਿਆਲੀ - ਯੁਕਤ ਮੈਦਾਨ ਵਿੱਚ ਪਹੁੰਚੇ ਅਤੇ ਸੰਤ ਜੀ ਨੇ ਹੱਥ ਦਾ ਇਸ਼ਾਰਾ ਧਰਤੀ 'ਤੇ ਉੱਗੇ ਹੋਏ ਖੱਬਲ (ਘਾਹ ਦੀ ਇੱਕ ਕਿਸਮ) ਵੱਲ ਕਰਦੇ ਹੋਏ ਕਿਹਾ, 'ਇਹੋ ਜ਼ਿੰਦਗੀ ਦਾ ਭੇਦ ਹੈ। 'ਜਗਿਆਸੂ ਬੋਲਿਆ, 'ਮਹਾਰਾਜ! ਮੈਂ ਕੁਝ ਸਮਝਿਆ ਨਹੀਂ।' ਅੱਗੋਂ ਮਹਾਂਪੁਰਖ ਬੋਲੇ, 'ਇਸ ਖੱਬਲ਼ ਦੀ ਤਰਾਂ ਜ਼ਿੰਦਗੀ ਦੀਆਂ ਔਕੜਾਂ, ਮੁਸੀਬਤਾਂ ਤੇ ਚੰਗੇ-ਮਾੜੇ ਵਕਤ ਵਿੱਚ ਸਹਿਣਸ਼ੀਲਤਾ, ਸਿਦਕ ਤੇ ਸਿਰੜ ਨਾਲ ਸਥਿਰ ਰਹੋ , ਅਟੱਲ ਰਹੋ, ਬਣੇ ਰਹੋ , ਇਹੋ ਜੀਵਨ ਦਾ ਰਹੱਸ ਹੈ। 'ਸਾਥੀਓ! ਬਿਲਕੁਲ ਇਸੇ ਖੱਬਲ਼ ਘਾਹ ਦੀ ਤਰਾਂ ਜ਼ਿੰਦਗੀ ਦੇ ਉਤਰਾਅ-ਚੜਾਅ, ਅਮੀਰੀ - ਗਰੀਬੀ , ਸੁੱਖ-ਦੁੱਖ , ਸਫ਼ਲਤਾ-ਅਸਫ਼ਲਤਾ ਅਤੇ ਖਾਸ ਤੌਰ 'ਤੇ ਔਖੀ ਘੜੀ ਸਮੇਂ ਸਾਨੂੰ ਆਪਣੇ ਆਪ ਨੂੰ ਸਥਿਰ ਬਣਾਈ ਰੱਖਣਾ ਚਾਹੀਦਾ ਹੈ , ਛੇਤੀ ਹੀ ਘਬਰਾ ਕੇ ਪੈਰ ਨਹੀਂ ਛੱਡ ਦੇਣੇ ਚਾਹੀਦੇ ਅਤੇ ਮਿਹਨਤ ਦਾ ਪੱਲੂ ਪਕੜੀ ਰੱਖਣਾ ਚਾਹੀਦਾ ਹੈ। ਸਿਆਣਿਆਂ ਵੱਲੋਂ ਕਿਹਾ ਵੀ ਗਿਆ ਹੈ , " ਜੋ ਸਹਿ ਗਿਆ , ਉਹ ਰਹਿ ਗਿਆ। " ਕਈ ਗਿਆਨੋਂ - ਵਿਹੂਣੇ ਤੇ ਹੋਸ਼ੀ - ਵਿਰਤੀ ਵਾਲੇ ਔਖੇ ਸਮੇਂ , ਅਸਫਲਤਾ ਦੇ ਦੌਰ ਵਿੱਚ ਜਾਂ ਮਾੜੀ ਆਰਥਿਕ ਜਾਂ ਹੋਰ ਪ੍ਰਸਥਿਤੀ ਸਮੇਂ ਛੇਤੀ ਹੀ ਤ੍ਰਬਕ ਤੇ ਥਿੜਕ ਜਾਂਦੇ ਹਨ ਤੇ ਸਥਿਤੀ ਦਾ ਸਹੀ ਤਰਾਂ ਅਵਲੋਕਣ ਨਾ ਕਰਦੇ ਹੋਏ , ਸਮੱਸਿਆ ਤੋਂ ਘਬਰਾ ਜਾਂਦੇ ਹਨ ਅਤੇ ਕਈ ਤਰਾਂ ਦੇ ਗਲਤ ਕੰਮ ਕਰ ਬੈਠਦੇ ਹਨ , ਜੋ ਕਿ " ਬਣੇ ਰਹੋ " ਦੀ ਧਾਰਨਾ ਦੇ ਮਨਮਾਫਿਕ (ਅਨੁਕੂਲ ) ਨਹੀਂ ਹੈ ਅਤੇ ਸਿਦਕ , ਸਿਰੜ ਤੇ ਸਹਿਣਸ਼ੀਲਤਾ ਜਿਹੇ ਅਦੁੱਤੀ ਗੁਣਾਂ ਦੇ ਬਰਖਿਲਾਫ ( ਵਿਰੋਧੀ ) ਪ੍ਰਸਥਿਤੀ ਹੋ ਨਿੱਬੜਦੀ ਹੈ। ਇਸ ਲਈ ਰੱਬ ਵਰਗੇ ਪਿਆਰੇ ਪਾਠਕੋ ! ਜਿਸਨੇ ਵੀ ਜ਼ਿੰਦਗੀ ਦਾ ਇਹ ਭੇਦ ( ਰਾਜ਼ ) ਸਮਝ ਲਿਆ ਅਤੇ ਇਸ ਅਨੁਸਾਰ ਆਪਣੇ - ਆਪ ਨੂੰ ਢਾਲ (ਬਦਲ /ਤਬਦੀਲ) ਕਰ ਲਿਆ , ਉਹੀ ਮਹਾਂਪੁਰਖ ਹੈ , ਉਹੀ ਸਮਝਦਾਰ ਤੇ ਸਿਆਣਾ ਵੀ ਹੈ। ਅਜਿਹਾ ਸਮਝਦਾਰ , ਸੰਘਰਸ਼ਸ਼ੀਲ ਤੇ ਸਿਰੜੀ ਮਨੁੱਖ ਜੀਵਨ ਦੀਆਂ ਦੁਸ਼ਵਾਰੀਆਂ ਤੋਂ ਨਾ ਘਬਰਾ ਕੇ , ਡਟ ਕੇ ਉਨਾਂ ਦਾ ਸਾਹਮਣਾ ਕਰਦਾ ਹੋਇਆ , ਮੰਜ਼ਿਲਾਂ ਸਰ ਕਰ ਲੈਂਦਾ ਹੈ ਤੇ ਇੱਕ ਦਿਨ ਸੰਸਾਰ ਵਿੱਚ ਨਾਮਣਾ ਖੱਟਦਾ ਹੈ।

**" ਬਣੇ ਰਹੋ ਦੀ ਧਾਰਨਾ ਨੂੰ ਹੈ ਅਪਣਾਉਣਾ ,**
**ਵਿਕਟ ਸਥਿਤੀ ਤੋਂ ਸਾਥੀਓ !**
**ਨਹੀਂ ਤੁਸੀਂ ਕਦੇ ਘਬਰਾਉਣਾ।**
**ਕਹਿੰਦੇ ਬਾਰਾਂ ਸਾਲ ਬਾਅਦ ਤਾਂ ,**
**ਰੂੜੀ ਦੀ ਵੀ ਸੁਣੀ ਜਾਂਦੀ ਹੈ ,**
**ਸਿਦਕ - ਸਿਰੜ ਨਾਲ**
**ਮਿਹਨਤ ਕਰਾਂਗੇ ਜੇ ਆਪਾਂ,**
**ਦੇਖਣਾ ਕਾਮਯਾਬੀ ਕਿਵੇਂ,**
**ਕਦਮਾਂ ਵਿੱਚ ਸਾਡੇ ਆਉਂਦੀ ਹੈ।**
**ਬਣੇ ਰਹੋ , ਬਣੇ ਰਹੋ,**
**ਹਰ ਪ੍ਰਸਥਿਤੀ ਵਿੱਚ ਬਣੇ ਰਹੋ,**
**ਨਹੀਂ ਥਿੜਕ ਜਾਣਾ ਤੁਸੀਂ,**
**ਹਰ ਪ੍ਰਸਥਿਤੀ ਵਿੱਚ ਬਣੇ ਰਹੋ,**
**ਸਮਾਂ ਜ਼ਰੂਰ ਕਰਵਟ ਲਵੇਗਾ,**
**ਤੇ ਖੁਸ਼ੀ-ਖੁਸ਼ਹਾਲੀ ਤੁਹਾਡੇ ਕੋਲ ਹੋਵੇਗੀ।**
**ਬਣੇ ਰਹੋ, ਆਸ ਨਾ ਛੱਡੋ,**
**ਬਸ !'ਬਣੇ ਰਹੋ'।**

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਕੈਨੇਡਾ ਵਿੱਚ ਪੰਜਾਬ ਦੀ ਤਰਾਂ ਬੰਦਾ ਹੀ ਬੰਦੇ ਦਾ ਦਾਰੂ ਨਹੀਂ

**- ਰਾਜਿੰਦਰ ਪਾਲ ਸਿੰਘ ਬਰਾੜ (ਡਾ.)**

ਕੈਨੇਡਾ ਦੀ ਸਾਡੇ ਭਾਰਤ ਮਹਾਨ ਨਾਲ ਤੁਲਨਾ ਹੁੰਦੀ ਹੀ ਰਹਿੰਦੀ ਹੈ। ਬਹੁਤੇ ਪਰਵਾਸੀ ਤੇ ਇੱਥੋਂ ਸੈਰ ਕਰਨ ਗਏ ਪੰਜਾਬੀ ਭਾਰਤ ਦੀ ਤੁਲਨਾ ਵਿੱਚ ਕੈਨੇਡਾ ਦੀਆਂ ਸਿਫ਼ਤਾਂ ਕਰਦੇ ਨਹੀਂ ਥੱਕਦੇ ਪਰ ਇਸ ਦੇ ਨਾਲ ਹੀ ਸਾਨੂੰ ਕੁਝ ਤੱਥਾਂ ਵੱਲ ਵੀ ਝਾਤ ਮਾਰ ਲੈਣੀ ਚਾਹੀਦੀ ਹੈ। ਕੈਨੇਡਾ ਦੀ ਆਬਾਦੀ 34,569,000 ਹੈ ਅਤੇ ਭਾਰਤ ਦੀ 1,210,193,422 ਤਕਰੀਬਨ 35 ਗੁਣਾ ਜ਼ਿਆਦਾ, ਇਕੱਲੇ ਪੰਜਾਬ ਦੀ ਹੀ 27,704,236 ਆਬਾਦੀ ਹੈ। ਕੈਨੇਡਾ ਦਾ ਖੇਤਰਫਲ 9,984,670 ਵਰਗ ਕਿਲੋਮੀਟਰ ਹੈ ਅਤੇ ਇਹ 3,287,240 ਵਰਗ ਕਿਲੋਮੀਟਰ ਖੇਤਰਫਲ ਵਾਲੇ ਭਾਰਤ ਨਾਲੋਂ ਤਿੰਨ ਗੁਣਾ ਅਤੇ ਪੰਜਾਬ (50,362 ਵਰਗ ਕਿਲੋਮੀਟਰ) ਨਾਲੋਂ 200 ਗੁਣਾ ਵੱਡਾ ਹੈ। ਪੰਜਾਬ ਤੋਂ ਵੱਡੀਆਂ ਤਾਂ ਉੱਥੋਂ ਦੀਆਂ ਝੀਲਾਂ ਹਨ ਜਿਨਾਂ ਦਾ ਖੇਤਰਫਲ਼ 891,163 ਵਰਗ ਕਿਲੋਮੀਟਰ ਹੈ। ਕੈਨੇਡਾ ਵਿੱਚ ਜੰਗਲਾਂ ਹੇਠ ਬਹੁਤ ਜ਼ਿਆਦਾ ਰਕਬਾ ਹੈ ਅਤੇ ਸਾਫ਼ ਪਾਣੀ ਦੀਆਂ ਝੀਲਾਂ ਵੀ ਦੁਨੀਆਂ 'ਚ ਸਭ ਤੋਂ ਵੱਧ ਕੈਨੇਡਾ ਵਿੱਚ ਹਨ। ਇੱਕ ਤਰਾਂ ਨਾਲ ਇਹ ਮੁਲਕ ਕੁਦਰਤੀ ਸਾਧਨਾਂ ਨਾਲ ਵਰੋਸਾਇਆ ਹੋਇਆ ਹੈ। ਉੱਥੇ ਟਰੈਫਿਕ ਸਿਰਫ਼ ਲੋਕਾਂ ਦੇ ਅਨੁਸ਼ਾਸਤ ਹੋਣ ਕਰਕੇ ਹੀ ਨਹੀਂ ਸਗੋਂ ਖੁੱਲੀਆਂ ਸੜਕਾਂ ਕਰਕੇ ਵੀ ਹੈ ਜੋ ਥਾਂ ਖੁੱਲੀ ਹੋਣ ਕਰਕੇ ਸੰਭਵ ਹੈ। ਸਾਡੇ ਦੇਸ਼ ਵਿੱਚ ਥਾਂ ਦੀ ਕਮੀ ਦੇ ਲਿਹਾਜ਼ ਨਾਲ ਅਸੀਂ ਕਿਤੇ ਵੱਧ ਅਨੁਸ਼ਾਸਤ ਹਾਂ। ਇਹੋ ਗੱਲ ਸਫ਼ਾਈ 'ਤੇ ਵੀ ਢੁੱਕਦੀ ਹੈ।

ਬੇਸ਼ੱਕ ਪੰਜਾਬੀ ਉੱਥੇ ਜਾ ਕੇ ਸਖ਼ਤ ਮਿਹਨਤ ਕਰਦੇ ਅਤੇ ਸੁਖ-ਸਹੂਲਤਾਂ ਵੀ ਮਾਣਦੇ ਹਨ ਪਰ ਇਹ ਸਮਝ ਨਹੀਂ ਆਉਂਦੀ ਕਿ ਉਹ ਇਹੀ ਸਖ਼ਤ ਮਿਹਨਤ ਪੰਜਾਬ ਵਿੱਚ ਕਰਨ ਤੋਂ ਕਿਉਂ ਕਤਰਾਉਂਦੇ ਹਨ ? ਇਸ ਦਾ ਜਵਾਬ ਇੱਕੋ ਮਿਲਦਾ ਹੈ ਕਿ ਇੱਥੇ ਮਿਹਨਤ ਦਾ ਮੁੱਲ ਨਹੀਂ ਪੈਂਦਾ। ਪਰ ਕੀ ਉੱਥੇ ਮਿਹਨਤ ਦਾ ਪੂਰਾ ਮੁੱਲ ਪੈਂਦਾ ਹੈ ? ਕੀ ਉੱਥੇ ਸ਼ੋਸ਼ਣ ਨਹੀਂ ਹੁੰਦਾ ? ਜਾਂ ਕੀ ਆਪਣੇ ਮੁਲਕ ਵਿੱਚ ਮਿਹਨਤ ਦਾ ਪੂਰਾ ਮੁੱਲ ਲੈਣ ਲਈ ਸੰਘਰਸ਼ ਕਰਨਾ ਨਹੀਂ ਬਣਦਾ ? ਸਾਰੇ ਕੈਨੇਡੀਆਈ ਘਰਾਂ ਵਿੱਚ ਰਿਵਾਜ ਹੈ ਕਿ ਜੁੱਤੀਆਂ ਬਾਹਰ ਦਰਵਾਜ਼ੇ ਕੋਲ ਉਤਾਰ ਕੇ ਅੰਦਰ ਜਾਇਆ ਜਾਂਦਾ ਹੈ। ਇਸ ਨਾਲ ਘਰ ਵਿੱਚ ਸਫ਼ਾਈ ਰਹਿੰਦੀ ਹੈ। ਅਕਸਰ ਆਖਿਆ ਜਾਂਦਾ ਹੈ ਕਿ ਦੁਨੀਆਂ ਭਰ ਦੇ ਲੋਕ ਸਫ਼ਾਈ ਕਰਨ ਦੇ ਸੌਖੇ ਤੋਂ ਸੌਖੇ ਤਰੀਕੇ ਲੱਭਣ ਬਾਰੇ ਸੋਚਦੇ ਰਹਿੰਦੇ ਹਨ ਪਰ ਜਪਾਨੀ ਲੋਕ ਸਦਾ ਇਹ ਸੋਚਦੇ ਹਨ ਕਿ ਗੰਦ ਕਿਵੇਂ ਘੱਟ ਤੋਂ ਘੱਟ ਪਾਇਆ ਜਾਵੇ। ਪਤਾ ਨਹੀਂ ਵਿਚਾਰ ਕੈਨੇਡਾ ਵਾਲ਼ਿਆਂ ਨੇ ਕਿਵੇਂ ਅਪਣਾ ਲਿਆ। ਸ਼ਾਇਦ ਇਸ ਦਾ ਕਾਰਨ ਇਹ ਹੋਵੇ ਕਿ ਇੰਡੀਆ ਵਾਂਗ ਉੱਥੇ ਮੱਧ-ਵਰਗੀ ਘਰਾਂ ਵਿੱਚ ਮਾਈਆਂ ਰੱਖਣੀਆਂ ਸੰਭਵ ਨਹੀਂ ਪਰ ਸਫ਼ਾਈ ਆਪ ਜ਼ਰੂਰ ਕਰਨੀ ਪੈਂਦੀ ਹੈ। ਆਧੁਨਿਕਤਾ ਆਉਣ ਤੋਂ ਪਹਿਲਾਂ ਪੰਜਾਬ ਦੇ ਘਰਾਂ ਵਿੱਚ ਵੀ ਇਹੋ ਰਿਵਾਜ ਸੀ ਕਿ ਚੌਂਕੇ ਵਿੱਚ ਜੁੱਤੀ ਲੈ ਕੇ ਚੜਨਾ ਵਰਜਿਤ ਸੀ। ਸ਼ਾਇਦ ਅਸੀਂ ਇਹ ਗੱਲ ਭੁੱਲ ਚੁੱਕੇ ਹਾਂ। ਚਲੋ ਮੁੜ ਅਪਣਾ ਲੈਣ ਵਿੱਚ ਕੀ ਹ ਉੱਥੋਂ ਦੀਆਂ ਉੱਚੀਆਂ ਇਮਾਰਤਾਂ ਪਹਿਲੀ ਨਜ਼ਰੇ ਵਿਅਕਤੀ ਨੂੰ ਹੈਰਾਨ ਕਰਦੀਆਂ ਹਨ ਪਰ ਉਨਾਂ ਨੂੰ ਲਗਾਤਾਰ ਇੱਕ ਟਕ ਦੇਖਣ 'ਤੇ ਛੇਤੀ ਹੀ ਚਿੱਤ ਉਕਤਾਉਣ ਲੱਗ ਪੈਂਦਾ ਹੈ। ਸੰਸਾਰ ਦੀ ਕਦੇ ਸਭ ਤੋਂ ਉੱਚੀ ਅਤੇ ਹੁਣ ਦੂਜੇ ਨੰਬਰ ਦੀ ਇਮਾਰਤ ਸੀ.ਐੱਨ.ਟਾਵਰ 'ਤੇ ਚੜ ਕੇ ਹੇਠਾਂ ਦੇਖਿਆਂ ਸ਼ੀਸ਼ੇ ਦੀਆਂ ਡੱਬੀਆਂ ਵਰਗੀਆਂ ਇੱਕੋ ਜਿਹੀਆਂ ਇਮਾਰਤਾਂ ਕਲਾ ਪੱਖੋਂ ਊਣੀਆਂ ਜਾਪਦੀਆਂ ਹਨ। ਕੰਕਰੀਟ ਅਤੇ ਸ਼ੀਸ਼ੇ ਨਾਲ ਬਣਾਈਆਂ ਇਹ ਇਮਾਰਤਾਂ ਕਲਾਤਮਿਕ ਸੁਹਜ ਤੋਂ ਸੱਖਣੀਆਂ ਮਸ਼ੀਨੀ ਸੱਭਿਅਤਾ ਦਾ ਪ੍ਰਤੀਕ ਜਾਪਦੀਆਂ ਹਨ।

ਭਾਰਤ ਵਿੱਚ ਸਰਕਾਰੀ ਕਲੋਨੀਆਂ ਅਤੇ ਚੰਡੀਗੜ ਨੂੰ ਛੱਡ ਕੇ ਸਭ ਕੁਝ ਰੰਗ-ਬਿਰੰਗਾ ਹੈ ਜਿਸ ਵਿੱਚ ਹਰ ਵਿਅਕਤੀ ਨੇ ਆਪਣੀ ਕਲਾਤਮਿਕ ਸੁਹਜ ਨਾਲ ਰੰਗ ਭਰੇ ਹਨ। ਉੱਥੇ ਆਮ ਕਰਕੇ ਘਰਾਂ, ਫੈਕਟਰੀਆਂ ਅਤੇ ਸ਼ਾਪਿੰਗ ਮਾਲਾਂ ਵਿੱਚ ਬਾਹਰੋਂ ਵੇਖਣ ਨੂੰ ਕੋਈ ਫ਼ਰਕ ਨਹੀਂ। ਵਿਅਕਤੀਗਤ ਘਰ ਅਤੇ ਬੰਗਲੇ ਜ਼ਰੂਰ ਕੁਝ ਵੱਖਰੇ ਹਨ ਪਰ ਆਮ ਕਰਕੇ ਨਿੱਜੀ ਘਰ ਵੀ ਕੰਪਨੀਆਂ ਨੇ ਬਣਾਏ ਹੋਣ ਕਰਕੇ ਉਪਯੋਗੀ ਭਾਵੇਂ ਕਿੰਨੇ ਮਰਜ਼ੀ ਹੋਣ ਪਰ ਸੁਹਜਾਤਮਿਕ ਪੱਖੋਂ ਮਨ ਨੂੰ ਟੁੰਬਦੇ ਨਹੀਂ। ਮੌਜੂਦਾ ਸਮੇਂ ਜਿਵੇਂ ਅਸੀਂ ਉਨਾਂ ਤੋਂ ਟਾਊਨ ਪਲੈਨਿੰਗ ਦਾ ਗੁਰ ਸਿੱਖ ਰਹੇ ਹਾਂ ਉਸੇ ਤਰਾਂ ਉਨਾਂ ਨੂੰ ਸਾਡੇ ਮੁਲਕ ਤੋਂ ਵਿਅਕਤੀਗਤ ਸੁਹਜ ਸਿੱਖਣ ਦੀ ਜ਼ਰੂਰਤ ਹੈ।

ਕੈਨੇਡਾ ਵਿੱਚ ਇਸ ਸਮੇਂ ਸਮਾਜ ਨੂੰ ਪ੍ਰਬੰਧ ਨੇ ਲਗਭਗ ਬੇਦਖਲ ਕਰ ਦਿੱਤਾ ਹੈ। ਉੱਥੇ ਕੋਈ ਸੜਕ ਐਕਸੀਡੈਂਟ ਸਮੇਂ ਡਿੱਗੇ ਨੂੰ ਨਹੀਂ ਚੁੱਕਦਾ ਸਗੋਂ ਬੰਦੇ ਨੂੰ ਚੁੱਕਣ ਪ੍ਰਬੰਧ ਪਹੁੰਚਦਾ ਹੈ। ਪ੍ਰਬੰਧ ਅੰਦਰ ਤਰਸ ਨਹੀਂ ਜ਼ਿੰਮੇਵਾਰੀ ਹੁੰਦੀ ਹੈ। ਇਨਸਾਨੀਅਤ ਨਹੀਂ ਡਿਊਟੀ ਹੁੰਦੀ ਹੈ। ਇਸੇ ਤਰਾਂ ਕਿਸੇ ਮੁਸੀਬਤ ਸਮੇਂ ਕੋਈ ਗੁਆਂਢੀ ਨਹੀਂ ਪਹੁੰਚਦਾ ਸਗੋਂ ਪੁਲੀਸ ਜਾਂ ਐਂਬੂਲੈਂਸ ਪਹੁੰਚਦੀ ਹੈ ਤਾਂ ਗੁਆਂਢੀਆਂ ਨੂੰ ਪਤਾ ਲਗਦਾ ਹੈ ਕਿ ਗੁਆਂਢੀਆਂ 'ਤੇ ਕੋਈ ਮੁਸੀਬਤ ਆਈ ਸੀ। ਨਿਸ਼ਚੇ ਹੀ ਵਿਅਕਤੀ ਸਹਾਇਤਾ ਕਰੇ ਨਾ ਕਰੇ ਪ੍ਰਬੰਧ ਸਹਾਇਤਾ ਕਰਦਾ ਹੈ। ਪ੍ਰਬੰਧ ਵਿਅਕਤੀ ਨਾਲੋਂ ਵਧੇਰੇ ਸਬੰਧਤ ਕੰਮ ਵਿੱਚ ਮੁਹਾਰਤ ਵੀ ਰੱਖਦਾ ਹੈ ਅਤੇ ਇਸ ਦੇ ਬਾਵਜੂਦ ਪ੍ਰਬੰਧ ਮਾਨਵੀ ਛੁਹ ਤੋਂ ਕੋਰਾ ਹੁੰਦਾ ਹੈ। ਸਰੀਰਕ ਤੌਰ 'ਤੇ ਅਸਮਰੱਥ ਵਿਅਕਤੀਆਂ ਲਈ ਇੰਨੇ ਪ੍ਰਬੰਧ ਹਨ ਕਿ ਹਰ ਥਾਂ ਉਹ ਪਹੁੰਚ ਸਕਦੇ ਹਨ। ਇਸ ਦੇ ਬਾਵਜੂਦ ਉਨਾਂ ਦੀ ਕੋਈ ਸਹਾਇਤਾ ਨਹੀਂ ਕਰਦਾ ਅਤੇ ਇਸ ਲਈ ਇਹ ਤਰਕ ਦਿੱਤਾ ਜਾਂਦਾ ਹੈ ਕਿ ਇਉਂ ਉਨਾਂ ਦੀ ਸਹਾਇਤਾ ਕਰਨ ਤੇ ਸਵੈ-ਮਾਣ 'ਤੇ ਸੱਟ ਵਜਦੀ ਹੈ। ਸ਼ਾਇਦ ਇਹ ਗੱਲ ਇਉਂ ਹੀ ਹੋਵੇ ਪਰ ਮੈਨੂੰ ਇਹ ਬੰਦੇ ਤੋਂ ਬੰਦੇ ਨੂੰ ਤੋੜਨ ਵਾਲ਼ੀ ਗੱਲ ਲੱਗੀ। ਸੋ ਕੈਨੇਡਾ ਵਿੱਚ ਪੰਜਾਬ ਦੀ ਤਰਾਂ ਬੰਦਾ ਹੀ ਬੰਦੇ ਦਾ ਦਾਰੂ ਨਹੀਂ ਸਗੋਂ ਪ੍ਰਬੰਧ ਦਾਰੂ ਹੈ। ਉੱਥੋਂ ਦੇ ਲੋਕਾਂ ਨੂੰ ਪ੍ਰਬੰਧ 'ਤੇ ਵਧੇਰੇ ਭਰੋਸਾ ਹੈ। ਕੈਨੇਡਾ ਵਿੱਚ ਗੁਰਦੁਆਰਿਆਂ ਨੂੰ ਗੁਰੂ ਘਰ ਕਹਿੰਦੇ ਹਨ। ਇਹ ਗੁਰੂ ਘਰ ਸਿਰਫ਼ ਧਾਰਮਿਕ ਸਥਾਨ ਹੀ ਨਹੀਂ ਸਗੋਂ ਪੰਜਾਬੀਆਂ ਦੀ ਸਮਾਜਿਕ ਜ਼ਿੰਦਗੀ ਦਾ ਧੁਰਾ ਰਹੇ ਹਨ। ਉੱਥੋਂ ਦੇ ਗੁਰੂ ਘਰਾਂ ਵਿੱਚ ਨਿਸ਼ਾਨ ਸਾਹਿਬ ਹਾਈਡਰੌਲਿਕ ਮਸ਼ੀਨ ਨਾਲ ਜੁੜੇ ਹੁੰਦੇ ਹਨ। ਸਿੱਟੇ ਵਜੋਂ ਨਿਸ਼ਾਨ ਸਾਹਿਬ ਦਾ ਚੋਲ਼ਾ ਚੜਾਉਣ ਸਮੇਂ ਸੌਖਿਆਈ ਰਹਿੰਦੀ ਹੈ। ਪੰਜਾਬ ਵਿੱਚ ਲਗਭਗ ਹਰ ਸਾਲ ਕਿਤੇ ਨਾਲ ਕਿਤੇ ਚੋਲਾ ਚੜਾਉਣ ਸਮੇਂ ਹਾਦਸਾ ਹੋ ਕੇ ਦੁਖਦਾਈ ਘਟਨਾ ਵਾਪਰ ਜਾਂਦੀ ਹੈ। ਇਸ ਪੱਖੋਂ ਇਹ ਸਿਸਟਮ ਅਪਣਾ ਲੈਣਾ ਚੰਗਾ ਹੋਵੇਗਾ। ਇਹ ਗੱਲ ਵੀ ਬੜੀ ਚੰਗੀ ਲੱਗੀ ਕਿ ਟਰਾਂਟੋ ਦੇ ਸਿੱਖਾਂ ਨੇ ਦਾਨ ਦੇ ਕੇ ਇੱਕ ਹਸਪਤਾਲ ਦੀ ਐਮਰਜੈਂਸੀ ਦਾ ਨਾਂ ਗੁਰੂ ਨਾਨਕ ਐਮਰਜੈਂਸੀ ਰਖਵਾਇਆ। ਸਾਨੂੰ ਅਜਿਹੀਆਂ ਪਰੰਪਰਾਵਾਂ ਦਾ ਅਨੁਕਰਨ ਕਰਨਾ ਚਾਹੀਦਾ ਹੈ। ਜ਼ਿਆਦਾ ਖੇਤਰਫਲ ਅਤੇ ਘੱਟ ਆਬਾਦੀ ਕਾਰਨ ਵੈਸੇ ਤਾਂ ਕੈਨੇਡਾ ਦਾ ਵਾਤਾਵਰਨ ਬੜਾ ਸ਼ੁੱਧ ਹੈ ਪਰ ਉੱਥੇ ਲੋਕ ਇਸ ਨੂੰ ਹੋਰ ਵੀ ਸ਼ੁੱਧ ਰੱਖਣ ਲਈ ਬਹੁਤ ਚੇਤਨ ਹਨ ਅਤੇ ਇਹ ਵੀ ਸਮਝਦੇ ਹਨ ਕਿ ਦੁਨੀਆਂ ਭਰ ਵਿੱਚ ਵਾਤਾਵਰਨ ਪ੍ਰਤੀ ਚੇਤਨਾ ਹੋਣੀ ਚਾਹੀਦੀ ਹੈ। ਇਸ ਲਈ ਬੜੇ ਪ੍ਰੇਰਨਾਦਾਇਕ ਅਤੇ ਸਖ਼ਤ ਕਾਨੂੰਨ ਹਨ। ਉਨਾਂ ਵਿੱਚੋਂ ਕੁਝ ਅਨੁਕਰਨਯੋਗ ਹਨ। ਉੱਥੇ ਕੁਝ ਸੜਕਾਂ ਉਪਰ ਕੁਝ ਲੇਨਾਂ ਵਿੱਚ ਸਿਰਫ਼ ਉਹੀ ਗੱਡੀਆਂ ਚੱਲ ਸਕਦੀਆਂ ਹਨ ਜਿਨਾਂ ਵਿੱਚ ਇੱਕ ਤੋਂ ਵਧੇਰੇ ਬੰਦੇ ਬੈਠੇ ਹੋਣ। ਉਨਾਂ ਦੇ ਇਸ ਕਾਨੂੰਨ ਦਾ ਮੰਤਵ ਲੋਕਾਂ ਨੂੰ ਇੱਕੋ ਕਾਰ ਵਿੱਚ ਸਫ਼ਰ ਕਰਨ ਲਈ ਉਤਸ਼ਾਹਿਤ ਕਰਨਾ ਹੈ ਕਿਉਂਕਿ ਅਜੇ ਇਸ ਲੇਨ ਵਿੱਚ ਟ੍ਰੈਫਿਕ ਘੱਟ ਹੁੰਦਾ ਹੈ ਅਤੇ ਵਿਅਕਤੀ ਮੰਜ਼ਿਲ 'ਤੇ ਜਲਦੀ ਪਹੁੰਚਦਾ ਹੈ।

ਇਸੇ ਪ੍ਰਕਾਰ ਪਲਾਸਟਿਕ ਦੀ ਬਜਾਏ ਘਰੋਂ ਥੈਲਾ ਲੈ ਕੇ ਜਾਣ ਵਾਲੇ ਵਿਅਕਤੀਆਂ ਨੂੰ ਥੈਲਾ ਦਿਖਾਉਣ 'ਤੇ ਬਿਲ ਵਿੱਚ ਛੋਟ ਦਿੱਤੀ ਜਾਂਦੀ ਹੈ। ਇਸ ਦਾ ਮੰਤਵ ਯੂਜ਼ ਐਂਡ ਥਰੋ ਦੀ ਰੁਚੀ ਘਟਾ ਕੇ ਮੁੜ ਵਰਤੋਂ ਦੀ ਆਦਤ ਪਾਉਣਾ ਹੈ। ਇੱਥੇ ਫਿਰ ਮੈਨੂੰ ਪੁਰਾਣਾ ਪੰਜਾਬ ਯਾਦ ਆਇਆ ਕਿ ਅੱਜ ਤੋਂ ਤੀਹ ਸਾਲ ਪਹਿਲਾਂ ਸਾਰਾ ਪੰਜਾਬ ਸੌਦਾ ਲੈਣ ਲਈ ਘਰੋਂ ਝੋਲਾ ਲੈ ਕੇ ਜਾਂਦਾ ਸੀ। ਆਧੁਨਿਕਤਾ ਦੀ ਗੱਡੀ ਚੜੇ ਪੰਜਾਬ ਨੂੰ ਕੈਨੇਡਾ ਵੱਲ ਵੇਖ ਕੇ ਹੀ ਆਪਣਾ ਪੁਰਾਤਨ ਵਿਰਸਾ ਮੁੜ ਸੁਰਜੀਤ ਕਰਨ ਲਈ ਹੰਭਲਾ ਮਾਰਨਾ ਚਾਹੀਦਾ ਹੈ।

ਕੈਨੇਡਾ ਵਿੱਚ ਇਸ ਸਮੇਂ ਲਗਭਗ ਹਰ ਕਾਰ ਵਿੱਚ ਲੱਗਿਆ ਲਗਾਇਆ ਜੀ.ਪੀ.ਐੱਸ. ਸਿਸਟਮ ਆਉਂਦਾ ਹੈ ਅਤੇ ਪੁਰਾਣੀਆਂ ਵਿੱਚ ਇਹ ਯੰਤਰ ਬਾਹਰੋਂ ਲਗਾਇਆ ਜਾਂਦਾ ਹੈ।

**ਬਾਕੀ ਸਫ਼ਾ 29 'ਤੇ**




ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੂਰਾ ਵਿਸ਼ਵ ਸਟੇਟ ਦੇ ਡੰਡੇ ਅਧੀਨ ਮਨੁਖੀ ਅਧਿਕਾਰਾਂ ਨੂੰ ਚੈਲਿੰਜ ਬਰਕਰਾਰ

**- ਗੁਰਪ੍ਰੀਤ**

ਕੋਰੋਨਾ ਦੀ ਬਿਮਾਰੀ ਦੇ ਵਧ ਰਹੇ ਮਰੀਜਾਂ ਤੇ ਮੌਤਾਂ ਕਾਰਨ ਇਸਨੂੰ ਮਹਾਂਮਾਰੀ ਐਲਾਨਿਆ ਜਾ ਰਿਹਾ ਹੈ। ਪਰ ਇਸ ਬਿਮਾਰੀ ਨਾਲ਼ ਸਿੱਝਣ ਦੇ ਨਾਮ ‘ਤੇ ਫਾਸੀਵਾਦ ਦੀ ਮਹਾਂਮਾਰੀ ਜਰੂਰ ਫੈਲ ਰਹੀ ਹੈ ਜੋ ਮਨੁੱਖਤਾ ਲਈ ਵੱਧ ਖਤਰਨਾਕ ਹੈ। ਸੰਸਾਰ ਦੇ ਵੱਖ-ਵੱਖ ਮੁਲਕਾਂ ਵਿੱਚ ਫਾਸੀਵਾਦੀ ਹੱਥਕੰਡੇ ਅਪਣਾਏ ਜਾ ਰਹੇ ਹਨ, ਫਾਸੀਵਾਦ ਅਤੇ ਘੋਰ ਸੱਜ ਪਿਛਾਖੜੀ ਰਾਜ ਲਈ ਤਜਰਬੇ ਹੋ ਰਹੇ ਹਨ ਜਿਹਨਾਂ ਵਿੱਚ ਕਈ ਇਸ ਬਿਮਾਰੀ ਦੇ ਲੰਘ ਜਾਣ ਤੋਂ ਬਾਅਦ ਵੀ ਉਹਨਾਂ ਸਮਾਜਾਂ ਦਾ ਸਥਾਈ ਹਿੱਸਾ ਬਣ ਜਾਣਗੇ ਤੇ ਲੋਕਾਂ ਲਈ ਮਾਰੂ ਸਿੱਧ ਹੋਣਗੇ। ਇਸ ਵੇਲੇ ਸੰਸਾਰ ਦੇ ਕਰੀਬ 175 ਦੇਸ਼ਾਂ ‘ਚ ਅੱਧਾ ਜਾਂ ਪੂਰਾ ਜਾਂ ਅੰਸ਼ਕ ਬੰਦ ਲਾਗੂ ਹੋ ਚੁੱਕਾ ਹੈ। ਇਸ ਬਿਮਾਰੀ ਨਾਲ਼ ਸਿੱਝਣ ਲਈ ਜਿਹੜੇ ਹੱਥਕੰਡੇ ਅਪਣਾਏ ਜਾ ਰਹੇ ਹਨ ਉਹਨਾਂ ਵਿੱਚ ਲੋਕਾਂ ਉੱਪਰ ਬਿਲਕੁਲ ਵੀ ਟੇਕ ਨਹੀਂ ਰੱਖੀ ਜਾ ਰਹੀ। ਸਗੋਂ ਲੋਕਾਂ ਨੂੰ ਮੂਰਖਾਂ-ਗੰਵਾਰਾਂ ਦੀ ਭੀੜ ਐਲਾਨਦੇ ਹੋਏ ਸਭ ਜਮਹੂਰੀ ਅਸੂਲ ਛਿੱਕੇ ਟੰਗ ਕੇ ਤਾਨਾਸ਼ਾਹ ਕਿਸਮ ਦੇ ਫਰਮਾਨ ਜਾਰੀ ਕੀਤੇ ਜਾ ਰਹੇ ਹਨ।

ਕੋਰੋਨਾ ਜਾਂ ਮੌਤ ਦੀ ਦਹਿਸ਼ਤ ਇੰਨੀ ਭਰੀ ਗਈ ਹੈ ਕਿ ਲੋਕਾਂ ਦਾ ਇੱਕ ਵੱਡਾ ਹਿੱਸਾ ਚੁੱਪਚਾਪ ਇਹਨਾਂ ਫਾਸੀਵਾਦੀ ਹੱਥਕੰਡਿਆਂ ਨੂੰ ਸਹਿਮਤੀ ਦੇ ਰਿਹਾ ਹੈ। ਲੋਕਾਂ ਨੂੰ ਤਸੱਲੀ ਨਾਲ਼ ਚੇਤੰਨ ਕਰਨ, ਉਹਨਾਂ ਦੀ ਪਹਿਲਕਦਮੀ ਜਗਾਉਣ, ਤੁਰੰਤ ਢੁੱਕਵੇਂ ਸਿਹਤ ਪ੍ਰਬੰਧ ਤੇ ਹਰ ਨਾਗਰਿਕ ਲਈ ਰੋਟੀ-ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰਾਂ ਕੋਲ਼ ਢੁੱਕਵੇਂ ਸਾਧਨ ਹਨ। ਪਰ ਇਸ ਤਰਾਂ ਦੇ ਉਪਰਾਲੇ ਕਰਨ ਦੀ ਥਾਂ ਤਾਨਾਸ਼ਾਹ ਹੱਥਕੰਡਿਆਂ ਨੂੰ ਹੀ ਇੱਕੋ-ਇੱਕ ਰਾਹ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਇੰਗਲੈਂਡ ਵਿੱਚ ਕੋਰੋਨਾ ਵਾਇਰਸ ਐਕਟ 2020 ਪਾਸ ਕੀਤਾ ਗਿਆ ਹੈ ਜੋ ਕੋਰੋਨਾ ਦੇ ਫੈਲਾਅ ਨੂੰ ਰੋਕਣ ਦੇ ਨਾਮ ‘ਤੇ ਕਿਸੇ ਵੀ ਨਾਗਰਿਕ ਨੂੰ ਗ੍ਰਿਫਤਾਰ ਕਰਨ ਦੀਆਂ ਅੰਨੀਆਂ ਤਾਕਤਾਂ ਸਰਕਾਰ ਨੂੰ ਦਿੰਦਾ ਹੈ। ਅਮਰੀਕਾ ਦਾ ਨਿਆਂ ਵਿਭਾਗ ਮੰਗ ਕਰ ਰਿਹਾ ਹੈ ਕਿ ਮੁੱਖ ਜੱਜਾਂ ਨੂੰ ਇਹ ਤਾਕਤ ਦਿੱਤੀ ਜਾਵੇ ਕਿ ਉਹ ਲੋਕਾਂ ਨੂੰ ਅਣਮਿੱਥੇ ਸਮੇਂ ਤੱਕ ਲਈ ਗ੍ਰਿਫਤਾਰ ਕਰ ਸਕਣ ਤੇ ਉਹਨਾਂ ਉੱਪਰ ਮੁਕੱਦਮਾ ਚਲਾ ਕੇ ਉਹਨਾਂ ਨੂੰ ਆਪਣੇ ਆਪ ਨੂੰ ਬੇਕਸੂਰ ਸਾਬਿਤ ਕਰਨ ਦਾ ਮੌਕਾ ਵੀ ਨਾ ਦਿੱਤਾ ਜਾਵੇ।

ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇ 1939 ਦੇ ਪੁਰਾਣੇ ਬਰਤਾਨਵੀ ਕਨੂੰਨ ਨੂੰ ਮੁੜ ਲਾਗੂ ਕੀਤਾ ਹੈ ਜੋ ਸੰਸਦ ਨੂੰ ਭੰਗ ਕਰਕੇ ਪੂਰੀ ਤਾਕਤ ਸਰਕਾਰ ਨੂੰ ਸੌਂਪ ਦਿੰਦਾ ਹੈ। ਉਸਨੇ ਘਰੇਲੂ ਸੁਰੱਖਿਆ ਏਜੰਸੀ ਨੂੰ ਹਰ ਨਾਗਰਿਕ ਉੱਪਰ ਨਜ਼ਰ ਰੱਖਣ (ਜਸੂਸੀ ਕਰਨ) ਦੇ ਹੁਕਮ ਦੇ ਦਿੱਤੇ ਹਨ। ਹੰਗਰੀ ਦੀ ਸੰਸਦ ਵਿੱਚ ਬਿਲ ਪਾਸ ਕਰਕੇ ਸਰਕਾਰ ਨੂੰ ਅਣਮਿੱਥੇ ਸਮੇਂ ਤੱਕ ਲਈ ਐਮਰਜੈਂਸੀ ਲਾਉਣ ਦੀ ਤਾਕਤ ਦੇ ਦਿੱਤੀ ਹੈ। ਹੰਗਰੀ ਦਾ ਪ੍ਰਧਾਨ ਮੰਤਰੀ ਵਿਕਟਰ ਓਰਬਨ ਹੁਣ ਇੱਕ ਅੰਨੀਆਂ ਤਾਕਤਾਂ ਦਾ ਮਾਲਕ ਤਾਨਾਸ਼ਾਹ ਹੈ ਤੇ ਉਹਨੂੰ ਕਿਸੇ ਵੀ ਫੈਸਲੇ ਲਈ ਸੰਸਦ ਦੀ ਸਲਾਹ ਲੈਣ ਦੀ ਲੋੜ ਨਹੀਂ। ਰੂਸ ਵਿੱਚ ਕੋਈ ਵਿਅਕਤੀ ਲਗਾਤਾਰ ਸਿਰਫ ਦੋ ਵਾਰ ਹੀ ਰਾਸ਼ਟਰਪਤੀ ਬਣ ਸਕਦਾ ਹੈ। ਪਰ ਪੂਤਿਨ ਨੇ ਵੀ ਵਕਤ ਦਾ ਲਾਹਾ ਲੈਂਦਿਆਂ ਕਨੂੰਨ ਪਾਸ ਕਰਕੇ ਇਸ ਹੱਦ ਨੂੰ ਖਤਮ ਕਰ ਦਿੱਤਾ ਹੈ। ਹਰ ਨਾਗਰਿਕ ਉੱਪਰ ਨਜ਼ਰ ਰੱਖਣ ਲਈ ਚਿਹਰੇ ਪਛਾਨਣ ਵਾਲ਼ੀ ਤਕਨੀਕ ਲਾਗੂ ਕੀਤੀ ਜਾ ਰਹੀ ਹੈ। ਪੇਰੂ ਵਿੱਚ ਬੰਦ ਤੋਂ ਬਾਅਦ ਫੌਜ ਨੂੰ ਸੜਕਾਂ ਉੱਪਰ ਤਾਇਨਾਤ ਕਰ ਦਿੱਤਾ ਗਿਆ ਹੈ। ਇਸ ਤਰਾਂ ਦੇ ਦ੍ਰਿਸ਼ ਸੰਸਾਰ ਦੇ ਹੋਰਨਾਂ ਮੁਲਕਾਂ ‘ਚ ਵੀ ਦਿਸ ਰਹੇ ਹਨ।

ਭਾਰਤ ਵਿੱਚ ਵੀ ਬੰਦ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ, ਸਗੋਂ ਪੁਲਿਸ ਦੇ ਗੁੰਡਾਰਾਜ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਕੋਰੋਨਾ ਦੇ ਰੂਪ ਵਿੱਚ ਸਾਹਮਣੇ ਖੜੀ ਮੌਤ ਦੀ ਦਹਿਸ਼ਤ ਨਾਲ ਇਹਨਾਂ ਹੱਥਕੰਡਿਆਂ ਨੂੰ ਲੋਕਾਂ ਦੇ ਇੱਕ ਹਿੱਸੇ ਵਿੱਚੋਂ ਹਮਾਇਤ ਵੀ ਮਿਲ਼ ਰਹੀ ਹੈ। ਫਾਸੀਵਾਦ ਦੀ ਇੱਕ ਖ਼ੂਬੀ ਇਹ ਹੁੰਦੀ ਹੈ ਕਿ ਸਰਮਾਏਦਾਰਾ ਪ੍ਰਬੰਧ ਵੱਲੋਂ ਦਿੱਤੀਆਂ ਜਾ ਰਹੀਆਂ ਬੇਰੁਜ਼ਗਾਰੀ, ਸੰਕਟ ਤੇ ਕੰਗਾਲੀ ਵਰਗੀਆਂ ਹਾਲਤਾਂ ਲਈ ਲੋਕਾਂ ਸਾਹਮਣੇ ਇੱਕ ਨਕਲੀ ਦੁਸ਼ਮਣ ਪੇਸ਼ ਕਰਦਾ ਹੈ। ਭਾਵ ਸਮਾਜ ਦੀ ਇੱਕ ਘੱਟਗਿਣਤੀ ਨੂੰ ਉਹ ਇਹਨਾਂ ਸਮੱਸਿਆਵਾਂ ਲਈ ਜ਼ਿੰਮੇਵਾਰ ਦੱਸਦੇ ਬਹੁਗਿਣਤੀ ਨੂੰ ਉਸ ਖਿਲਾਫ ਕਰਦਾ ਹੈ ਤੇ ਇੰਝ ਲੋਕ ਰੋਹ ਨੂੰ ਸਰਮਾਏਦਾਰਾ ਪ੍ਰਬੰਧ ਦੀ ਥਾਂ ਹੋਰ ਪਾਸੇ ਜਾਣ ਲਈ ਮਜ਼ਬੂਰ ਕਰਦਾ ਹੈ। ਹੁਣ ਇਹ ਕੋਰੋਨਾ ਦੇ ਨਾਮ ਹੇਠ ਹੋ ਰਿਹਾ ਹੈ। ਭਾਰਤ ਵਿੱਚ ਤਬਲੀਗੀ ਜਮਾਤ ਦੇ ਬਹਾਨੇ ਗੋਦੀ ਮੀਡੀਆ ਨੇ ਜੋ ਕੋਰੋਨਾ ਜੇਹਾਦ ਦਾ ਰੌਲਾ ਪਾਇਆ ਹੈ ਉਸ ਨਾਲ਼ ਲੋਕਾਂ ਵਿੱਚ ਮੁਸਲਮਾਨਾਂ ਲਈ ਨਫਰਤ, ਸ਼ੱਕ ਤੇ ਡਰ ਵਧ ਰਿਹਾ ਹੈ। ਇਸੇ ਤਰਾਂ ਸੰਸਾਰ ਦੇ ਹੋਰਨਾਂ ਮੁਲਕਾਂ ‘ਚ ਪ੍ਰਵਾਸੀਆਂ ਬਾਰੇ ਇਸ ਤਰਾਂ ਦੀ ਧਾਰਨਾ ਵਧ ਰਹੀ ਹੈ ਜੋ ਫਾਸੀਵਾਦੀ ਹਾਕਮਾਂ ਦੇ ਸੂਤ ਆ ਰਹੀ ਹੈ। ਚੀਨੀ ਲੋਕ ਅੱਜ ਲਗਭਗ ਪੂਰੇ ਸੰਸਾਰ ਵਿੱਚ ਹੀ ਨਸਲੀ ਵਿਤਕਰੇ ਦਾ ਸਾਹਮਣਾ ਕਰ ਰਹੇ ਹਨ।

ਜੇਕਰ ਪਿਛਲੇ ਦੋ ਮਹੀਨਿਆਂ ਦੌਰਾਨ ਵਾਪਰੇ ਘਟਨਾਕ੍ਰਮ ਨੂੰ ਦੇਖਿਆ ਜਾਵੇ ਤਾਂ ਇਹ ਕਿਆਫ਼ੇ ਨਿਰਅਧਾਰ ਸਨ। ਅਸਲ ਵਿੱਚ ਕੋਰੋਨਾ ਮਹਾਂਮਾਰੀ ਨੇ ਇਨਾਂ ਦੋਹਾਂ ਆਗੂਆਂ ਨੂੰ ਆਪਣੇ ਕਾਰਜ ਖੇਤਰਾਂ ਨੂੰ ਨਵੇਂ ਸਿਰਿਓਂ ਤੈਅ ਕਰਨ ਲਈ ਮਜਬੂਰ ਕਰ ਦਿੱਤਾ। ਕੋਰੋਨਾ ਮਹਾਂਮਾਰੀ ਨੂੰ ਰੋਕਣ ਲਈ ਸਮਾਜਿਕ ਇੱਕਜੁੱਟਤਾ ਤੇ ਸਭ ਵਿਰੋਧੀ ਧਿਰਾਂ ਨੂੰ ਨਾਲ ਲੈਣਾ ਜ਼ਰੂਰੀ ਹੋ ਗਿਆ ਸੀ। ਇਹ ਜ਼ਿੰਮੇਵਾਰੀ ਨਰਿੰਦਰ ਮੋਦੀ ਨੇ ਆਪਣੇ ਸਿਰ ਲੈ ਲਈ। ਇਸ ਨਾਲ ਇਹ ਖ਼ਤਰਾ ਪੈਦਾ ਹੋ ਗਿਆ ਕਿ ਸਮਾਜਿਕ ਇਕਜੁੱਟਤਾ ਭਾਜਪਾ ਦੇ ਫਿਰਕੂ ਏਜੰਡੇ ਲਈ ਨੁਕਸਾਨਦਾਇਕ ਸਾਬਤ ਹੋ ਸਕਦੀ ਹੈ, ਇਸ ਲਈ ਹਿੰਦੂਤਵੀ ਏਜੰਡੇ ਨੂੰ ਜਿਉਂਦਾ ਰੱਖਣ ਦੀ ਜ਼ਿੰਮੇਵਾਰੀ ਅਮਿਤ ਸ਼ਾਹ ਨੇ ਓਟ ਲਈ। ਉਹ ਪੂਰੀ ਤਰਾਂ ਗੁਪਤਵਾਸ ਵਿੱਚ ਚਲੇ ਗਏ, ਇੱਥੋਂ ਤੱਕ ਕਿ 22 ਮਾਰਚ ਦੇ ਜਨਤਾ ਕਰਫ਼ਿਊ ਦੌਰਾਨ ਜਦੋਂ ਸਭ ਕੇਂਦਰੀ ਮੰਤਰੀ ਆਪਣੀਆਂ ਥਾਲੀਆਂ ਵਜਾਉਂਦਿਆਂ ਦੀਆਂ ਫ਼ੋਟੋਆਂ ਸੋਸ਼ਲ ਮੀਡੀਆ ਉੱਤੇ ਪਾ ਰਹੇ ਸਨ, ਅਮਿਤ ਸ਼ਾਹ ਕਿਤੇ ਵੀ ਦਿਖਾਈ ਨਾ ਦਿੱਤੇ। ਅਸਲ ਵਿੱਚ ਉਹ ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਯਤਨਸ਼ੀਲ ਸਨ। ਉਨਾ ਨੂੰ ਸਭ ਤੋਂ ਪਹਿਲੀ ਸਫ਼ਲਤਾ ਤਬਲੀਗੀ ਮਰਕਜ਼ ਵਿੱਚ ਜੁੜੇ ਤਬਲੀਗੀਆਂ ਦੇ ਤੌਰ ਉੱਤੇ ਮਿਲੀ। ਕਿਸੇ ਨੇ ਇਹ ਜਾਨਣ ਦੀ ਕੋਸ਼ਿਸ਼ ਨਾ ਕੀਤੀ ਕਿ ਉਨਾਂ ਨੂੰ ਇਹ ਇਕੱਠ ਕਰਨ ਦੀ ਮਨਜ਼ੂਰੀ ਕਿਸ ਨੇ ਦਿੱਤੀ ਤੇ ਜਦੋਂ ਉਨਾਂ ਉਥੋਂ ਨਿਕਲਣ ਲਈ ਬੱਸਾਂ ਵਾਸਤੇ ਪਾਸ ਮੰਗੇ ਤਾਂ ਕਿਉਂ ਨਾ ਦਿੱਤੇ ਗਏ, ਬੱਸ ਇੱਕੋ ਹੀ ਰੱਟ ਲਾਉਣੀ ਸ਼ੁਰੂ ਕਰ ਦਿੱਤੀ ਗਈ ਕਿ ਦੇਸ਼ ਭਰ ਵਿੱਚ ਕੋਰੋਨਾ ਫੈਲਾਉਣ ਦੇ ਮੁੱਖ ਦੋਸ਼ੀ ਮੁਸਲਮਾਨ ਹਨ। ਇਹ ਮੁਹਿੰਮ ਦੇਸ਼ ਭਰ ਵਿੱਚ ਫੈਲਾਉਣ ਲਈ ਭਾਜਪਾ ਦੇ ਸੋਸ਼ਲ ਮੀਡੀਆ ਸੈੱਲ ਤੇ ਗੋਦੀ ਮੀਡੀਆ ਨੇ ਕੋਈ ਕਸਰ ਨਾ ਛੱਡੀ। ਹੁਣ ਤੱਕ ਨਫ਼ਰਤ ਦੀ ਇਹ ਅੱਗ ਲੱਗਭੱਗ ਸਭ ਸੂਬਿਆਂ ਵਿੱਚ ਫੈਲ ਚੁੱਕੀ ਹੈ। ਇਸ ਤੋਂ ਬਿਨਾਂ ਵੀ ਭਾਜਪਾ ਮੀਡੀਆ ਸੈੱਲ ਨੇ ਮੁਸਲਮਾਨਾਂ ਵੱਲੋਂ ਭਾਂਡੇ ਚੱਟ ਕੇ, ਥਾਂ-ਥਾਂ ਥੁੱਕ ਕੇ ਤੇ ਫਲਾਂ-ਸਬਜ਼ੀਆਂ ਨੂੰ ਥੁੱਕ ਲਾ ਕੇ ਕੋਰੋਨਾ ਫੈਲਾਉਣ ਦੀਆਂ ਝੂਠੀਆਂ ਵੀਡੀਓਜ਼ ਰਾਹੀਂ ਨਫ਼ਰਤ ਦੀ ਇਸ ਅੱਗ ਨੂੰ ਲਗਾਤਾਰ ਮਘਦੀ ਰੱਖਿਆ ਹੋਇਆ ਹੈ। ਤਾਜ਼ਾ ਘਟਨਾ ਮੁੰਬਈ ਦੀ ਹੈ, ਜਿੱਥੇ ਗੱਡੀਆਂ ਚੱਲਣ ਦੀ ਅਫ਼ਵਾਹ ਤੋਂ ਬਾਅਦ ਇਕੱਠੇ ਹੋਏ ਮਜ਼ਦੂਰਾਂ ਨੂੰ ਵੀ ਮਸਜਿਦ ਨਾਲ ਜੋੜ ਦਿੱਤਾ ਗਿਆ। ਇਹ ਸਿਲਸਿਲਾ ਲਗਾਤਾਰ ਜਾਰੀ ਹੈ ਤੇ ਗ੍ਰਹਿ ਮੰਤਰੀ ਦੀ ਅਗਵਾਈ ਵਿੱਚ ਜਾਰੀ ਰਹੇਗਾ।

ਗ੍ਰਹਿ ਮੰਤਰੀ ਦਾ ਕੰਮ ਹੁੰਦਾ ਹੈ ਸਮੁੱਚੇ ਦੇਸ਼ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣਾ। ਭਾਜਪਾ ਦੇ ਆਗੂਆਂ ਤੇ ਮੋਦੀ-ਸ਼ਾਹ ਦੇ ਅੰਧ-ਭਗਤਾਂ ਵੱਲੋਂ ਲਗਾਤਾਰ ਅਫ਼ਵਾਹਾਂ ਫੈਲਾਉਣ ਦੇ ਬਾਵਜੂਦ ਗ੍ਰਹਿ ਮੰਤਰਾਲਾ ਟੱਸ ਤੋਂ ਮੱਸ ਨਹੀਂ ਹੋ ਰਿਹਾ, ਪਰ ਪੱਛਮੀ ਬੰਗਾਲ ਦੀ ਸਰਕਾਰ ਵਿਰੁੱਧ ਅਮਿਤ ਸ਼ਾਹ ਦੇ ਗ੍ਰਹਿ ਮੰਤਰਾਲੇ ਦੇ ਹਮਲੇ ਲਗਾਤਾਰ ਜਾਰੀ ਹਨ। ਹੁਣੇ ਜਿਹੇ ਗ੍ਰਹਿ ਮੰਤਰਾਲੇ ਨੇ ਪੱਛਮੀ ਬੰਗਾਲ ਸਰਕਾਰ ਨੂੰ ਚੇਤਾਵਨੀ ਜਾਰੀ ਕੀਤੀ ਹੈ ਕਿ ਉਹ 7 ਇਲਾਕਿਆਂ ਵਿੱਚ ਲਾਕਡਾਊਨ ਲਾਗੂ ਕਰਨ ਵਿੱਚ ਨਾਕਾਮ ਰਹੀ ਹੈ। ਇਨਾਂ ਵਿੱਚੋਂ 5 ਮੁਸਲਮਾਨ ਬਹੁ-ਗਿਣਤੀ ਵਾਲੇ ਹਨ। ਇਸ ਦੇ ਵਿਰੋਧ ਵਿੱਚ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨਾਲ ਵੀਡੀਓ ਕਾਨਫ਼ਰੰਸ ਦੌਰਾਨ ਇਹ ਸਪੱਸ਼ਟ ਦੋਸ਼ ਲਾਇਆ ਕਿ ਉਨਾ ਦੇ ਰਾਜ ਵਿੱਚ ਫ਼ਿਰਕੂ ਵਾਇਰਸ ਫੈਲਾਇਆ ਜਾ ਰਿਹਾ ਹੈ।

ਦੋ ਹਫ਼ਤੇ ਪਹਿਲਾਂ ਗ੍ਰਹਿ ਮੰਤਰਾਲੇ ਦੀ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਨਾਗਰਿਕਤਾ ਕਾਨੂੰਨਾਂ ਦੇ ਵਿਰੋਧ ਵਿੱਚ ਹੋਈਆਂ ਹਿੰਸਕ ਘਟਨਾਵਾਂ ਦੀ ਜਾਂਚ ਤੇਜ਼ ਕੀਤੀ ਜਾਵੇ। ਨਤੀਜੇ ਵਜੋਂ ਪਿਛਲੇ ਹਫ਼ਤੇ ਜਾਮੀਆ ਮਿਲੀਆ ਦੇ ਦੋ ਵਿਦਿਆਰਥੀ ਆਗੂਆਂ ਸਮੇਤ ਹੁਣ ਤੱਕ 800 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ ਕਿ ਇਨਾਂ ਵਿੱਚੋਂ ਬਹੁਤੇ ਮੁਸਲਮਾਨ ਭਾਈਚਾਰੇ ਨਾਲ ਸੰਬੰਧ ਰੱਖਦੇ ਹਨ ਜਾਂ ਉਨਾਂ ਦੇ ਇਸ ਸੰਘਰਸ਼ ਪ੍ਰਤੀ ਹਮਦਰਦੀ ਰੱਖਣ ਵਾਲੇ ਹਨ।

ਬਾਕੀ ਸਫ਼ਾ 29 ’ਤੇ



## 23 ਅਪ੍ਰੈਲ ਵਿਸ਼ਵ ਪੁਸਤਕ ਦਿਵਸ ਤੇ ਵਿਸ਼ੇਸ਼

# ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ



- ਇਕਵਾਕ ਸਿੰਘ ਪੱਟੀ

ਕਿਤਾਬ ਜਾਂ ਪੁਸਤਕ ਸਾਡੇ ਜੀਵਨ ਵਿੱਚ ਇੱਕ ਅਹਿਮ ਮਹੱਤਤਾ ਰੱਖਦੀ ਹੈ। ਪੁਸਤਕਾਂ ਪੜ ਕੇ ਲੋਕਾਂ ਦੇ ਜੀਵਨ ਵਿੱਚ ਐਸੇ ਬਦਲਾਵ ਆਏ ਕਿ ਉਹਨਾਂ ਦੁਨੀਆਂ ਦੇ ਜਿਉਣ ਦੇ ਤੌਰ ਤਰੀਕੇ ਹੀ ਬਦਲ ਦਿੱਤੇ। ਕਹਿੰਦੇ ਨੇ 'ਪੁਸਤਕ ਹੱਥ ਵਿੱਚ ਹੋਵੇ ਤਾਂ ਸ਼ਿੰਗਾਰ ਹੁੰਦੀ ਹੈ, ਸਿਰ ਤੇ ਚੜ ਜਾਵੇ ਤਾਂ ਹੰਕਾਰ ਹੁੰਦੀ ਹੈ ਪਰ ਜੇ ਦਿਲ ਵਿੱਚ ਵੱਸ ਜਾਵੇ ਤਾਂ ਪਿਆਰ ਹੁੰਦੀ ਹੈ।'

ਜੇਕਰ ਅਸੀਂ ਕਿਤਾਬਾਂ ਨਾ ਪੜਨ ਦੇ ਸ਼ੌਕ ਨੂੰ ਆਪਣੀ ਜਿੰਦਗੀ ਦਾ ਇੱਕ ਵੱਡਾ ਔਗੁਣ ਮੰਨ ਲਈਏ ਤਾਂ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋਣਗੀਆਂ, ਕਿਉਂਕਿ ਬੇਸ਼ੱਕ ਸਾਡੇ ਘਰ ਪਰਿਵਾਰ ਵਿੱਚ ਤਕਨੌਲਜੀ ਸਬੰਧੀ ਅਤੇ ਅਗਾਂਹਵਧੂ ਜ਼ਮਾਨੇ ਦੀਆਂ ਹਰ ਤਰਾਂ ਦੀ ਸੁੱਖ ਸਹੂਲਤਾਂ ਮੌਜੂਦ ਹੋਣ ਪਰ ਜੇਕਰ ਘਰ ਦੇ ਵਿੱਚ ਕੋਈ ਕਿਤਾਬਾਂ/ਪੁਸਤਕਾਂ ਪੜਨ ਦਾ ਸ਼ੌਕੀਨ ਨਹੀਂ ਹੈ ਜਾਂ ਸਾਹਿਤ ਨੇ ਕਦੇ ਸਾਡੇ ਘਰ ਦੀ ਦਿਹਲੀਜ਼ ਪਾਰ ਨਹੀਂ ਕੀਤੀ ਤਾਂ ਅਜਿਹੇ ਘਰ ਨੂੰ ਬੌਧਿਕ ਤੌਰ ਤੇ ਸੱਖਣਾ ਘਰ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਤੇ ਇਹ ਮੇਰੇ ਸਮਾਜ ਜਾਂ ਸਾਡੇ ਪੰਜਾਬੀ ਸਮਾਜ ਦਾ ਇੱਕ ਕੌੜਾ ਸੱਚ ਹੈ। ਜਦਕਿ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਤਰਾਂ ਪੱਛਮੀ ਸਮਾਜ ਤੋਂ ਅਸੀਂ ਆਪਣੇ ਕੱਪੜਿਆਂ ਤੋਂ ਲੈ ਕੇ ਰਹਿਣ ਸਹਿਣ ਅਤੇ ਖਾਣ ਪੀਣ ਤੱਕ ਦੀ ਨਕਲ ਕਰਦੇ ਹਾਂ ਉਸ ਪੱਛਮੀ ਸਮਾਜ ਵਿੱਚ ਸਾਹਿਤ ਨੂੰ ਆਪਣੀ ਜਿੰਦਗੀ ਵਿੱਚ ਸੱਭ ਤੋਂ ਅਹਿਮ ਸਥਾਨ ਦਿੱਤਾ ਜਾਂਦਾ ਹੈ। ਕੋਈ ਤਿਉਹਾਰ ਹੋਵੇ ਜਾਂ ਫਿਰ ਖੁਸ਼ੀ ਦਾ ਕੋਈ ਮੌਕਾ ਉੱਥੇ ਤੋਹਫੇ ਵਜੋਂ ਕਿਤਾਬਾਂ ਦਾ ਅਦਾਨ ਪ੍ਰਦਾਨ ਕੀਤਾ ਜਾਂਦਾ ਹੈ। ਕਿਉਂਕਿ ਕਿਤਾਬਾਂ ਸਾਨੂੰ ਦੁਨੀਆ ਦੇ ਵਿਦਵਾਨਾਂ/ਬੁੱਧੀਜੀਵੀਆਂ ਦੇ ਤਜ਼ਰਬੇ ਅਤੇ ਦੇਸ਼ ਦੁਨੀਆ ਸਬੰਧੀ ਹਰ ਪੱਖ ਤੋਂ ਹਰ ਵਿਸ਼ੇ ਤੇ ਭਰਪੂਰ ਗਿਆਨ ਦਿੰਦੀਆਂ ਹਨ ਉੱਥੇ ਜਿੰਦਗੀ ਜਿਉਣ ਦਾ ਢੰਗ ਵੀ ਦੱਸਦੀਆਂ ਹਨ। ਇਹੀ ਕਾਰਣ ਹੈ ਕਿ ਅੰਗਰੇਜ਼ੀ ਦੇ ਪ੍ਰਸਿੱਧ ਵਿਦਵਾਨ ਰਾਬਰਟ ਸਾਊਥੇ ਨੇ ਕਿਹਾ ਸੀ, 'ਪੁਸਤਕਾ— ਮੇਰੀਆਂ— ਸਭ ਤੋ— ਚੰਗੀਆਂ ਦੋਸਤ ਹਨ, ਜੋ ਹਮੇਸ਼ਾਂ ਦੁੱਖ ਵਿੱਚ ਮੈਨੂੰ ਸਹਾਰੇ ਦਾ ਅਤੇ ਦਰਦ ਵਿੱਚ ਅਰਾਮ ਦਾ ਅਹਿਸਾਸ ਕਰਾਉਂਦੀਆਂ ਹਨ।'

ਹੁਣ ਅਸੀਂ ਆਪਣੇ ਸਮਾਜ ਦੀ ਗੱਲ ਕਰੀਏ ਤਾਂ ਪੜਨ ਵਾਲਿਉ ਪਾਸੇ ਤੋਂ ਸਾਡਾ ਆਦਮ ਨਿਰਾਲਾ ਹੀ ਹੈ, ਕਿਉਂਜੁ ਅਸੀਂ ਆਪਣੀ ਪੜਨ ਵਾਲੀ ਰੁਚੀ ਨੂੰ ਪੈਦਾ ਹੀ ਨਹੀਂ ਹੋਣ ਦਿੰਦੇ ਇੱਥੋਂ ਤੱਕ ਕੇ ਸਾਡੇ ਨੌਜਵਾਨ ਜਾਂ ਵਿਦਿਆਰਥੀ ਵੀ ਆਪਣੇ ਸਿਲੇਬਸ ਦੀਆਂ ਕਿਤਾਬਾਂ ਨੂੰ ਪੜਨ ਵੇਲੇ ਵੀ ਬੜੀ ਔਖ ਮਹਿਸੂਸ ਕਰਦੇ ਹਨ ਤਾਂ ਸਿਲੇਬਸ ਤੋਂ ਬਾਹਰ ਦੀਆਂ ਕਿਤਾਬਾਂ ਨੂੰ ਪੜਨਾ ਤਾਂ ਉਹਨਾਂ ਦੇ ਵੱਸ ਦੀ ਗੱਲ ਹੀ ਨਹੀਂ। ਸਿੱਟੇ ਵਜੋਂ ਸਾਡੇ ਪੰਜਾਬੀ ਸੱਭਿਆਚਾਰ ਵਿੱਚ ਲਾਇਬ੍ਰੇਰੀਆਂ ਦੀ ਗਿਣਤੀ ਘੱਟ ਹੁੰਦੀ ਜਾ ਰਹੀ ਹੈ। ਇੱਥੇ ਪ੍ਰਸਿੱਧ ਲੇਖਕ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਵੱਲੋਂ ਸਮਾਜ ਦੀ ਇਸ ਹਾਲਤ ਤੇ ਇੱਕ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਬੜੀ ਵਾਜ਼ਬ ਗੱਲ ਕਹੀ ਸੀ ਜੋ ਇੱਥੇ ਲਿਖਣੀ ਕੁਥਾਂਹ ਨਹੀਂ ਹੋਵੇਗੀ ਉਹ ਲਿਖਦੇ ਹਨ, 'ਕਾਨੂੰਨ, ਥਾਣੇ, ਅਦਾਲਤਾਂ, ਜੇਲਾਂ ਆਦਿ ਮਨੁੱਖ ਦੀ ਜਹਾਲਤ ਅਤੇ ਮੂਰਖਤਾ ਵਿਚੋਂ ਉਪਜੀਆਂ ਸੰਸਥਾਵਾਂ ਹਨ। ਸਹੀ ਅਰਥਾਂ ਵਿਚ ਸਮਾਜ ਉਦੋ— ਉੱਨਤੀ ਕਰੇਗਾ ਜਦੋ— ਅਦਾਲਤਾਂ, ਥਾਣਿਆਂ ਅਤੇ ਜੇਲਾਂ ਨਾਲੋਂ ਸਾਡੀਆ— ਲਾਇਬ੍ਰੇਰੀਆਂ ਵੱਡੀਆਂ ਅਤੇ ਵਧੇਰੇ ਹੋਣਗੀਆਂ।' ਹੁਣ ਲਾਇਬ੍ਰੇਰੀਆਂ ਤਾਂ ਹੀ ਵੱਡੀਆਂ ਹੋਣਗੀਆਂ ਜਦੋਂ ਪੜਨ ਵਾਲੇ ਵਧੇਰੇ ਹੋਣਗੇ। ਜਿੰਦਗੀ ਵਿੱਚ ਕਿਤਾਬਾਂ ਦੀ ਅਹਿਮੀਅਤ ਦਰਸਾਉਂਦੇ ਹੋਏ ਡਿਸਕੇਰਟਸ ਲਿਖਦਾ ਹੈ ਕਿ, 'ਚੰਗੀਆ— ਕਿਤਾਬਾਂ— ਪੜਣਾ ਉਸੇ ਤਰਾ— ਹੈ, ਜਿਵੇ— ਬੀਤੀਆਂ— ਸਦੀਆਂ— ਦੇ ਵਧੀਆ ਮਨੁੱਖਾਂ— ਨਾਲ ਗੱਲਬਾਤ ਕਰਨਾ।'ਇਸੇ ਤਰਹਾਂ ਰਸੂਲ ਹਮਜ਼ਾਤੋਵ ਦਾ ਕਥਨ ਹੈ, 'ਕਿਤਾਬਾਂ— ਤੋ— ਬਿਨਾਂ— ਕੋਈ ਜਾਤੀ ਉਸ ਆਦਮੀ ਵਰਗੀ ਹੈ, ਜਿਸਦੀਆ— ਅੱਖਾਂ— 'ਤੇ ਪੱਟੀ ਬੰਨੀ ਹੋਵੇ।' ਇਸੇ ਤਰਾਂ ਗੁਰਦਿਆਲ ਸਿੰਘ ਲਿਖਦੇ ਹਨ, 'ਜੇ ਕਰ ਪੁਸਤਕਾਂ— ਨਾ ਹੁੰਦੀਆਂ— ਤਾਂ— ਸੰਸਾਰ ਵਿਚ ਪਾਗਲਾਂ— ਦੀ ਗਿਣਤੀ ਵੱਧ ਹੁੰਦੀ।' ਕਿਤਾਬਾਂ ਬਾਰੇ ਗੰਗਾਧਰ ਤਿਲਕ ਦੇ ਵਿਚਾਰ ਬੜੇ ਖੂਬ ਹਨ ਉਹ ਕਹਿੰਦੇ ਹਨ, 'ਮੈਂ ਨਰਕ ਵਿੱਚ ਵੀ ਚੰਗੀਆਂ— ਪੁਸਤਕਾਂ ਦਾ ਸਵਾਗਤ ਕਰਾਂਗਾ ਕਿਉਂਕਿ ਉਨਾਂ ਵਿੱਚ ਇਹ ਸ਼ਕਤੀ ਹੈ ਕਿ ਜਿੱਥੇ ਵੀ ਉਹ ਹੋਣਗੀਆਂ, ਉੱਥੇ ਹੀ ਸਵਰਗ ਬਣ ਜਾਏਗਾ।' ਪਰ ਸਾਡੇ ਤਾਂ ਇੱਥੇ ਘਰਾਂ ਵਿੱਚ ਅਖਬਾਰਾਂ ਵੀ ਲੋਕ ਘੱਟ ਹੀ ਪੜਦੇ ਹਨ।

ਸ਼ਾਇਦ ਇਸੇ ਕਰਕੇ ਲੋਕਾਂ ਦੇ ਵਿੱਚ ਪੁਸਤਕ ਪ੍ਰੇਮ ਪੈਦਾ ਕਰਨ ਲਈ ਇੱਕ ਖ਼ਾਸ ਦਿਨ ਮਿੱਥ ਲਿਆ ਗਿਆ। ਦੁਨੀਆ ਭਰ ਵਿੱਚ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਇਸ ਦਿਨ ਨੂੰ ਨਿਰਧਾਰਤ ਤੌਰ ਤੇ ਮਨਾਉਣ ਦੀ ਸ਼ੁਰੂਆਤ 23 ਅਪ੍ਰੈਲ 1995 ਤੋਂ ਯੂਨੈਸਕੋ ਵੱਲੋਂ ਕੀਤੀ ਗਈ ਸੀ ਅਤੇ ਇਸਨੂੰ ਵਿਸ਼ਵ ਪੁਸਤਕ ਦਿਵਸ ਜਾਂ ਪੁਸਤਕ ਪ੍ਰਕਾਸ਼ਨ ਅਧਿਕਾਰ ਦੇ ਤੌਰ ਤੇ ਮਨਾਇਆ ਜਾਣ ਲੱਗ ਪਿਆ। ਪਹਿਲੀ ਵਾਰ ਪੁਸਤਕ ਦਿਹਾੜਾ 23 ਅਪ੍ਰੈਲ 1923 ਨੂੰ ਸਪੇਨ ਵਿੱਚ ਮਨਾਇਆ ਗਿਆ ਸੀ। ਜਦਕਿ 1923 ਤੋਂ ਪਹਿਲਾਂ ਇਹ ਦਿਨ ਗੁਲਾਬ ਦਿਨ ਵੱਜੋਂ ਮਨਾਇਆ ਜਾਂਦਾ ਸੀ ਅਤੇ ਇਸ ਦਿਨ ਲੋਕ ਇੱਕ ਦੂਜੇ ਨੂੰ ਗੁਲਾਬ ਦਾ ਫੁੱਲ ਦਿਆ ਕਰਦੇ ਸਨ, ਪਰ ਇਸੇ ਦਿਨ ਸਪੇਨ ਦੇ ਪ੍ਰਸਿੱਧ ਲੇਖਕ ਮਿਗੁਏਲ ਦੇ ਸਰਵਾਂਤੇਸ ਦੀ ਮੌਤ ਹੋ ਗਈ ਸੀ, ਜਿਸ ਕਰਕੇ ਇਹ ਦਿਨ ਸਪੇਨ ਦੇ ਲੋਕਾਂ ਨੇ ਸ਼ਰਧਾਂਜਲੀ ਦੇ ਰੂਪ ਵਿੱਚ ਇੱਕ ਦੂਜੇ ਨੂੰ ਪੁਸਤਕਾਂ ਦੇ ਕੇ ਮਨਾਇਆ ਗਿਆ। ਜੋ ਕਿ ਵਿਸ਼ਵ ਭਰ ਵਿੱਚ ਪੁਸਤਕ ਦਿਵਸ ਮਨਾਉਣ ਦਾ ਪ੍ਰੇਰਨਾ ਸਰੋਤ ਬਣਿਆ।

ਇਤਫਾਕ ਵੱਸ ਵੈਸੇ 23 ਅਪ੍ਰੈਲ ਦਾ ਦਿਨ ਵਿਸ਼ਵ ਸਾਹਿਤ ਦੇ ਖੇਤਰ ਵਿੱਚ ਕਈ ਮਹਾਨ ਲੇਖਕਾਂ ਦੇ ਜਨਮ ਅਤੇ ਮੌਤ ਦੇ ਦਿਨ ਨਾਲ ਵੀ ਸਬੰਧ ਰੱਖਦਾ ਹੈ। ਵਿਲੀਅਮ ਸ਼ੇਕਸਪੀਅਰ ਦੀ ਜਨਮ ਅਤੇ ਮੌਤ (1564-1616 ਈ:) ਵੀ ਇਸੇ ਦਿਨ ਹੋਈ ਸੀ। ਮਿਗੈਲ ਦੇ ਸਰਵਾ—ਤੇਸ, ਪੇਰੂ ਦੇ ਇੰਕਾ ਗਾਰਸੀਲਾਸੋ ਡੀ ਲਾ ਵੇਗਾ (ਪ੍ਰਸਿੱਧ ਲੇਖਕ 23 ਅਪ੍ਰੈਲ 1616) ਜੋਸੇਪ ਪਲਾ (ਸਪੇਨ ਦਾ ਪੱਤਰਕਾਰ ਅਤੇ ਲੇਖਕ 23 ਅਪ੍ਰੈਲ 1981), ਪੀ.ਐੱਲ. ਟਰੇਵਰਸ (ਅਸਟ੍ਰੇਲੀਆ ਦੀ ਪ੍ਰਸਿੱਧ ਨਾਵਲਕਾਰ ਅਤੇ ਪੱਤਰਕਾਰ 23 ਅਪ੍ਰੈਂਲ 1996) ਦੇ ਦਿਹਾ—ਤ ਇਸ ਦਿਨ ਹੋਏ ਸਨ। ਮਾਰੀਸ ਦਰੂਓ (ਫਰਾਂਸਸੀਸੀ ਸਾਹਿਤਕਾਰ 23 ਅਪ੍ਰੈਲ 1918) ਵਲਾਦੀਮੀਰ ਨਾਬੋਕੋਵ (ਰੂਸੀ ਅਮਰੀਕੀ ਨਾਵਲਕਾਰ), ਮੈਨੁਇਲ ਮੇਜ਼ੀਆ ਵਲੇਜ਼ੋ (ਕੋਲੰਬੀਆਈ ਪੱਤਰਕਾਰ ਅਤੇ ਲੇਖਕ 23 ਅਪ੍ਰੈਲ 1923) ਅਤੇ ਹਾਲਦਾਰ ਲੈਕਸਨੈਸ (ਆਈਸਲੈਂਡ ਦਾ ਲੇਖਕ 23 ਅਪ੍ਰੈਲ 1902) ਜਿਹੇ ਕਈ ਹੋਰ ਮਹੱਤਵਪੂਰਨ ਲੇਖਕਾਂ ਦਾ ਜਨਮ ਇਸੇ ਦਿਨ ਹੋਇਆ ਸੀ।

ਖ਼ੈਰ! 'ਵਿਸ਼ਵ ਪੁਸਤਕ ਦਿਵਸ' ਪੜਨ ਅਤੇ ਪੁਸਤਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਹੁਣ ਜਾਣਿਆ-ਪਛਾਣਿਆ ਦਿਵਸ ਬਣ ਗਿਆ ਹੈ। ਇਹ ਦਿਨ ਇੱਕ ਸੌ ਤੋਂ ਵੱਧ ਦੇਸ਼ਾਂ ਵਿੱਚ ਮਨਾਇਆ ਜਾ—ਦਾ ਹੈ। ਇਸ ਮੌਕੇ ਯੂਨੈਸਕੋ ਵੱਲੋਂ ਹਰ ਸਾਲ ਵਿਸ਼ਵ ਦੇ ਕਿਸੇ ਇੱਕ ਦੇਸ਼ ਦੇ ਸ਼ਹਿਰ ਨੂੰ 'ਯੂਨੈਸਕੋ ਵਿਸ਼ਵ ਪੁਸਤਕ ਰਾਜਧਾਨੀ' ਦਾ ਦਰਜਾ ਪ੍ਰਦਾਨ ਕੀਤਾ ਜਾਂਦਾ ਹੈ। ਉਹ ਸ਼ਹਿਰ ਉਸ ਵਿਸ਼ੇਸ਼ ਸਾਲ, ਜੋ 23 ਅਪ੍ਰੈਲ ਤੋ— ਅਗਲੇ ਸਾਲ 22 ਅਪ੍ਰੈਲ ਤੱਕ ਹੁੰਦਾ ਹੈ। ਭਾਰਤ ਦੀ ਰਾਜਧਾਨੀ ਦਿੱਲੀ ਸ਼ਹਿਰ ਨੂੰ ਸਾਲ 2005 ਵਿੱਚ ਵਿਸ਼ਵ ਪੁਸਤਕ ਰਾਜਧਾਨੀ ਬਣਨ ਦਾ ਮਾਣ ਪ੍ਰਾਪਤ ਹੋਇਆ ਸੀ।

ਦੋਸਤੋ! ਚੰਗੀ ਕਿਤਾਬ ਰੂਹ ਦੀ ਖੁਰਾਕ ਹੁੰਦੀ ਹੈ। ਭਾਵੇਂ ਕਿ ਅੱਜ ਕੱਲ ਇੰਟਰਨੈੱਟ ਦੇ ਜ਼ਮਾਨੇ ਵਿੱਚ ਹਰ ਵਿਸ਼ੇ ਤੇ ਜਾਣਕਾਰੀ ਪ੍ਰਾਪਤ ਕਰਨਾ ਬੜਾ ਸੌਖਾ ਹੋ ਗਿਆ ਹੈ, ਪਰ ਬਾਵਜੂਦ ਇਸਦੇ ਪੁਸਤਕ ਪੜਨ ਦਾ ਇੱਕ ਆਪਣਾ ਹੀ ਸੁਆਦ ਹੈ। ਮੈਂ ਤਾਂ ਕਹਿੰਦਾ ਹੁੰਦਾ ਪੁਸਤਕਾਂ ਦਾ ਸੰਸਾਰ ਸੱਭ ਤੋਂ ਅਜ਼ਾਦ ਸੰਸਾਰ ਹੈ ਅਤੇ ਤੁਸੀਂ ਇਸ ਸੰਸਾਰ ਵਿੱਚ ਮੁਕੰਮਲ ਅਜ਼ਾਦੀ ਮਾਣ ਸਕਦੇ ਹੋ, ਜੀਅ ਸਕਦੇ ਹੋ, ਅਨੰਦਿਤ ਹੋ ਸਕਦੇ ਹੋ ਅਤੇ ਗਿਆਨਵਾਨ ਬਣ ਸਕਦੇ ਹੋ। ਇਸ ਲਈ ਆਉ! 23 ਅਪ੍ਰੈਲ ਦੀ ਦਿਨ ਕੋਈ ਵੀ ਨਾਵਲ, ਕਹਾਣੀ, ਕਵਿਤਾ, ਨਾਟਕ ਜਾਂ ਆਪਣੀ ਪਸੰਦ ਦੇ ਕਿਸੇ ਵਿਸ਼ੇ ਦੀ ਕੋਈ ਇੱਕ ਪੁਸਤਕ ਖ਼ੀਦ ਕੇ ਪੜਨਾ ਸ਼ੁਰੂ ਕਰੀਏ, ਸ਼ਾਇਦ ਕੋਈ ਮਨ ਤੇ ਕੋਈ ਅਸਰ ਹੋ ਜਾਵੇ। ਗੁਰਬਾਣੀ ਅੰਦਰ ਵੀ ਦਰਜ ਹੈ:

**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥**

ਤਾਂ ਫਿਰ ਸੋਚਣਾ ਕਿਉਂ? ਆਉ! ਸ਼ੁਰੂਆਤ ਕਰੀਏ।
ਪੁਸਤਕ ਪੜੀਏ, ਪੁਸਤਕ ਵਿਚਾਰੀਏ!
ਪੁਸਤਕ ਪੜ ਕੇ ਜੀਵਨ ਸੰਵਾਰੀਏ!!

---

# ਸੱਪ ਤੋਂ ਨਹੀਂ ਡਰਦੀ ਸਿਹ ਤੋਂ ਨਹੀਂ ਡਰਦੀ ...



- ਚਾਨਣ ਦੀਪ ਸਿੰਘ ਔਲਖ

ਛੋਟੇ ਹੁੰਦਿਆਂ ਇੱਕ ਗੱਲ ਸੁਣਦੇ ਸੀ ਕਿ ਜੰਗਲ ਚ ਇੱਕ ਘਰ ਵਿੱਚ ਇੱਕ ਔਰਤ ਰਹਿੰਦੀ ਸੀ। ਉਸ ਦੇ ਘਰ ਦੀ ਛੱਤ ਬਰਸਾਤ ਕਾਰਨ ਥਿਮਕਣ (ਤੁਪਕੇ ਡਿਗਣੇ) ਲੱਗ ਗਈ। ਉਹ ਬਹੁਤ ਪਰੇਸ਼ਾਨ ਹੋ ਗਈ ਅਤੇ ਉੱਚੀ ਉੱਚੀ ਕਹਿਣ ਲੱਗੀ "ਸੱਪ ਤੋਂ ਨਹੀਂ ਡਰਦੀ ਸਿਹ ਤੋਂ ਨਹੀਂ ਡਰਦੀ ਆਹ ਤੁਪਕੇ ਨੇ ਮਾਰੀ"। ਨਜ਼ਦੀਕ ਹੀ ਸ਼ੇਰ ਖੜਾ ਸੁਣ ਰਿਹਾ ਸੀ। ਉਹ ਸੁਣ ਕੇ ਬੜਾ ਹੈਰਾਨ ਹੋਇਆ ਕਿ ਜੰਗਲ ਵਿੱਚ ਅਜਿਹਾ ਕਿਹੜਾ ਖਤਰਨਾਕ ਜਾਨਵਰ ਆਇਆ ਹੈ ਜੋ ਇਹ ਔਰਤ ਸੱਪ ਤੇ ਸ਼ੇਰ ਤੋਂ ਡਰਨ ਦੀ ਬਜਾਏ ਉਸ ਤੋਂ ਡਰਦੀ ਹੈ। ਹੌਲੀ ਹੌਲੀ ਇਹ ਗੱਲ ਸਾਰੇ ਜੰਗਲ ਵਿੱਚ ਫੈਲ ਗਈ ਅਤੇ ਸਾਰੇ ਜਾਨਵਰ ਤੁਪਕੇ ਤੋਂ ਡਰਨ ਲੱਗ ਗਏ। ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਮੌਕੇ ਦੀ ਮੁਸੀਬਤ ਸਭ ਤੋਂ ਵੱਡੀ ਮੁਸੀਬਤ ਹੁੰਦੀ ਹੈ। ਹੁਣ ਉਸ ਤੁਪਕੇ ਵਾਂਗ ਸਾਰੀ ਦੁਨੀਆਂ ਨੂੰ ਇਸ ਮਹਾਂਮਾਰੀ ਨੇ ਮੁਸੀਬਤ ਵਿੱਚ ਪਾਇਆ ਹੋਇਆ ਹੈ।

ਇਤਿਹਾਸ ਵਿੱਚ ਸਮੇਂ ਸਮੇਂ ਤੇ ਬੜੀਆਂ ਮਹਾਂਮਾਰੀਆਂ ਆਇਆਂ ਅਤੇ ਗਈਆਂ ਪਰ ਸ਼ਾਇਦ ਹੀ ਐਨਾ ਲੰਬਾ ਸਮਾਂ ਘਰਾਂ ਵਿੱਚ ਕੈਦ ਰਹਿਣਾ ਪਿਆ ਹੋਵੇਗਾ। ਲੱਗਭੱਗ ਹਰੇਕ ਬਿਮਾਰੀ ਦਾ ਇਲਾਜ ਲੱਭ ਲਿਆ ਗਿਆ ਪਰ ਇਸ ਕੋਵਿਡ-19 ਦੀ ਹਾਲੇ ਤੱਕ ਕੋਈ ਦਵਾਈ ਨਹੀਂ ਬਣ ਸਕੀ। ਦੂਸਰਾ ਇਸ ਦਾ ਆਮ ਸੰਪਰਕ ਜਿਵੇਂ ਹੱਥ ਮਿਲਾਉਣ, ਛੂਹਣ ਆਦਿ ਨਾਲ ਫੈਲਣਾ ਖ਼ਤਰੇ ਦਾ ਵੱਡਾ ਕਾਰਨ ਹੈ। ਇਸ ਸਾਰਸ ਕਰੋਨਾ ਵਾਇਰਸ-2 ਨੇ ਪੂਰੀ ਦੁਨੀਆਂ ਦੇ ਲੋਕਾਂ ਦੀ ਜਿੰਦਗੀ ਦੀ ਦੌੜ-ਭੱਜ ਨੂੰ ਬਰੇਕਾਂ ਲਗਾ ਦਿੱਤੀਆਂ ਹਨ। ਇਸ ਨਾਲ ਸਿਰਫ ਕੁੱਝ ਵਿਅਕਤੀ ਜਾਂ ਦੇਸ਼ ਨਹੀਂ ਸਗੋਂ ਹਰ ਵਿਅਕਤੀ, ਹਰ ਵਰਗ ਅਤੇ ਹਰ ਦੇਸ਼ ਪ੍ਰਭਾਵਿਤ ਹੋ ਰਿਹਾ ਹੈ। ਹਰ ਕਿਸੇ ਦੇ ਦਿਲੋ ਦਿਮਾਗ ਤੇ ਇਸ ਦਾ ਖੌਫ ਸਾਫ ਦਿਖਾਈ ਦੇ ਰਿਹਾ ਹੈ। ਹਰ ਇੱਕ ਦੀ ਨਜ਼ਰ ਖ਼ਬਰਾਂ ਤੇ ਟਿਕੀ ਰਹਿੰਦੀ ਹੈ ਕਿ ਕਿੱਥੇ ਕਿੰਨੇ ਮਰੀਜ਼ ਪਾਜਟਿਵ ਆਏ ਕੌਣ ਕੀਹਦੇ ਸੰਪਰਕ ਚ ਕਿਵੇਂ ਆਇਆ। ਨਾਲ ਲੱਗਦੇ ਜਿਲੇ ਵਿੱਚ ਵੀ ਜੇ ਇੱਕ ਕੇਸ ਪਾਜਟਿਵ ਆ ਜਾਂਦਾ ਹੈ ਤਾਂ ਡਰ ਦਾ ਮਹੌਲ ਬਣ ਜਾਂਦਾ ਹੈ। ਜੇਕਰ ਭੇਜੇ ਗਏ ਸੈਂਪਲ ਨੈਗੇਟਿਵ ਆ ਜਾਣ ਤਾਂ ਸਭ ਰਾਹਤ ਮਹਿਸੂਸ ਕਰਦੇ ਹਨ।

ਬਿਮਾਰੀ ਦੀ ਲਾਗ ਦੇ ਡਰ ਨਾਲ ਨਾਲ ਲੋਕਾਂ ਨੂੰ ਆਪਣੀ ਭੁੱਖ, ਕਾਰੋਬਾਰ, ਆਰਥਿਕ ਘਾਟੇ ਆਦਿ ਦਾ ਡਰ ਵੀ ਘੁਣ ਵਾਂਗ ਖਾ ਰਿਹਾ ਹੈ। ਹਰ ਵਰਗ ਚਾਹੇ ਉਹ ਕਿਸਾਨ, ਮਜ਼ਦੂਰ, ਵਪਾਰੀ, ਵਿਦਿਆਰਥੀ ਆਦਿ ਕੋਈ ਵੀ ਹੋਵੇ ਬੁਰੀ ਤਰਾਂ ਪ੍ਰਭਾਵਿਤ ਹੋਇਆ ਹੈ।ਸਰਕਾਰਾਂ ਆਪਣੀ ਜਗਾ ਸਹੀ ਹਨ ਕਿਉਂਕਿ ਤਾਲਾਬੰਦੀ ਤੋਂ ਵਗੈਰ ਬਿਮਾਰੀ ਦੀ ਲਾਗ ਨੂੰ ਰੋਕ ਪਾਉਣਾ ਮੁਸ਼ਕਿਲ ਕੰਮ ਸੀ।

ਤਾਲਾਬੰਦੀ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਦੇ ਪੇਪਰ ਵਿਚਕਾਰ ਹੀ ਰੱਦ ਹੋ ਗਏ ਹਨ। ਅਗਲੀਆਂ ਕਲਾਸਾਂ ਦੀ ਪੜਾਈ ਪ੍ਰਭਾਵਿਤ ਹੋ ਰਹੀ ਹੈ। ਭਾਵੇਂ ਸਕੂਲਾਂ ਵੱਲੋਂ ਆਨਲਾਈਨ ਸਿੱਖਿਆ ਦੇਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਪਰ ਇਹ ਅਸਲ ਕਲਾਸਾਂ ਵਾਲੀ ਸਿੱਖਿਆ ਦਾ ਬਦਲ ਨਹੀਂ ਹੋ ਸਕਦੇ ਕਿਉਂਕਿ ਬਹੁਤ ਸਾਰੇ ਵਿਦਿਆਰਥੀਆਂ ਕੋਲ ਆਨਲਾਈਨ ਸਿੱਖਿਆ ਪ੍ਰਾਪਤ ਕਰਨ ਦੇ ਸਾਧਨ ਮੌਜੂਦ ਨਹੀਂ ਹਨ।

ਕਿਸਾਨਾਂ ਦੀ ਗੱਲ ਕਰੀਏ ਤਾਂ ਹਾੜੀ ਦਾ ਸੀਜ਼ਨ ਸਿਰ 'ਤੇ ਹੈ। ਛੇ ਮਹੀਨੇ ਦੀ ਮਿਹਨਤ ਮਗਰੋਂ ਦਾਣੇ ਜਾਂ ਚਾਰ ਪੈਸੇ ਘਰ ਆਉਣੇ ਹਨ। ਪਰ ਤਾਲਾਬੰਦੀ ਦੇ ਚਲਦਿਆਂ ਚਿਹਰੇ ਮੁਰਝਾਏ ਹੋਏ ਹਨ। ਪਹਿਲਾਂ ਹੀ ਕਰਜੇ ਦੀ ਮਾਰ ਸਹਿ ਰਹੇ ਕਿਸਾਨਾਂ ਨੂੰ ਜਮੀਨ ਦਾ ਭਰਿਆ ਠੇਕਾ ਸਿਰ ਟੁੱਟਣ ਦਾ ਡਰ ਸਤਾ ਰਿਹਾ ਹੈ। ਭਾਵੇਂ ਸਰਕਾਰ ਵਲੋਂ ਪਾਸ ਜਾਰੀ ਕੀਤੇ ਜਾ ਰਹੇ ਹਨ ਪਰ ਐਨੇ ਥੋੜੇ ਸਮੇਂ ਵਿੱਚ ਕੰਮ ਨਿਪਟਾਉਣਾ ਔਖਾ ਹੈ।

ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪੇਟ ਭਰਨ ਵਾਲੇ ਲੋਕਾਂ ਲਈ ਤਾਲਾਬੰਦੀ ਦਾ ਸਮਾਂ ਬੜਾ ਔਖਾ ਹੈ। ਮਜ਼ਦੂਰ ਲੋਕ ਜੋ ਰੋਜ ਕਮਾਉਂਦੇ ਹਨ ਉਹ ਹੀ ਖਾਂਦੇ ਹਨ। ਪਰ ਤਾਲਾਬੰਦੀ ਕਾਰਨ ਸਭ ਕੰਮ ਬੰਦ ਹਨ। ਇਸ ਕਰਕੇ ਉਨਾਂ ਨੂੰ ਆਪਣੇ ਪਰਿਵਾਰ ਪਾਲਣੇ ਔਖੇ ਹੋ ਗਏ ਹਨ। ਭਾਵੇਂ ਸਰਕਾਰ ਅਤੇ ਕੁਝ ਸੰਸਥਾਵਾਂ ਲੰਗਰ, ਰਾਸ਼ਣ ਆਦਿ ਪਹੁੰਚਾ ਰਹੀਆਂ ਹਨ ਪਰ ਫਿਰ ਵੀ ਹਰ ਇੱਕ ਤੱਕ ਰਾਸ਼ਣ ਪਹੁੰਚਣਾ ਮੁਸ਼ਕਿਲ ਹੈ।

ਵਪਾਰੀ ਲੋਕ ਵੀ ਇਸ ਲਾਕਡਾਊਨ ਕਰਕੇ ਡਾਢੇ ਪਰੇਸ਼ਾਨ ਹਨ। ਬਹੁਤ ਸਾਰੀਆਂ ਵਸਤੂਆਂ ਤੇ ਪੈਸਾ ਲੱਗਿਆ ਹੈ ਪਰ ਵਿਕਰੀ ਰੁਕਣ ਕਾਰਨ ਲਾਭ ਦੀ ਥਾਂ ਨੁਕਸਾਨ ਉਠਾਉਣਾ ਪੈ ਰਿਹਾ ਹੈ। ਕਈ ਤਰਾਂ ਦਾ ਮਾਲ ਤਾਂ ਖਰਾਬ ਹੋ ਰਿਹਾ ਹੈ ਤੇ ਵਪਾਰੀਆਂ ਨੂੰ ਮੋਟਾ ਘਾਟਾ ਸਹਿਣਾ ਪੈ ਰਿਹਾ ਹੈ। ਦੂਸਰੇ ਪਾਸੇ ਹੋਰ ਖਰਚੇ, ਕਿਰਾਏ ਅਤੇ ਇਲੈਕਟਰਸਿਟੀ ਬਿਲ ਜਿਉਂ ਦੀ ਤਿਉਂ ਪੈ ਰਹੇ ਹਨ। ਇਸ ਕਰਕੇ ਵਪਾਰੀ ਅਤੇ ਦੁਕਾਨਦਾਰ ਬਹੁਤ ਚਿੰਤਤ ਹਨ।

ਉਪਰੋਕਤ ਤੋਂ ਇਲਾਵਾ ਜੇਕਰ ਕਹੀਏ ਤਾਂ ਕੱਲਾ ਕੱਲਾ ਇਨਸਾਨ ਕੋਈ ਘੱਟ ਕੋਈ ਜਿਆਦਾ ਇਸ ਮਹਾਂਮਾਰੀ ਅਤੇ ਲਾਕਡਾਉਨ ਨਾਲ ਪ੍ਰਭਾਵਿਤ ਜ਼ਰੂਰ ਹੋਇਆ ਹੈ। ਪਰ ਜੇਕਰ ਜਿੰਦਗੀ ਦੀ ਸੁਰੱਖਿਆ ਦੇ ਮੱਦੇਨਜ਼ਰ ਵੇਖੀਏ ਤਾਂ ਤਾਲਾਬੰਦੀ ਨਾਲ ਸਮਾਜਿਕ ਦੂਰੀ ਬਣਾਏ ਬਿਨਾਂ ਇਸ ਬਿਮਾਰੀ ਨਾਲ ਬਹੁਤ ਸਾਰੀਆਂ ਜਾਨਾਂ ਜਾ ਸਕਦੀਆਂ ਸਨ। ਜਿਵੇਂ ਕਹਿੰਦੇ ਹਨ ਕਿ ਜੇਕਰ ਜਾਨ ਹੈ ਤਾਂ ਜਹਾਨ ਹੈ। ਜੇਕਰ ਜਿੰਦਾ ਰਹੇ ਤਾਂ ਹਰ ਤਰਾਂ ਦੇ ਘਾਟੇ ਪੂਰੇ ਜਾ ਸਕਦੇ ਹਨ।

ਜਿਵੇਂ ਸਿਹਤ ਕਰਮੀ, ਪੁਲਸ ਕਰਮੀ, ਸਫ਼ਾਈ ਕਰਮੀ, ਸਮਾਜ ਸੇਵੀ ਅਤੇ ਹੋਰ ਆਪਣੀਆਂ ਡਿਊਟੀਆਂ ਨਿਭਾ ਰਹੇ ਹਨ ਉਸੇ ਤਰਾਂ ਆਪਾਂ ਸਭ ਨੂੰ ਆਪਣੀ ਡਿਊਟੀ ਸਮਝਦੇ ਹੋਏ ਤਾਲਾਬੰਦੀ ਦਾ ਪਾਲਣ ਕਰਨਾ ਚਾਹੀਦਾ ਹੈ ਅਤੇ ਸਮਾਜਿਕ ਦੂਰੀ ਬਣਾਏ ਰੱਖਣ ਵਿੱਚ ਯੋਗਦਾਨ ਦੇਣਾ ਹੈ। ਕਿਉਂਕਿ ਸਭ ਦੇ ਸਹਿਯੋਗ ਨਾਲ ਹੀ ਇਸ ਨਾਮੁਰਾਦ ਬੀਮਾਰੀ ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਨੂੰ ਲੋੜਵੰਦ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਸਰਕਾਰ ਨੂੰ ਵੀ ਲੋਕਾਂ ਦੀ ਆਰਥਿਕ ਸਥਿਤੀ ਨੂੰ ਸਮਝਦੇ ਹਰ ਇੱਕ ਵਰਗ ਨੂੰ ਕੁੱਝ ਆਰਥਿਕ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ।

ਅੰਮ੍ਰਿਤਸਰ ਟਾਈਮਜ਼
AMRITSAR TIMES

22 ਅਪ੍ਰੈਲ 2020 ਤੋਂ 28 ਅਪ੍ਰੈਲ 2020

## ਪੰਜਾਬ ਸਾਰਾ ਜੀਂਦਾ...

ਆਧੁਨਿਕ ਪੰਜਾਬੀ ਕਵਿਤਾ ਦੇ ਪਿਤਾਮਾ ਪ੍ਰੋ. ਪੂਰਨ ਸਿੰਘ ਨੇ ਆਪਣੀ ਕਵਿਤਾ 'ਜਵਾਨ ਪੰਜਾਬ ਦੇ' ਵਿਚ ਲਿਖਿਆ ਹੈ :

**ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ...**

ਪੰਜਾਬ ਬਾਰੇ ਉਨਾਂ ਦੀਆਂ ਕਵਿਤਾਵਾਂ ਅਤੇ ਵਿਚਾਰ ਹਮੇਸ਼ਾ ਸਾਰਥਕ ਰਹੇ ਹਨ। ਕੋਵਿਡ-19 ਦੀ ਮਹਾਂਮਾਰੀ ਦੇ ਇਸ ਦੌਰ ਵਿਚ ਪੰਜਾਬ ਆਪਣੇ ਉਸੇ ਕਿਰਦਾਰ ਦੀ ਸ਼ਾਹਦੀ ਭਰਦਾ ਨਜ਼ਰ ਆ ਰਿਹਾ ਹੈ ਜੋ ਪ੍ਰੋ. ਪੂਰਨ ਸਿੰਘ ਨੇ ਬਿਆਨਿਆ ਹੈ। ਪੰਜਾਬੀਆਂ ਨੇ ਹਰੇਕ ਮੁਸ਼ਕਲ, ਆਫ਼ਤ, ਸੰਕਟ, ਹਮਲੇ ਦਾ ਡਟ ਕੇ ਮੁਕਾਬਲਾ ਕੀਤਾ ਹੈ। ਨੋਵਲ ਕਰੋਨਾ ਵਾਇਰਸ ਤੋਂ ਪੰਜਾਬ ਦੇ 19 ਜ਼ਿਲੇ ਪੀੜਤ ਹਨ ਜਿਨਾਂ ਵਿਚੋਂ ਮੋਹਾਲੀ, ਜਲੰਧਰ, ਪਟਿਆਲਾ ਅਤੇ ਪਠਾਨਕੋਟ ਵਿਚ ਸਭ ਤੋਂ ਵੱਧ ਅਸਰ ਹੈ ਤੇ ਬਾਕੀ ਜ਼ਿਲਿਆਂ ਵਿਚ ਰੋਗ ਗ੍ਰਸਤ ਲੋਕਾਂ ਦੀ ਗਿਣਤੀ ਕੁਝ ਘੱਟ ਹੈ। ਭਾਵੇਂ ਮਾਰਚ ਮਹੀਨੇ ਹੋਲੇ ਮਹੱਲੇ ਸਮੇਂ ਇਸ ਵਾਇਰਸ ਦੇ ਭਾਰਤ ਵਿਚ ਆਉਣ ਅਤੇ ਫੈਲਣ ਦੀ ਚਰਚਾ ਸ਼ੁਰੂ ਹੋ ਗਈ ਸੀ ਪਰ ਪੰਜਾਬ ਵਿਚ ਖ਼ਾਲਸੇ ਦੀ ਜਨਮ ਭੂਮੀ ਵਿਖੇ ਇਹ ਤਿਓਹਾਰ ਪੂਰੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ। ਇਸ ਤੋਂ ਬਾਅਦ ਜਦ ਸੂਬੇ ਵਿਚ ਇਸ ਦੇ ਜਰਾਸੀਮ ਫੈਲਣ ਸਬੰਧੀ ਮਾਮਲੇ ਸਾਹਮਣੇ ਆਉਣੇ ਸ਼ੁਰੂ ਹੋਏ ਤਾਂ ਪ੍ਰਸ਼ਾਸਨ ਦਾ ਸਾਥ ਦਿੰਦਿਆਂ ਲੋਕਾਂ ਨੇ ਵੀ ਜ਼ਾਬਤੇ ਦਾ ਸਬੂਤ ਦਿੱਤਾ। ਇਸ ਵਿਸ਼ਾਣੂ ਦੇ ਫੈਲਾਅ ਦੀ ਗੰਭੀਰਤਾ ਨੂੰ ਵੇਖਦਿਆਂ ਪੰਜਾਬੀਆਂ ਨੇ ਬਿਨਾਂ ਕੋਈ ਜਿੱਦ ਕੀਤਿਆਂ ਆਪਣੇ ਸਾਰੇ ਕਾਰ ਵਿਹਾਰ ਖਾਸ ਕਰਕੇ ਵਿਸਾਖੀ ਵਰਗੇ ਚਹਿਲ ਪਹਿਲ ਵਾਲੇ ਤਿਓਹਾਰ ਵੀ ਘਰਾਂ ਵਿਚ ਰਹਿ ਕੇ ਪੂਰੇ ਅਨੁਸ਼ਾਸਨ ਤਹਿਤ ਮਨਾਏ। ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੇ ਇਸ ਬੀਮਾਰੀ ਦੇ ਟਾਕਰੇ ਲਈ ਜੋ ਰਣਨੀਤੀ ਬਣਾਈ ਜਾਂ ਕਦਮ ਚੁੱਕੇ ਹਨ ਉਸ ਨੂੰ ਇਕ ਪਾਸੇ ਰੱਖ ਧਾਰਮਿਕ ਸੰਥਾਵਾਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਮੇਂ ਸਮੇਂ ਬਹੁਤ ਹੀ ਦੂਰ ਦ੍ਰਿਸ਼ਟੀ ਅਤੇ ਸੂਝ ਬੂਝ ਵਾਲੇ ਬਿਆਨ ਦੇ ਕੇ ਸਿੱਖ ਕੌਮ ਨੂੰ ਸੇਧ ਹੀ ਨਹੀਂ ਦਿੱਤੀ ਬਲਕਿ ਹੋਰਨਾਂ ਹਲਕਿਆਂ ਵਿਚ ਵੀ ਇਸ ਦੀ ਵਡਿਆਈ ਹੋਈ ਹੈ। ਇਥੋਂ ਤੱਕ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਵੀ ਸਮੇਂ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਵੱਲ ਮੁਖ਼ਾਤਿਬ ਹੋ ਕੇ ਕੌਮ ਲਈ ਦਿਸ਼ਾ ਨਿਰਦੇਸ਼ ਦੀ ਯਾਚਨਾ ਕਰਦੇ ਆ ਰਹੇ ਹਨ।

ਸੂਬੇ ਵਿਚ ਲਗਭਗ ਇਕ ਮਹੀਨੇ ਤੋਂ ਚੱਲ ਰਹੇ ਕਰਫਿਊ ਅਤੇ ਤਾਲਾਬੰਦੀ ਦੇ ਦੌਰ ਵਿਚ ਪ੍ਰਵਾਸੀ ਮਜ਼ਦੂਰਾਂ, ਦਿਹਾੜੀਦਾਰ ਕਾਮਿਆਂ ਅਤੇ ਗਰੀਬਾਂ ਦਾ ਪੇਟ ਭਰਨ ਦੀ ਸਮੱਸਿਆ ਸਭ ਤੋਂ ਵੱਡਾ ਚੈਲਿੰਜ ਸੀ। ਪੰਜਾਬੀਆਂ ਖ਼ਾਸ ਕਰਕੇ ਸਿੱਖ ਸੰਸਥਾਵਾਂ ਨੇ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਵੀ ਮੋਰਚਾ ਸੰਭਾਲਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਦੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੋਂ ਇਲਾਵਾ ਹੋਰ ਸਿੱਖ ਸੰਗਠਨਾਂ ਨੇ ਉਸੇ ਦਿਨ ਤੋਂ ਲੋੜਵੰਦਾਂ ਲਈ ਦੋ ਵੇਲੇ ਦੀ ਰੋਟੀ ਦਾ ਪ੍ਰਬੰਧ ਕੀਤਾ ਹੋਇਆ ਹੈ। ਤਿਆਰ ਲੰਗਰ ਤੋਂ ਇਲਾਵਾ ਗਰੀਬਾਂ ਨੂੰ ਸੁੱਕਾ ਸੀਧਾ ਵੀ ਪਹੁੰਚਾਇਆ ਜਾ ਰਿਹਾ ਹੈ। ਕੋਈ 20 ਦਿਨ ਪਹਿਲਾਂ ਜੰਮੂ ਕਸ਼ਮੀਰ ਸਰਕਾਰ ਨੇ ਉਨਾਂ 1200 ਕਸ਼ਮੀਰੀ ਮਜ਼ਦੂਰਾਂ ਤੋਂ ਆਪਣੇ ਹੀ ਸੂਬੇ ਵਿਚ ਦਾਖ਼ਲ ਹੋਣ ਤੋਂ ਮਨਾ ਕਰ ਦਿੱਤਾ ਸੀ ਜੋ ਵੱਖ ਵੱਖ ਸੂਬਿਆਂ ਤੋਂ ਆ ਕੇ ਪਠਾਨਕੋਟ ਨੇੜੇ ਇਕੱਤਰ ਹੋਏ ਸਨ। ਪੰਜਾਬ ਪੁਲਿਸ ਨੇ ਹੋਰ ਸੰਸਥਾਵਾਂ ਦੀ ਮਦਦ ਨਾਲ ਉਨਾਂ ਦੇ ਠਹਿਰਨ ਦਾ ਪ੍ਰਬੰਧ ਕੀਤਾ ਅਤੇ ਉਨਾਂ ਨੂੰ ਖਾਣਾ ਮੁਹੱਈਆ ਕੀਤਾ। ਇਸ ਤੋਂ ਬਾਅਦ ਉਨਾਂ ਦੀ ਮੈਡੀਕਲ ਜਾਂਚ ਕਰਕੇ ਜੰਮੂ ਕਸ਼ਮੀਰ ਭੇਜਿਆ।

ਇਸ ਸੰਕਟ ਦੀ ਘੜੀ ਵਿਚ ਜਿੱਥੇ ਸਰਕਾਰਾਂ, ਪ੍ਰਸ਼ਾਸਨ ਅਤੇ ਸਿਹਤ ਮਹਿਕਮਾ ਆਪਣਾ ਫਰਜ਼ ਨਿਭਾਅ ਰਹੇ ਹਨ, ਉਥੇ ਬਹੁਤ ਸਾਰੀਆਂ ਕਿਸਾਨ ਮਜ਼ਦੂਰ ਅਤੇ ਹੋਰ ਜਥੇਬੰਦੀਆਂ ਆਪਣੇ ਤੌਰ 'ਤੇ ਰਾਹਤ ਕਾਰਵਾਈਆਂ 'ਚ ਲੱਗੀਆਂ ਹੋਈਆਂ ਹਨ। ਭਾਰਤੀ ਕਿਸਾਨ ਯੂਨੀਅਨਾਂ ਪਿੰਡਾਂ ਵਿਚ ਲੋੜਵੰਦਾਂ ਤੱਕ ਰਾਸ਼ਨ ਪੁਚਾ ਰਹੀਆਂ ਹਨ। ਭੱਠਿਆਂ ਅਤੇ ਹੋਰ ਗੈਰ ਜਥੇਬੰਦਕ ਖੇਤਰਾਂ ਵਿਚ ਰਹਿੰਦੇ ਕਿਰਤੀਆਂ ਦੀ ਵੀ ਸਹਾਇਤਾ ਕੀਤੀ ਜਾ ਰਹੀ ਹੈ।

ਜੇਕਰ ਇਸ ਸੰਕਟ ਦੇ ਦੌਰ ਵਿਚ ਪੰਜਾਬ ਤੋਂ ਬਾਹਰ, ਨਾਂਦੇੜ, ਮੱਧ ਪ੍ਰਦੇਸ਼ ਅਤੇ ਹੋਰਨਾਂ ਸੂਬਿਆਂ ਵਿਚ ਤਾਲਾਬੰਦੀ ਕਾਰਨ ਫਸੇ ਸਿੱਖ ਸ਼ਰਧਾਲੂਆਂ ਪ੍ਰਤੀ ਸਰਕਾਰਾਂ ਦੀ ਬੇਰੁਖੀ ਵੱਲ ਵੇਖਿਆ ਜਾਵੇ ਤਾਂ ਅਫ਼ਸੋਸ ਵੀ ਹੁੰਦਾ ਹੈ ਕਿ ਕੁਝ ਸਿਆਸੀ ਹਸਤੀਆਂ ਤੇ ਸੰਗਠਨਾਂ ਵਲੋਂ ਵਾਰ ਵਾਰ ਅਪੀਲਾਂ ਕਰਨ ਦੇ ਬਾਵਜੂਦ ਇਨਾਂ ਸ਼ਰਧਾਲੂਆਂ ਨੂੰ ਅਜੇ ਤੱਕ ਘਰ ਆਉਣ ਦੀ ਇਜਾਜ਼ਤ ਨਹੀਂ ਮਿਲੀ ਅਤੇ ਨਾ ਹੀ ਪ੍ਰਬੰਧ ਕੀਤੇ ਗਏ ਹਨ। ਇਸ ਮੁੱਦੇ 'ਤੇ ਸਿਆਸਤ ਵੀ ਹੋ ਰਹੀ ਹੈ ਪਰ ਅਮਲੀ ਤੌਰ 'ਤੇ ਅਜੇ ਕੋਇ ਸਾਰਥਕ ਨਤੀਜਾ ਸਾਹਮਣੇ ਨਹੀਂ ਆਇਆ। ਇਹ ਉਹ ਕਿਸਾਨ ਹਨ ਜਿਨਾਂ ਨੇ ਪੰਜਾਬ ਵਿਚ ਆਪਣੀ ਕਣਕ ਦੀ ਫਸਲ ਸੰਭਾਲਣੀ ਹੈ ਜਦ ਕਣਕ ਦੀ ਵਾਢੀ ਅਤੇ ਖਰੀਦ ਦਾ ਕੰਮ ਜ਼ੋਰਾਂ 'ਤੇ ਹੈ। ਕਿੰਨਾ ਚੰਗਾ ਹੁੰਦਾ ਜੇਕਰ ਕੇਂਦਰ ਅਤੇ ਦੂਜੇ ਸੂਬਿਆਂ ਦੀ ਸਰਕਾਰਾਂ ਵੀ ਪੰਜਾਬੀਆਂ ਵਾਲੀ ਭਾਵਨਾ ਵਿਖਾਉਂਦੀਆਂ।

ਇਸ ਸਮੇਂ ਪੰਜਾਬ ਵਿਚ ਕੋਵਿਡ-19 ਦੇ 186 ਮਰੀਜ਼ ਵੱਖ ਵੱਖ ਹਸਤਪਾਲਾਂ ਵਿਚ ਜ਼ੇਰੇ ਇਲਾਜ ਹਨ। 49 ਮਰੀਜ਼ਾਂ ਨੂੰ ਤੰਦਰੁਸਤ ਹੋਣ ਮਗਰੋਂ ਘਰ ਭੇਜ ਦਿੱਤਾ ਗਿਆ ਹੈ। ਇਸ ਬੀਮਾਰੀ ਕਾਰਨ ਪੰਜਾਬ ਵਿਚ ਹੁਣ ਤੱਕ 16 ਮੌਤਾਂ ਹੋ ਚੁੱਕੀਆਂ ਹਨ ਜਿਨਾਂ ਵਿਚ ਉੱਘੇ ਰਾਗੀ ਭਾਈ ਨਿਰਮਲ ਸਿੰਘ ਖ਼ਾਲਸਾ (ਪਦਮਸ੍ਰੀ) ਅਤੇ ਲੁਧਿਆਣਾ ਦੇ ਸਹਾਇਕ ਪੁਲਿਸ ਕਮਿਸ਼ਨਰ ਅਨਿਲ ਕੋਹਲੀ ਸ਼ਾਮਲ ਹਨ। ਪੰਜਾਬ ਵਿਚ ਮੋਹਾਲੀ, ਜਲੰਧਰ ਅਤੇ ਪਟਿਆਲਾ ਹੌਟ ਸਪੌਟ ਬਣੇ ਹੋਏ ਹਨ ਜਿੱਥੇ ਸਭ ਤੋਂ ਵੱਧ ਕਰੋਨਾ ਪਾਜ਼ੇਟਿਵ ਕੇਸ ਹਨ। ਸੂਬੇ ਵਿਚ ਸਾਕਾਰਤਮਕ ਪੱਖ ਇਹ ਹੈ ਕਿ ਕੋਵਿਡ-19 ਦੇ ਮਰੀਜ਼ ਸਿਹਤਯਾਬ ਹੋਣੇ ਸ਼ੁਰੂ ਹੋ ਗਏ ਹਨ। ਨਵਾਂਸ਼ਹਿਰ ਜ਼ਿਲੇ ਵਿਚ 19 ਪਾਜ਼ੇਟਿਵ ਕੇਸਾਂ ਵਿਚ ਸਿਰਫ਼ ਇਕ ਦੀ ਹੀ ਫਾਈਨਲ ਰਿਪੋਰਟ ਆਉਣੀ ਬਾਕੀ ਹੈ ਤੇ 17 ਸਿਹਤਯਾਬ ਹੋ ਕੇ ਆਪਣੇ ਘਰ ਚਲੇ ਗਏ ਹਨ। ਨਾਲ ਲਗਦੇ ਹਰਿਆਣਾ ਸੂਬੇ ਵਿਚ ਮਰੀਜ਼ਾਂ ਦੇ ਤੰਦਰੁਸਤ ਹੋਣ ਦੀ ਰਫ਼ਤਾਰ ਪੰਜਾਬ ਨਾਲੋਂ ਵੀ ਚੰਗੀ ਹੈ ਜੋ ਪਾਜ਼ੇਟਿਵ ਕੇਸਾਂ ਦੀ ਨਿਸਬਤ 57 ਫੀਸਦੀ ਹੈ।

ਪ੍ਰੋ. ਪੂਰਨ ਸਿੰਘ ਨੇ ਆਪਣੀ 'ਪੰਜਾਬ' ਨਾਂ ਦੀ ਕਵਿਤਾ ਵਿਚ ਲਿਖਿਆ ਹੈ :

ਗਹਿਮ ਗਹਿਮ ਹੋਵੇ ਚਹਿਲ ਬਹਿਲ ਗੁਰੂ ਦੀਆਂ ਬਰਕਤਾਂ।

ਸੱਚਮੁੱਚ ਪੰਜਾਬ ਵਿਚ ਗੁਰੂਆਂ ਦੀਆਂ ਬਰਕਤਾਂ ਨਜ਼ਰ ਆ ਰਹੀਆਂ ਹਨ। ਹੁਣੇ ਹੁਣੇ ਅਮਰੀਕਾ ਵਸਦੇ ਗਾਖ਼ਲ ਪਰਿਵਾਰ ਨੇ ਦਰਬਾਰ ਸਾਹਿਬ ਦੇ ਲੰਗਰ ਲਈ 500 ਕੁਇੰਟਲ ਕਣਕ ਦਾਨ ਦਿੱਤੀ ਹੈ। ਹਾਲ ਹੀ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸਿੱਖ ਕੌਮ ਨੂੰ ਸੰਦੇਸ਼ ਦਿੱਤਾ ਹੈ ਕਿ ਇਸ ਮਹਾਂਮਾਰੀ ਤੋਂ ਬਚਣ ਲਈ ਰਵਾਇਤੀ ਭੋਜਨ ਅਪਣਾਇਆ ਜਾਵੇ ਅਤੇ ਚੀਨੀ ਅਤੇ ਪੱਛਮੀ ਖਾਣੇ ਬੰਦ ਕੀਤੇ ਜਾਣ। ਉਨਾਂ ਨੇ ਕਿਸਾਨਾਂ ਨੂੰ ਸੁਝਾਅ ਦਿੱਤਾ ਹੈ ਕਿ ਫਲ਼, ਸਬਜੀਆਂ ਦੀ ਕਾਸ਼ਤ ਲਈ ਜ਼ਹਿਰ ਮੁਕਤ ਕੁਦਰਤੀ ਖੇਤੀ ਅਪਣਾਈ ਜਾਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤਾਲਾਬੰਦੀ ਅਤੇ ਕਰਫਿਊ ਕਾਰਨ ਪੰਜਾਬ ਹੀ ਨਹੀਂ ਪੂਰੀ ਦੁਨੀਆ ਮਾਲੀ ਸੰਕਟ ਦਾ ਸਾਹਮਣਾ ਕਰ ਰਹੀ ਹੈ। ਆਉਣ ਵਾਲੇ ਸਮੇਂ ਵਿਚ ਸਰਕਾਰਾਂ ਅਤੇ ਵੱਡੇ ਸਨਅਤੀ ਘਰਾਣਿਆਂ ਦੀ ਮਾਲੀ ਹਾਲਤ ਹੋਰ ਵੀ ਨਿਘਾਰ ਵੱਲ ਜਾ ਸਕਦੀ ਹੈ ਪਰ ਸਾਕਾਰਤਮਕ ਨਜ਼ਰੀਆ ਅਤੇ ਸੇਵਾ ਭਾਵਨਾ ਤੇ ਮਨੁੱਖਤਾ ਕਾਇਮ ਰੱਖ ਕੇ ਹੀ ਇਸ ਸੰਕਟ ਦਾ ਸਾਹਮਣਾ ਕੀਤਾ ਜਾ ਸਕਦਾ ਹੈ ਅਤੇ ਗੁਰੂ ਦੀਆਂ ਬਰਕਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

# ਕੋਰੋਨਾ ਵਾਇਰਸ ਸੰਕਟ, ਮੋਦੀ ਸਰਕਾਰ ਅਤੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਤਣਾਅ

**- ਅਰੁੰਧਤੀ ਰਾਏ**

ਕੇਂਦਰ ਦੀ ਮੋਦੀ ਸਰਕਾਰ ਕੋਰੋਨਾ ਵਾਇਰਸ ਸੰਕਟ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਤਣਾਅ ਭੜਕਾਉਣ ਲਈ ਵਰਤ ਰਹੀ ਹੈ। ਹਿੰਦੂ ਰਾਸ਼ਟਰਵਾਦੀ ਸਰਕਾਰ ਇਸ ਕਥਿਤ ਰਣਨੀਤੀ ਨੂੰ 'ਇਸ ਬਿਮਾਰੀ ਨਾਲ ਜੋੜ ਕੇ ਕੁਝ ਹੋਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ' ਤੇ ਵਿਸ਼ਵ ਨੂੰ ਧਿਆਨ ਰੱਖਣਾ ਚਾਹੀਦਾ ਹੈ '। ਸਥਿਤੀ ਨਸਲਕੁਸ਼ੀ ਵੱਲ ਵਧ ਰਹੀ ਹੈ।

ਮੈਨੂੰ ਲਗਦਾ ਹੈ ਕਿ ਕੋਵਿਡ -19 ਨੇ ਭਾਰਤ ਬਾਰੇ ਬਹੁਤ ਸਾਰੀਆਂ ਗੱਲਾਂ ਦਾ ਪਰਦਾਫਾਸ਼ ਕੀਤਾ ਹੈ ਜੋ ਅਸੀਂ ਪਹਿਲਾਂ ਹੀ ਜਾਣਦੇ ਸੀ। ਅਸੀਂ ਨਾ ਸਿਰਫ ਕੋਵਿਡ ਬਲਕਿ ਨਫ਼ਰਤ ਅਤੇ ਭੁੱਖ ਦੇ ਸੰਕਟ ਹੰਢਾ ਚੁਕੇ ਹਾਂ। ਕੋਵਿਡ -19 ਦੀ ਆੜ ਵਿੱਚ ਸਰਕਾਰ ਨੌਜਵਾਨ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਰਹੀ ਹੈ, ਵਕੀਲਾਂ, ਸੀਨੀਅਰ ਸੰਪਾਦਕਾਂ, ਕਾਰਕੁਨਾਂ ਅਤੇ ਬੁੱਧੀਜੀਵੀਆਂ ਖ਼ਿਲਾਫ਼ ਕੇਸ ਦਰਜ ਕਰ ਰਹੀ ਹੈ। ਕੁਝ ਨੂੰ ਹਾਲ ਹੀ ਵਿੱਚ ਜੇਲ ਵਿੱਚ ਬੰਦ ਕਰ ਦਿੱਤਾ ਗਿਆ ਹੈ। ਸਰਕਾਰ ਵਿਸ਼ਾਣੂ ਸੰਕਟ ਨੂੰ ਰਾਜਨੀਤਕ ਸ਼ਸਤਰ ਵਜੋਂ ਇਸਤੇਮਾਲ ਕਰ ਰਹੀ ਹੈ ਜੋ ਨਾਜ਼ੀਆਂ ਦੇ ਸਰਬਨਾਸ਼ ਯਤਨਾਂ ਦੀ ਯਾਦ ਦਿਵਾਉਂਦੀ ਹੈ ।ਆਰਐਸਐਸ ਸੰਗਠਨ (ਰਾਸ਼ਟਰੀ ਸਵੈਮ ਸੇਵਕ ਸੰਘ) ਜਿਸ ਵਿਚ ਮੋਦੀ ਖੁਦ ਆਉਂਦੇ ਹਨ ਅਤੇ ਜੋ ਕਿ ਭਾਜਪਾ ਦੀ ਮਾਂ ਹੈ, ਨੇ ਹਮੇਸ਼ਾ ਕਿਹਾ ਹੈ ਕਿ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਹੋਣਾ ਚਾਹੀਦਾ ਹੈ।' 'ਇਸ ਦੇ ਚਿੰਤਕ ਭਾਰਤ ਦੇ ਮੁਸਲਮਾਨਾਂ ਨੂੰ ਜਰਮਨੀ ਦੇ ਯਹੂਦੀਆਂ ਵਾਂਗ ਸਮਝਦੇ ਹਨ ਅਤੇ ਜੇ ਤੁਸੀਂ ਵੇਖਦੇ ਹੋ ਕਿ ਉਹ ਕੋਵਿਡ ਦੀ ਵਰਤੋਂ ਕਰ ਰਹੇ ਹਨ, ਤਾਂ ਇਹ ਇਸ ਤਰਾਂ ਹੈ ਜਿਸ ਤਰਾਂ ਟਾਈਫਸ ਨੂੰ ਯਹੂਦੀਆਂ ਦੇ ਖ਼ਿਲਾਫ਼ ਅਲੱਗ ਥਲੱਗ ਕਰਨ ਅਤੇ ਦਾਗੀ ਬਣਾਉਣ ਲਈ ਵਰਤਿਆ ਜਾਂਦਾ ਸੀ. 'ਭਾਰਤ ਵਿੱਚ ਇਸ ਸਮੇਂ ਲਗਭਗ 1.3 ਬਿਲੀਅਨ ਲੋਕ ਛੇ ਹਫ਼ਤੇ ਲੰਬੇ ਦੇਸ਼ ਵਿਆਪੀ ਤਾਲਾਬੰਦੀ ਵਿੱਚ ਹਨ। ਜੌਨਸ ਹਾਪਕਿਨਜ਼ ਇੰਸਟੀਚਿਊਟ . ਦੇ ਅਨੁਸਾਰ, ਦੁਨੀਆ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲੇ ਦੇਸ਼ ਵਿੱਚ ਹੁਣ ਤੱਕ ਕੋਰੋਨਾ ਵਾਇਰਸ ਦੇ 13,835 ਮਾਮਲੇ ਸਾਹਮਣੇ ਆਏ ਹਨ ਅਤੇ ਇਸ ਕਾਰਨ 452 ਮੌਤਾਂ ਹੋਈਆਂ ਹਨ। ਭਾਰਤ ਅਕਸਰ ਉਨਾਂ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ ਜਿਥੇ ਅਧਿਕਾਰਤ ਅੰਕੜਿਆਂ ਅਤੇ ਸੰਕਰਮਿਤ ਲੋਕਾਂ ਦੀ ਅਸਲ ਗਿਣਤੀ ਵਿੱਚ ਬਹੁਤ ਅੰਤਰ ਹੁੰਦਾ ਹੈ। ਮੈਂ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ 'ਤੇ ਕਿਸੇ ਵੀ ਤਰਾਂ ਦੀ ਰੋਕ ਦੇ ਵਿਰੁੱਧ ਹਾਂ। ਇਕ ਵਾਰ ਰੋਕ ਲੱਗ ਜਾਣ ਦੇ ਬਾਵਜੂਦ ਉਹਨਾਂ ਦੀਆਂ ਵਿਆਖਿਆਵਾਂ ਸਾਹਮਣੇ ਆਉਣ ਲੱਗਦੀਆਂ ਹਨ ਅਤੇ ਇਹ ਵਿਆਖਿਆਵਾਂ ਹਮੇਸ਼ਾ ਸੂਬੇ ਜਾਂ ਸੱਤਾ ਦੇ ਪੱਖ ਵਿਚ ਹੁੰਦੀਆਂ ਹਨ। ਇਸ ਲਈ ਮੈਂ ਪੂਰੀ ਤਰਾਂ ਨਾਲ ਰੋਕਾਂ ਦੇ ਵਿਰੁੱਧ ਹਾਂ।ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਫ਼ਾਸੀਵਾਦ ਦੀ ਸ਼ੁਰੂਆਤ ਭਾਸ਼ਣਾਂ ਨਾਲ ਹੁੰਦੀ ਹੈ। ਵੱਖ-ਵੱਖ ਦੇਸ਼ਾਂ ਵਿਚ ਕਈ ਕਾਰਨਾਂ ਕਰਕੇ ਫ਼ਾਸੀਵਾਦ ਦੀ ਸ਼ੁਰੂਆਤ ਹੋਈ। ਭਾਸ਼ਣ ਤਾਂ ਬਸ ਵਿਚਾਰ ਰੱਖਣ ਦਾ ਇਕ ਤਰੀਕਾ ਸੀ। ਮੈਨੂੰ ਨਹੀਂ ਲੱਗਦਾ ਕਿ ਜੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ 'ਤੇ ਕਿਸੇ ਤਰਾਂ ਦੀ ਪਾਬੰਦੀ ਲਾਈ ਗਈ ਹੁੰਦੀ ਤਾਂ ਫ਼ਾਸੀਵਾਦ ਨਾ ਹੁੰਦਾ। ਹਿੰਦੁਸਤਾਨ ਵਿਚ ਨਫ਼ਰਤ ਫੈਲਾਉਣ ਵਾਲੇ ਭੜਕਾਊ ਭਾਸ਼ਣ ਸਮੱਸਿਆ ਨਹੀਂ ਹਨ। ਸਮੱਸਿਆ ਤਾਂ ਉਦੋਂ ਪੈਦਾ ਹੁੰਦੀ ਹੈ, ਜਦੋਂ ਸੰਪਰਦਾਇਕ ਹਿੰਸਾ ਦੀਆਂ ਘਟਨਾਵਾਂ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ, ਜਦੋਂ ਰਾਜ ਖੁਸ਼ੀ-ਖੁਸ਼ੀ ਹੱਤਿਆਵਾਂ ਅਤੇ ਸਮੂਹਿਕ ਹੱਤਿਆਵਾਂ ਕਰਵਾਉਂਦਾ ਹੈ ਅਤੇ ਫਿਰ ਕੁੱਝ ਨਹੀਂ ਹੁੰਦਾ।ਸਮੱਸਿਆ ਵਿਚਾਰ ਰੱਖਣ ਜਾਂ ਭਾਸ਼ਣ ਦੇਣ ਦੀ ਨਹੀਂ ਹੈ, ਸਮੱਸਿਆ ਤਾਂ ਕਾਰਵਾਈ ਦੀ ਹੈ। ਜੇ ਤੁਸੀਂ ਕਹੋ ਕਿ ਤੁਸੀਂ ਅਜਿਹੇ ਸਮਾਜ ਵਿਚ ਰਹਿੰਦੇ ਹੋ, ਜਿਸ ਵਿਚ ਹੱਤਿਆਵਾਂ, ਸਮੂਹਿਕ ਹੱਤਿਆਵਾਂ, ਲੋਕਾਂ ਨੂੰ ਜਿਉਂਦਿਆਂ ਸਾੜ ਦੇਣਾ ਜਾਂ ਬਲਾਤਕਾਰ ਵਰਗੇ ਅਪਰਾਧਾਂ ਲਈ ਕਾਨੂੰਨ ਹੈ ਅਤੇ ਤੁਸੀਂ ਇਹਨਾਂ 'ਤੇ ਕੋਈ ਕਾਰਵਾਈ ਨਹੀਂ ਕਰਦੇ, ਉਸ ਪਿਛੋਂ ਤੁਸੀਂ ਭੜਕਾਊ ਭਾਸ਼ਣ 'ਤੇ ਕਾਨੂੰਨ ਰਾਹੀਂ ਕਾਬੂ ਪਾਉਣਾ ਚਾਹੁੰਦੇ ਹੋ, ਤਾਂ ਸਿੱਧੀ ਜਿਹੀ ਗੱਲ ਹੈ ਕਿ ਕਾਨੂੰਨ ਦੀ ਗ਼ਲਤ ਵਰਤੋਂ ਕੀਤੀ ਜਾਵੇਗੀ।ਮੈਨੂੰ ਲੱਗਦਾ ਹੈ ਕਿ ਭਾਰਤ ਵਿਚ ਕੁੱਝ ਗੱਲਾਂ ਵਾਪਰ ਰਹੀਆਂ ਹਨ। ਇਕ ਤਾਂ ਇਹ ਕਿ ਇਥੇ ਹੱਲਾ-ਗੁੱਲਾ ਬਹੁਤ ਜ਼ਿਆਦਾ ਹੈ। ਸ਼ਾਇਦ ਇਸ ਲਈ ਕਿ ਸਾਡੇ ਦੇਸ਼ ਵਿਚ ਦੁਨੀਆ ਦੇ ਕਿਸੇ ਵੀ ਦੇਸ਼ ਨਾਲੋਂ ਵੱਧ ਟੀਵੀ ਚੈਨਲ ਮੌਜੂਦ ਹਨ। ਇਹਨਾਂ ਟੀਵੀ ਚੈਨਲਾਂ ਨੂੰ ਲਗਾਤਾਰ ਵੱਡੇ-ਵੱਡੇ ਕਾਰਪੋਰੇਸ਼ਨ ਹਥਿਆਈ ਜਾ ਰਹੇ ਹਨ। ਜਿਨਾਂ ਦਾ ਕਿ ਉਹਨਾਂ ਵਿਚ ਪ੍ਰਤੀਕੂਲ ਹਿੱਤ ਹੈ, ਕਿਉਂਕਿ ਇਹ ਉਹੀ ਨਿਗਮ ਹਨ, ਜਿਹੜੇ ਕਿ ਦੂਰ-ਸੰਚਾਰ ਆਦਿ ਖੇਤਰਾਂ ਵਿਚ ਨਿੱਜੀਕਰਨ ਦੇ ਚੱਲਦਿਆਂ ਬਹੁਤ ਪੈਸੇ ਬਣਾ ਰਹੇ ਹਨ। ਹੁਣ ਉਹ ਜਾਂ ਤਾਂ ਸਿੱਧੇ-ਸਾਦੇ ਜਾਂ ਇਸ਼ਤਿਹਾਰ ਰਾਹੀਂ ਪੂਰੀ ਤਰਾਂ ਮੀਡੀਆ ਨੂੰ ਕੰਟਰੋਲ ਕਰਨ ਦੀ ਸਥਿਤੀ ਵਿਚ ਹਨ। ਇਹ ਤਾਂ ਹੋਇਆ ਕੰਟਰੋਲ ਕਰਨ ਦਾ ਪਹਿਲਾ ਤਰੀਕਾ ਜਿਹੜਾ ਕਿ ਦੇਖਿਆ ਜਾ ਰਿਹਾ ਹੈ।

ਕੰਟਰੋਲ ਕਰਨ ਦਾ ਦੂਜਾ ਤਰੀਕਾ ਉਹ ਹੈ, ਜਦੋਂ ਰਾਜ ਖ਼ੁਦ ਹੀ ਆਪਣੀ ਮਰਜ਼ੀ ਖ਼ਿਲਾਫ਼ ਬੋਲ ਰਹੇ ਲੋਕਾਂ ਦੇ ਪਿੱਛੇ ਪੈ ਜਾਂਦਾ ਹੈ ਅਤੇ ਤੀਜਾ ਇਹ ਕਿ ਵੱਡੇ ਪੈਮਾਨੇ 'ਤੇ ਸੈਂਸਰਸ਼ਿਪ ਦੀ ਆਊਟਸੋਰਸਿੰਗ ਕੀਤੀ ਜਾਣ ਲੱਗੀ ਹੈ। ਸਿਆਸੀ ਦਲ ਭਾੜੇ ਦੇ ਬਦਮਾਸ਼ਾਂ ਤੋਂ ਆਪਣਾ ਗੁੱਸਾ ਕਢਵਾਉਂਦੇ ਹਨ। ਇਹ ਭਾੜੇ ਦੇ ਬਦਮਾਸ਼ ਲੋਕਾਂ ਦੀ ਮਾਰਕੁੱਟ, ਘਰਾਂ 'ਤੇ ਹਮਲੇ ਅਤੇ ਭੰਨ-ਤੋੜ ਕਰਦੇ ਹਨ ਅਤੇ ਅਜਿਹਾ ਮਾਹੌਲ ਬਣਾ ਦਿੰਦੇ ਹਨ ਕਿ ਕੋਈ ਗੱਲ ਕਹਿਣ ਤੋਂ ਪਹਿਲਾਂ ਤੁਸੀਂ ਦੋ ਵਾਰ ਸੋਚਣਾ ਸ਼ੁਰੂ ਕਰ ਦਿੰਦੇ ਹੋ ਅਤੇ ਉਹ ਵੀ ਡਰ ਕਾਰਨ।

ਇਹ ਆਊਟਸੋਰਸਿੰਗ ਸਰਕਾਰ ਦੇ ਇਸ ਭਰਮ ਨੂੰ ਬਣਾਈ ਰੱਖਣ ਵਿਚ ਮਦਦ ਕਰਦੀ ਹੈ ਕਿ ਉਹ ਲੋਕਤੰਤਰਿਕ ਹੈ ਅਤੇ ਆਜ਼ਾਦ ਵਿਚਾਰ ਪ੍ਰਗਟ ਕਰਨ ਦੀ ਇਜਾਜ਼ਤ ਦਿੰਦੀ ਹੈ। ਜਦੋਂ ਕਿ ਸੱਚਾਈ ਇਹ ਹੈ ਕਿ ਇਹਨਾਂ ਸਾਰੇ ਢੰਗਾਂ ਨਾਲ ਕੰਟਰੋਲ ਹੀ ਸਥਾਪਤ ਕੀਤਾ ਜਾਂਦਾ ਹੈ, ਨਿਗਮਾਂ ਰਾਹੀਂ, ਭਾੜੇ ਦੇ ਬਦਮਾਸ਼ਾਂ ਰਾਹੀਂ ਅਤੇ ਅਦਾਲਤਾਂ ਰਾਹੀਂ ਵੀ। ਸਿਆਸੀ ਦਲ ਨਿਆਂਪਾਲਿਕਾ ਦੀ ਵੀ ਵੱਡੇ ਪੱਧਰ 'ਤੇ ਦੁਰਵਰਤੋਂ ਕਰਦੇ ਹਨ। ਉਦਾਹਰਣ ਲਈ ਜਦੋਂ ਵੀ ਮੈਂ ਬੋਲਦੀ ਹਾਂ, ਮੇਰੇ ਵਿਰੁੱਧ ਸਾਰੇ ਮੁਕੱਦਮੇ ਦਾਖ਼ਲ ਕੀਤੇ ਜਾਂਦੇ ਹਨ, ਤਾਂ ਕਿ ਆਖਰਕਾਰ ਉਹ ਤੁਹਾਨੂੰ ਡਰਾ ਸਕਣ ਜਾਂ ਐਨਾ ਥਕਾ ਦੇਣ ਕਿ ਤੁਸੀਂ ਆਪਣਾ ਮੂੰਹ ਬੰਦ ਰੱਖਣ ਲਈ ਮਜ਼ਬੂਰ ਹੋ ਜਾਵੋਂ। ਤੇ ਹੁਣ ਤਾਂ ਉਹ ਇੰਟਰਨੈਟ ਨੂੰ ਵੀ ਕਾਬੂ ਵਿਚ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸਰਕਾਰ ਇਸ ਵਜਾ ਕਾਰਨ ਇੰਟਰਨੈਟ 'ਤੇ ਸਿਕੰਜਾ ਕੱਸਣਾ ਚਾਹੁੰਦੀ ਹੈ ਕਿਉਂਕਿ ਵੱਡੇ ਖਿਡਾਰੀਆਂ ਨੂੰ ਲੱਗਣ ਲੱਗਿਆ ਹੈ ਕਿ ਭਾਵੇਂ ਉਹਨਾਂ ਟੀਵੀ ਅਤੇ ਅਖਬਾਰਾਂ ਨੂੰ ਕਾਬੂ ਵਿਚ ਰੱਖਣ ਦਾ ਪ੍ਰਬੰਧ ਕਰ ਲਿਆ ਹੈ, ਪਰ ਇੰਟਰਨੈਟ ਅਜੇ ਵੀ ਜਨਤਾ ਨੂੰ ਅਜਿਹੀ ਥਾਂ ਮੁਹੱਈਆ ਕਰਵਾ ਰਿਹਾ ਹੈ, ਜਿਥੇ ਕਿ ਉਹ ਇਹ ਗੱਲ ਕਹਿ ਸਕਦੀ ਹੈ, ਜਿਹੜੀ ਕਹੀ ਜਾਣੀ ਚਾਹੀਦੀ ਹੈ। ਪਰ ਸਿਰਫ ਮੀਡੀਆ ਹੀ ਨਹੀਂ, ਸਗੋਂ ਸਾਰੇ ਗੰਭੀਰ ਮਸਲਿਆਂ ਵਿਚ ਵੀ ਅਸਲੀ ਹੱਲ ਉਦੋਂ ਨਿਕਲੇਗਾ, ਜਦੋਂ ਕਾਰੋਬਾਰ ਦੇ ਉਲਟ ਮਾਲਕੀ ਨੂੰ, ਕ੍ਰਾਸ ਆਨਰਸ਼ਿਪ (ਇੱਕ ਦੂਜੇ ਦੀਆਂ ਮਾਲਕੀਆਂ) ਨੂੰ ਖਤਮ ਕੀਤਾ ਜਾਵੇ। ਵੱਡੇ-ਵੱਡੇ ਕਾਰਪੋਰੇਸ਼ਨ ਜਿਹੜੇ ਹੌਲੀ-ਹੌਲੀ ਪਾਣੀ, ਬਿਜਲੀ, ਖਣਿਜ, ਦੂਰਸੰਚਾਰ ਆਦਿ ਸਾਰੇ ਖੇਤਰਾਂ ਵਿਚ ਆਪਣੀ ਪਕੜ ਮਜ਼ਬੂਤ ਕਰਦੇ ਜਾ ਰਹੇ ਹਨ, ਉਹਨਾਂ ਨੂੰ ਤੁਸੀਂ ਇਸ ਗੱਲ ਦੀ ਇਜਾਜ਼ਤ ਨਹੀਂ ਦੇ ਸਕਦੇ ਕਿ ਉਹ ਮੀਡੀਆ ਨੂੰ ਵੀ ਇਸੇ ਢੰਗ ਨਾਲ ਕੰਟਰੋਲ ਕਰੇ। ਇਸ ਬਾਬਤ ਕੋਈ ਕਾਨੂੰਨ ਬਣਾਇਆ ਜਾਣਾ ਚਾਹੀਦਾ, ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੀਡੀਆ ਨੂੰ ਵੀ ਇਸ ਤਰਾਂ ਕੰਟਰੋਲ ਨਹੀਂ ਕੀਤਾ ਜਾ ਸਕਦਾ। ਮੈਨੂੰ ਲੱਗਦਾ ਹੈ ਕਿ ਇਹ ਸਮਝਦਾਰੀ ਦੀ ਲੜਾਈ ਹੈ ਅਤੇ ਇਹ ਆਪਣੀ ਚਾਲਾਕੀ ਵਿਚ ਬ੍ਰਹਮਣਵਾਦੀ ਹੈ। ਪਰ ਇਹ ਮਨੁਸਮ੍ਰਿਤੀ ਦੇ ਜ਼ਮਾਨੇ ਤੋਂ ਬਹੁਤ ਅੱਗੇ ਵੱਧ ਚੁੱਕਿਆ ਹੈ। ਜਦੋਂ ਦਲਿਤ ਵਿਅਕਤੀ ਦੇ ਕੁੱਝ ਸੁਣ ਲੈਣ 'ਤੇ ਉਸ ਦੇ ਕੰਨ ਵਿਚ ਸ਼ੀਸ਼ਾ ਪਾ ਦਿੱਤਾ ਜਾਂਦਾ ਸੀ। ਇਹ ਅੱਗੇ ਭਾਵੇਂ ਵੱਧ ਗਈ ਹੈ, ਪਰ ਭਾਵਨਾ ਉਸ ਤੋਂ ਵੱਖਰੀ ਨਹੀਂ ਹੈ। ਗੰਭੀਰਤਾ ਨਾਲ ਦੇਖੋ, ਧਾਰਮਿਕ ਸੱਜੇ ਪੱਖੀਆਂ ਦਾ ਸਿੱਧਾ ਸੰਬੰਧ ਨਿੱਜੀਕਰਨ ਤੇ ਸੰਸਾਰੀਕਰਨ ਨਾਲ ਹੈ। ਜਦੋਂ ਦੇਸ਼ ਦੇ ਸਮੁੱਚੇ ਵਸੀਲੇ ਵਿਦੇਸ਼ੀ ਕੰਪਨੀਆਂ ਨੂੰ ਦੇਣ ਦੀ ਗੱਲ ਦਾ ਵਜ਼ਨ ਵਧ ਜਾਂਦਾ ਹੈ ਤਾਂ ਭਾਰਤੀ ਸਿਆਸਤ 'ਚ ਗਰਮੀ ਆ ਜਾਂਦੀ ਹੈ। ਸਿਆਸੀ ਹਾਲਾਤ ਅਸੁਖਾਵੇਂ ਹੋ ਜਾਂਦੇ ਹਨ। ਅਜਿਹੇ ਮੌਕੇ ਹਿੰਦੂ ਸੱਜੇ ਪੱਖੀ ਧਰਮ ਦੇ ਜਨੂੰਨੀ ਨਾਹਰੇ ਲਾਉਣ ਲੱਗ ਪੈਂਦੇ ਹਨ। ਇਹ ਇੱਕ ਭੱਦੀ ਖੇਡ ਹੈ, ਇਹ ਤਿੰਨੇ ਇੱਕੋ ਪਾਸੇਂ ਜਾ ਰਹੇ ਹਨ। ਬਾਬਰੀ ਮਸਜਿਦ ਢਹਿਣਾ, ਮੰਦਰ ਦੇ ਬਣਨ ਜਾਂ ਨਾਂ ਬਣਨ ਵਰਗੇ ਸਾਰੇ ਮੁੱਦੇ ਸਰਮਾਏਦਾਰੀ ਦੀ ਕੋਝੀ ਖੇਡ ਦੇ ਹੀ ਹਿੱਸੇ ਸਨ। ਸਾਨੂੰ ਇਹ ਸਭ ਕੁਝ ਸਮਝਣਾ ਚਾਹੀਦਾ ਹੈ ਕਿ ਇੱਕ ਪਾਸੇ ਤਾਂ ਅਸੀਂ ਸੰਸਾਰੀਕਰਨ ਜਾਂ ਦੁਨੀਆਂ ਨੂੰ ਇਕ ਪਿੰਡ ਬਣਾਉਣ ਦੇ ਨਾਂਅ ਉੱਤੇ ਦੇਸ਼ ਨੂੰ ਪੱਛਮ ਦੀਆਂ ਬਹੁ-ਕੌਮੀ ਕੰਪਨੀਆਂ ਨੂੰ ਵੇਚਣ ਉੱਤੇ ਤੁਲੇ ਹੋਏ ਹਾਂ। ਦੂਜੇ ਪਾਸੇ ਅਸੀਂ ਸਰਹੱਦਾਂ ਦੀ ਰਾਖੀ ਲਈ ਮਾਰੂ ਹੱਥਿਆਰ ਬਣਾ ਰਹੇ ਹਾਂ। ਜਦ ਸੰਸਾਰ ਨੇ ਪਿੰਡ ਬਣਨਾ ਹੈ ਤਾਂ ਇਹ ਲੜਾਈਆਂ ਕਿਉਂ ? ਹੱਥਿਆਰਾਂ ਦੀ ਤਾਂ ਲੋੜ ਹੀ ਨਹੀਂ। ਕਿਉਂ ਕਰੋੜਾਂ ਰੁਪਏ ਬਰਬਾਦ ਕਰ ਰਹੇ ਹਾਂ।ਭਾਰਤ ਇੱਕੋ ਸਮੇਂ ਕਈ ਸਦੀਆਂ 'ਚੋਂ ਗੁਜ਼ਰ ਰਿਹਾ ਹੈ। ਮੈਂ ਕਈ ਰਾਤਾਂ ਤੋਂ ਆਪਣੇ ਘਰ ਦੇ ਬਾਹਰ ਦੇਖਦੀ ਸਾਂ ਕਿ ਕੁਝ ਮਜ਼ਦੂਰ ਫਾਇਬਰ ਅਪਟੀਕਲ ਦੀ ਕੇਬਲ ਵਿਛਾਉਣ ਲਈ ਖੱਡੇ ਪੁੱਟ ਰਹੇ ਸਨ। ਪਰ ਇਹ ਕੰਮ ਉਹ ਦੇਸੀ ਮੋਮਬੱਤੀਆਂ, ਦੀਵਿਆਂ ਤੇ ਲਾਲਟੈਣਾਂ ਦੀ ਲੋਅ 'ਚ ਕਰ ਰਹੇ ਸਨ। ਇਹ ਕੁੱਝ ਹੋ ਰਿਹਾ ਹੈ। ਅੱਜ ਭਾਰਤ ਵਿੱਚ। ਜਿਹੜੀਆਂ ਰੌਸ਼ਨੀਆਂ ਹਨੇਰੇ 'ਚ ਪਿਘਲ ਰਹੀਆਂ ਹਨ ਉਨਾਂ ਦੀ ਕੋਈ ਸਾਰ ਨਹੀਂ ਲੈ ਰਿਹਾ। ਕੋਈ ਉਨਾਂ ਦੀ ਆਵਾਜ਼ ਨਹੀਂ ਸੁਣ ਰਿਹਾ। ਉਨਾਂ ਲਈ ਟੈਲੀਵੀਜ਼ਨ ਦੇ ਪਰਦੇ ਉੱਤੇ ਜਾਂ ਅਖ਼ਬਾਰਾਂ ਦੇ ਸਫ਼ਿਆਂ ਉੱਤੇ ਕੋਈ ਥਾਂ ਨਹੀਂ। ਕੀ ਉਨਾਂ ਦਾ ਇਸ ਸਭ ਕਾਸੇ 'ਚ ਹਿੱਸਾ ਨਹੀਂ। ਜਿਹੜੇ ਕੁਝ ਲੋਕਾਂ ਕੋਲ ਰੌਸ਼ਨੀ ਹੈ ਅਤੇ ਉੱਚੇ ਥਾਂ ਉੱਤੇ ਖੜੇ ਹਨ ਉਨਾਂ ਦੀ ਨਿਗਾਹ ਥੱਲੇ ਹਨੇਰੇ 'ਚ ਪਏ ਸ਼ੁਮਾਰ ਲੋਕਾਂ ਨੂੰ ਦੇਖਣ ਤੋਂ ਅਸਮੱਰਥ ਹੋ ਗਈ ਹੈ। ਦਿੱਲੀ 'ਚ ਸੋਹਣੀਆਂ ਤੇ ਵੱਡੀਆਂ ਕਾਰਾਂ ਦੇ ਕਾਫ਼ਲੇ ਵਧ ਰਹੇ ਹਨ। ਹੋਟਲਾਂ ਦੇ ਦਰਵਾਜੇ ਹੋਰ ਖ਼ੂਬਸੂਰਤ ਤੇ ਮੋਕਲੇ ਹੋ ਰਹੇ ਹਨ। ਪਰ ਉਥੋਂ ਬੁੱਢੇ ਚੌਕੀਦਾਰ ਅਲੋਪ ਹੋ ਰਹੇ ਹਨ ਉਨਾਂ ਦੀ ਥਾਂ ਰਾਈਫਲਾਂ ਵਾਲੇ ਪਹਿਰੇਦਾਰ ਲੈ ਰਹੇ ਹਨ। ਇਨਾਂ ਸ਼ਹਿਰਾਂ 'ਚ ਗ਼ਰੀਬ ਨੂੰ ਸਿਰ ਦੀ ਜੂੰਅ ਬਣਾਇਆ ਜਾ ਰਿਹਾ ਹੈ। ਜਿਹੜੇ ਕਿਸੇ ਨੂੰ ਦਿਖਾਈ ਹੀ ਨਹੀਂ ਦੇ ਰਹੇ। ਅੱਜ ਭਾਰਤ 'ਚ ਜੋ ਚਮਕ ਰਿਹਾ ਹੈਉਸ ਦੇ ਆਸ-ਪਾਸ ਘੁੱਪ ਹਨੇਰਾ ਹੈ। ਪਰ ਕੋਈ ਜਾਣਨਾ ਹੀ ਨਹੀਂ ਚਾਹੁੰਦੇ ਕੀ ਹਨੇਰੇ 'ਚ ਕੀ ਹੋ ਰਿਹਾ ਹੈ। ਜਿਹੜੇ ਲੋਕ ਅਮੀਰ ਉਹ ਇਹ ਕਲਪਨਾ ਵੀ ਨਹੀਂ ਕਰਦੇ ਕਿ ਸੰਸਾਰ ਕਿੰਨਾ ਸੋਹਣਾ ਹੈ ਤੇ ਲੋਕ ਕਿੰਨੇ ਦੁਖੀ ਹਨ। ਉਸ ਦੀ ਭਾਵੁਕਤਾ ਨੂੰ ਭਾਂਪਦਿਆਂ ਮੈਂ ਉਸ ਨੂੰ ਸੁਆਲ ਕੀਤਾ ਕਿ ਕੀ ਤੁਸੀਂ ਲੋਕ ਮੁਕਤੀ ਦਾ ਕੋਈ ਵੱਡਾ ਕਾਰਵਾਂ ਬਣਾਉਗੇ ਜਾਂ ਕਿਸੇ ਵੱਡੇ ਕਾਰਵਾਂ 'ਚ ਸ਼ਾਮਲ ਹੋਵੋਗੇ।ਮੈਨੂੰ ਲੱਗਦਾ ਹੈ ਕਿ ਮੇਰੀਆਂ ਅੱਖਾਂ ਹੁਣ ਏਨੀਆਂ ਖੁੱਲ ਚੁੱਕੀਆਂ ਹਨ ਕਿ ਹੁਣ ਇਹ ਬੰਦ ਹੋਣੀਆਂ ਮੁਸ਼ਕਲ ਹਨ। ਕਦੇ-ਕੁਦਾਈਂ ਸੋਚਦੀ ਹਾਂ ਕਿ ਅੱਖਾਂ ਬੰਦ ਕਰ ਲਵਾਂ ਜਾਂ ਕਿਸੇ ਹੋਰ ਪਾਸੇ ਦੇਖਣ ਲੱਗ ਜਾਵਾਂ। ਸਦਾ ਇਹੋ ਕੰਮ ਹੀ ਨਾ ਕਰੀਂ ਜਾਵਾਂ ਸਦਾ ਸੌੜੀ ਸੋਚ ਵਾਲੇ ਲੋਕਾਂ ਦਾ ਨਿਸ਼ਾਨਾ ਹੀ ਨਾ ਬਣੀ ਰਹਾਂ। ਪਰ ਜਿੱਥੇ ਮੈਂ ਅੱਜ ਖੜੀ ਹਾਂ ਭਾਰਤ ਵਿੱਚ ਮੈਂ ਅੱਜ ਜਿੱਥੇ ਹਾਂ। ਹਮੇਸ਼ਾ ਲੋਕ ਕਾਜ਼ ਨਾਲ ਜੁੜੀ ਰਹਿਣਾ ਚਾਹੁੰਦੀ ਹਾਂ, ਪਰ ਮੈਂ ਇਹ ਵੀ ਸਮਝਦੀ ਹਾਂ ਕਿ ਮੈਂ ਇਕੱਥਲੀ ਸਭ ਕੁਝ ਨਹੀਂ ਕਰ ਸਕਦੀ ਤੇ ਨਾ ਹੀ ਮੈਂ ਇਕੱਲੀ ਲੋਕ ਹਿੱਤਾਂ ਨਾਲ ਜੁੜਨ ਵਾਲੀ ਹਾਂ। ਹੋਰ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਇਸ ਕਾਜ਼ ਲਈ ਸਮਰਪਿਤ ਕਰ ਚੁੱਕੇ ਹਨ। ਪਰ ਮੈਂ ਆਪਣੇ ਆਲੇ-ਦੁਆਲੇ ਅਜਿਹਾ ਤਾਣਾ ਬਾਣਾ ਨਹੀਂ ਬੁਣਨਾ ਚਾਹੁੰਦੀ ਜਿੱਥੇ ਫਸ ਕੇ ਮੇਰੀ ਸਮਝ ਤੇ ਸੋਚ ਦਮ ਤੋੜ ਜਾਵੇ। ਇੱਕ ਸਮੇਂ ਤੁਸੀਂ ਸਭ ਕੁਝ ਨਹੀਂ ਦੇਖ ਸਕਦੇ, ਕੁਝ ਚੀਜ਼ਾਂ ਹੀ ਦੇਖ ਸਕਦੇ ਹੋ, ਪਰ ਜੋ ਕੁਝ ਤੁਸੀਂ ਦੇਖ ਰਹੇ ਹੋ ਉਸ ਨੂੰ ਰਾਜਸੀ ਅੱਖ ਨਾਲ ਨਾ ਦੇਖੋ ਉਸ ਨੂੰ ਉਸੇ ਰੂਪ ਵਿੱਚ ਦੇਖੋ ਜਿਸ ਰੂਪ ਵਿੱਚ ਉਹ ਹੈ।ਮੈਂ ਤਾਂ ਇਥੇ ਖੜੀ ਹਾਂ ਕਿ ਤੁਸੀਂ ਜੋ ਕੁਝ ਲਿਖਦੇ ਹੋ ਉਸ ਨੂੰ ਜੀਵਿਆ ਜਾਵੇ। ਮੈਂ ਤਾਂ ਆਪਣੀਆਂ ਲਿਖਤਾਂ ਪਿੱਛੇ ਹੀ ਤੁਰ ਰਹੀ ਹਾਂ। ਹਾਂ ਏਨਾਂ ਜ਼ਰੂਰ ਹੈ ਕਿ ਜਦੋਂ ਤੁਹਾਨੂੰ ਪ੍ਰਸਿੱਧੀ ਮਿਲ ਜਾਂਦੀ ਹੈ ਇਹ ਕੰਮ ਜ਼ਰਾ ਸੌਖਾ ਹੋ ਜਾਂਦਾ ਹੈ ਪਰ ਮੈਨੂੰ ਪ੍ਰਸਿੱਧੀ ਦੋਵਾਂ ਤਰਾਂ ਦੀ ਹੀ ਮਿਲੀ ਹੈ ਬਹੁਤ ਸਾਰੇ ਹੱਕ 'ਚ ਹਨ, ਬਹੁਤ ਸਾਰੇ ਮੇਰੇ ਵਿਰੋਧ 'ਚ ਵੀ ਹਨ। ਪਰ ਵੱਡੀ ਗੱਲ ਤਾਂ ਇਹੋ ਕਿ ਤੁਹਾਨੂੰ ਆਪਣੇ ਆਪ ਦਾ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕਿੱਥੇ ਖੜੇ ਹੋ। ਹਰ ਕੰਮ ਆਪਣੇ ਵਿੱਤ ਮੁਤਾਬਿਕ ਹੀ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸ਼ਕਤੀ ਤੇ ਸਮਰੱਥਾ ਦਾ ਪਤਾ ਹੋਣਾ ਚਾਹੀਦਾ ਹੈ। ਪਰ ਆਪਣੀ ਸ਼ਕਤੀ ਦੀ ਸੁਚੱਜੀ ਵਰਤੋਂ ਵੀ ਕਰਨੀ ਚਾਹੀਦੀ ਹੈ ਇਸ ਨਾਲ ਤੁਹਾਡਾ ਆਪਣਾ ਸੰਤੁਲਨ ਵੀ ਬਣਿਆ ਰਹਿੰਦਾ ਹੈ। ਨਹੀਂ ਤਾਂ ਦੂਜੇ ਲੋਕ ਹੀ ਤੁਹਾਡੀ ਸ਼ੋਹਰਤ ਤੇ ਸ਼ਕਤੀ ਦਾ ਦੁਰ-ਉਪਯੋਗ ਕਰਨ ਲੱਗ ਜਾਂਦੇ ਹਨ। ਸੋ ਮੈਂ ਨਾ ਘੜੇ ਦੀ ਮੱਛੀ ਬਣਨਾ ਚਾਹੁੰਦੀ ਹਾਂ ਤੇ ਨਾ ਹੀ ਅਵਾਜ਼ਹੀਣ ਲੋਕਾਂ ਦਾ ਧੁੜੂ ਬਣਨਾ ਚਾਹੁੰਦੀ ਹਾਂ। ਪਰ ਕੁਝ ਲੋਕ ਮੇਰੇ ਨਾਲ ਇਸੇ ਲਈ ਗੁੱਸੇ ਹਨ ਕਿ ਮੇਰੇ ਕੋਲ ਹੁਣ ਉਹ ਥਾਂ ਹੈ ਜਿਹੜੀ ਉਹ ਖੁਦ ਚਾਹੁੰਦੇ ਸਨ। ਪਰ ਮੇਰੇ ਵਾਂਗ ਸੋਚਦੇ ਨਹੀਂ ਸਨ।

# ਕੋਰੋਨਾ-ਕਰਫਿਊ ਕਰਕੇ ਕਿਰਤੀ ਅਬਾਦੀ ਭੁਖਮਰੀ, ਬਿਮਾਰੀਆਂ ਤੇ ਰੁਜ਼ਗਾਰ ਦੇ ਚੱਕਰਵਿਊ ਵਿਚ

**- ਅੰਮ੍ਰਿਤਸਰ ਟਾਈਮਜ਼ ਬਿਊਰੋ**

ਕੋਰੋਨਾ ਵਾਇਰਸ ਦਾ ਪ੍ਰਸਾਰ ਰੋਕਣ ਲਈ ਸਾਡੇ ਦੇਸ਼ 'ਚ 21 ਦਿਨਾਂ ਲਈ ਪੂਰਣ ਬੰਦ ਦਾ ਐਲਾਨ ਕੀਤਾ ਗਿਆ ਸੀ ਪਰ ਕੀ ਸੋਚ ਕੇ? ਇੱਕ ਪਾਸੇ ਸਾਡੇ ਦੇਸ਼ ਦੇ ਉਹ ਲੋਕ ਨੇ ਜਿਹਨਾਂ ਦੀਆਂ ਕਈ ਅਗਲੀਆਂ ਪੀੜੀਆਂ ਵੀ ਘਰ ਬੈਠੇ ਖਾ ਸਕਦੀਆਂ ਨੇ, ਉਹਨਾਂ ਕੋਲ ਦੁਨੀਆਂ ਦੀਆਂ ਸਾਰੀਆਂ ਸੁੱਖ ਸਹੂਲਤਾਂ ਨੇ, ਵੱਡੇ-ਵੱਡੇ ਘਰ ਨੇ ਤੇ ਚੰਗਾ ਦਵਾ ਇਲਾਜ ਹੈ। ਦੂਜੇ ਪਾਸੇ ਇੱਥੋਂ ਦੀ 80 ਫੀਸਦੀ ਤੋਂ ਵੱਧ ਕਿਰਤੀ ਅਬਾਦੀ ਹੈ ਜਿਹੜੇ ਰੋਜ਼ ਦਿਹਾੜੀ ਕਰਕੇ ਆਪਣੇ ਟੱਬਰ ਦਾ ਢਿੱਡ ਭਰਦੀ ਹੈ। ਭਾਰਤ ਦੀ ਲਗਭਗ 90 ਫੀਸਦੀ ਕਿਰਤੀ ਅਬਾਦੀ ਜਿਹੜੀ ਗੈਰ-ਜਥੇਬੰਦ ਖੇਤਰ 'ਚ ਕੰਮ ਕਰਦੀ ਹੈ ਤੇ ਇਸ ਮਹਾਂਮਾਰੀ ਕਰਕੇ ਉਹਨਾਂ ਨੂੰ ਬਿਲਕੁਲ ਹੀ ਦਰ ਕਿਨਾਰ ਕਰਕੇ ਪੂਰਨ ਬੰਦ ਦਾ ਫੈਸਲਾ ਲਿਆ ਗਿਆ ਹੈ।

ਇਸ ਹਜ਼ਾਰਾਂ ਮੀਲ ਲੰਮੀ ਯਾਤਰਾ ਦੌਰਾਨ ਕਿੰਨੇ ਲੋਕਾਂ ਨੇ ਆਪਣੀ ਜਾਨ ਗੁਆ ਦਿੱਤੀ, ਇਸ ਦੀ ਕਿਸੇ ਨੂੰ ਕੋਈ ਚਿੰਤਾ ਨਹੀਂ। ਤਿੰਨ ਖੋਜਾਰਥੀਆਂ ਤੇਜੇਸ਼, ਕੌਨਿਕਾ ਸ਼ਰਮਾ ਤੇ ਅਮਨ ਨੇ ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ ਦੇ ਅਧਾਰ ਉੱਤੇ ਦੱਸਿਆ ਹੈ ਕਿ ਇਸ ਲੰਮੀ ਯਾਤਰਾ ਦੇ ਸਿੱਟੇ ਵਜੋਂ 195 ਗ਼ਰੀਬਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਇਨਾਂ ਵਿੱਚੋਂ 53 ਮੌਤਾਂ ਥਕਾਵਟ, ਭੁੱਖ ਤੇ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਹੋਈਆਂ ਸਨ। ਲਾਕਡਾਊਨ ਤੋੜਨ ਕਾਰਨ ਹੋਏ ਹਮਲਿਆਂ ਵਿੱਚ 7 ਲੋਕ ਮਾਰੇ ਗਏ। ਤੇਜ਼ ਰਫ਼ਤਾਰ ਵਾਹਨਾਂ ਦੀ ਲਪੇਟ ਵਿੱਚ ਆ ਕੇ 35 ਮੌਤਾਂ ਹੋਈਆਂ। ਇਸ ਤੋਂ ਬਿਨਾਂ ਲੰਮੀ ਦੂਰੀ, ਭੁੱਖ ਤੋਂ ਤੰਗ ਆ ਕੇ ਤੇ ਹੋਰ ਕਾਰਨਾਂ ਕਰਕੇ 40 ਵਿਅਕਤੀ ਖ਼ੁਦਕੁਸ਼ੀ ਕਰ ਗਏ ਸਨ। ਲਾਕਡਾਊਨ ਤੋਂ ਘਬਰਾ ਕੇ ਤੇ ਕੋਰੋਨਾ ਤੋਂ ਪੀੜਤ ਹੋਣ ਦੇ ਡਰ ਕਾਰਨ ਵੀ 39 ਵਿਅਕਤੀ ਖ਼ੁਦਕੁਸ਼ੀ ਕਰ ਗਏ।

ਉਕਤ ਅੰਕੜੇ ਉਨਾਂ ਮੌਤਾਂ ਦੇ ਹਨ, ਜਿਨਾਂ ਦੀਆਂ ਖ਼ਬਰਾਂ ਸਾਹਮਣੇ ਆ ਚੁੱਕੀਆਂ ਹਨ। ਬਹੁਤ ਸਾਰੇ ਕੇਸ ਉਹ ਵੀ ਹੋਣਗੇ, ਜਿਹੜੇ ਲਾਕਡਾਊਨ ਕਾਰਨ ਸਾਹਮਣੇ ਨਹੀਂ ਆ ਸਕੇ। ਲਾਕਡਾਊਨ ਤਾਂ ਇਸ ਲਈ ਕੀਤਾ ਗਿਆ ਸੀ ਕਿ ਜ਼ਿੰਦਗੀਆਂ ਬਚਾਉਣੀਆਂ ਹਨ, ਪਰ ਇੱਥੇ ਤਾਂ ਲਾਕਡਾਊਨ ਹੀ ਜ਼ਿੰਦਗੀਆਂ ਖ਼ਤਮ ਕਰਨ ਦਾ ਕਾਰਨ ਬਣ ਗਿਆ। ਅਸਲ ਵਿੱਚ ਜ਼ਿੰਦਗੀਆਂ ਬਚਾਉਣ ਵਾਲੇ ਖਾਨੇ ਵਿੱਚ ਇਹ ਗ਼ਰੀਬ ਮਿਹਨਤੀ ਲੋਕ ਸ਼ਾਮਲ ਨਹੀਂ ਸਨ। ਪਹਿਲੇ ਸੰਬੋਧਨ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਤਿੰਨ ਵਾਰ ਫਿਰ ਦੇਸ਼ ਦੇ ਲੋਕਾਂ ਨੂੰ ਸੰਬੋਧਨ ਕੀਤਾ, ਪਰ ਦੋ ਵਾਰ ਤਾਂ ਉਨਾ ਸਮਾਜ ਦੇ ਇਸ ਹਿੱਸੇ ਦਾ ਜ਼ਿਕਰ ਹੀ ਨਹੀਂ ਕੀਤਾ ਤੇ ਆਖ਼ਰੀ ਵਾਰ ਜਦੋਂ ਲਾਕਡਾਊਨ ਤਿੰਨ ਮਈ ਤੱਕ ਵਧਾਇਆ ਤਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਤੁਸੀਂ ਇਨਾਂ ਗ਼ਰੀਬਾਂ ਦਾ ਵੀ ਖ਼ਿਆਲ ਰੱਖੋ। ਉਨਾ ਦੇ ਐਲਾਨ ਤੋਂ ਬਾਅਦ ਮੁੰਬਈ ਤੇ ਸੂਰਤ ਵਿੱਚ ਹਾਲਤ ਫਿਰ ਦਿੱਲੀ ਵਾਲੇ ਬਣ ਗਏ। ਇਹ ਲੋਕ ਮੰਗ ਕਰ ਰਹੇ ਸਨ ਕਿ ਸਾਨੂੰ ਸਾਡੇ ਆਪਣੇ ਸੂਬਿਆਂ ਵਿੱਚ ਭੇਜਿਆ ਜਾਵੇ, ਪਰ ਮਿਲੀਆਂ ਉਨਾਂ ਨੂੰ ਲਾਠੀਆਂ, ਪਰ ਇਹ ਵਿਹਾਰ ਉੱਚ ਵਰਗ ਦੇ ਲੋਕਾਂ ਤੋਂ ਵੱਖਰਾ ਹੈ। ਹਰਦੁਆਰ ਵਿੱਚ 1800 ਗੁਜਰਾਤੀ ਫਸ ਗਏ ਸਨ, ਉਨਾਂ ਨੂੰ ਸਰਕਾਰੀ ਬੱਸਾਂ ਰਾਹੀਂ ਘਰੋ-ਘਰੀ ਪੁਚਾਇਆ ਗਿਆ, ਸਹਾਰਨਪੁਰ ਵਿੱਚ ਰਾਧਾ ਸਵਾਮੀ ਡੇਰੇ ਵਿੱਚ ਫਸੇ 800 ਸ਼ਰਧਾਲੂਆਂ ਨੂੰ ਘਰਾਂ ਤੱਕ ਛੱਡਣ ਦਾ ਪ੍ਰਬੰਧ ਕੀਤਾ ਗਿਆ। ਸਵਾਲ ਪੈਦਾ ਹੁੰਦਾ ਹੈ ਕਿ ਫਿਰ ਇਨਾਂ ਮਜ਼ਦੂਰਾਂ ਨੂੰ ਘਰੋ-ਘਰੀ ਪੁਚਾਉਣ ਦਾ ਪ੍ਰਬੰਧ ਕਿਉਂ ਨਹੀਂ ਕੀਤਾ ਜਾ ਸਕਦਾ।

ਉਸਾਰੀ ਖੇਤਰ 'ਚ ਲੱਗੇ ਮਜ਼ਦੂਰਾਂ ਦਾ ਇੱਕ ਸਰਵੇਖਣ ਦੱਸਦਾ ਹੈ ਕਿ ਇਹਨਾਂ 3 ਹਫਤਿਆਂ 'ਚ 92.5 ਫੀਸਦੀ ਮਜ਼ਦੂਰ ਅਪਣਾ ਕੰਮ ਗਵਾ ਬੈਠੇ ਨੇ। ਇੱਕ ਗੈਰ ਸਰਕਾਰੀ ਸੰਸਥਾ ਦੇ ਸਰਵੇਖਣ ਮੁਤਾਬਿਕ 42% ਮਜ਼ਦੂਰਾਂ ਕੋਲ ਗੁਜਾਰਾ ਕਰਨ ਲਈ ਰਾਸ਼ਨ ਨਹੀਂ ਰਿਹਾ ਤੇ ਬੰਦ ਕਰਕੇ 70% ਤੋਂ ਵੱਧ ਮਜ਼ਦੂਰ ਆਪਣੇ ਪਰਿਵਾਰ ਦਾ ਗੁਜਾਰਾ ਨਹੀਂ ਕਰ ਸਕਣਗੇ। ਦੂਜਾ, ਇੱਕ ਤਿਹਾਈ ਮਜ਼ਦੂਰ ਜਿਹੜੇ ਦੂਸਰੀਆਂ ਥਾਵਾਂ 'ਤੇ ਫਸੇ ਹੋਏ ਨੇ ਉਹਨਾਂ ਕੋਲ ਆਪਣੇ ਘਰ ਵਾਪਸ ਜਾਣ ਦੇ ਕੋਈ ਪ੍ਰਬੰਧ ਨਹੀਂ, ਉਹਨਾਂ ਥਾਵਾਂ 'ਤੇ ਰਹਿ ਕੇ ਉਹਨਾਂ ਦਾ ਰਹਿਣ, ਖਾਣ-ਪਾਣੀ ਦਾ ਕੋਈ ਇੰਤਜ਼ਾਮ ਨਹੀਂ ਹੈ। ਤੇ ਜਿਹੜੇ ਬਿਨਾਂ ਕਿਸੇ ਪ੍ਰਬੰਧ ਦੇ ਆਪਣੇ ਬੱਚਿਆਂ ਸਮੇਤ ਪੈਦਲ ਹੀ ਪਿੰਡਾਂ ਨੂੰ ਤੁਰੇ ਹੋਏ ਨੇ, ਉਹਨਾਂ ਨੂੰ ਰਾਹ 'ਚ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤੀਸਰਾ ਇਹਨਾਂ 'ਚੋਂ ਬਹੁਤਿਆਂ ਦੇ ਸਿਰ ਪਹਿਲਾਂ ਹੀ ਕਰਜੇ ਦੀਆਂ ਪੰਡਾਂ ਦਾ ਬਹੁਤ ਭਾਰ ਹੈ, ਕੰਮ ਨਾ ਮਿਲਣ ਕਰਕੇ ਉਹ ਕਰਜ਼ਾ ਵਾਪਸ ਕਰਨਾ ਤਾਂ ਦੂਰ ਦੀ ਗੱਲ ਹੈ ਇਹ ਲੋਕ ਹੋਰ ਵੀ ਸਿਰ ਤੋਂ ਪੈਰਾਂ ਤੀਕਰ ਕਰਜ਼ਦਾਰ ਹੋ ਜਾਣਗੇ। ਇਹੀ ਹਾਲ ਹੋਰ ਖੇਤਰਾਂ 'ਚ ਕੰਮ ਕਰਦੇ ਇੱਥੋਂ ਦੀ 80 ਫੀਸਦੀ ਤੋਂ ਵੱਧ ਕਿਰਤੀ ਅਬਾਦੀ ਦਾ ਹੈ। ਇਹਨਾਂ ਲਈ ਸਾਫ ਹੈ ਜੇ ਮਜ਼ਦੂਰ ਕੰਮ ਕਰਨ ਨਹੀਂ ਜਾਣਗੇ ਤਾਂ ਬਰਬਾਦ ਹੋ ਜਾਣਗੇ ਤੇ ਭੁੱਖੇ ਮਰਨਗੇ। ਕੌਮਾਂਤਰੀ ਮਜ਼ਦੂਰ ਜਥੇਬੰਦੀ ਦੁਆਰਾ ਦੱਸਿਆ ਜਾ ਰਿਹਾ ਹੈ ਕਿ ਕੋਰੋਨਾ ਕਰਕੇ ਭਾਰਤ ਦੇ ਲਗਭਗ 40 ਕਰੋੜ ਹੋਰ ਲੋਕ ਗਰੀਬੀ ਵੱਲ ਧੱਕ ਦਿੱਤੇ ਜਾਣਗੇ।

ਲਾਕਡਾਊਨ ਦੌਰਾਨ ਕਰੀਬ 96 ਫੀਸਦੀ ਪ੍ਰਵਾਸੀ ਮਜ਼ਦੂਰਾਂ ਨੂੰ ਸੁੱਕਾ ਰਾਸ਼ਨ ਨਹੀਂ ਮਿਲਿਆ ਤੇ 70 ਫੀਸਦੀ ਨੂੰ ਸਥਾਨਕ ਅਧਿਕਾਰੀਆਂ ਵੱਲੋਂ ਵੰਡੇ ਜਾਂਦੇ ਪਕਾਏ ਭੋਜਨ ਬਾਰੇ ਜਾਣਕਾਰੀ ਨਹੀਂ ਜਾਂ ਉਨਾਂ ਦੀ ਉਸ ਤੱਕ ਪਹੁੰਚ ਨਹੀਂ। ਇਹ ਹੌਲਨਾਕ ਤੱਥ ਪੇਂਡੂ ਕੰਮ ਸਕੀਮਾਂ ਉੱਤੇ ਅਮਲ 'ਤੇ ਕੰਮ ਕਰ ਰਹੇ ਖੋਜੀਆਂ ਦੇ ਗਰੁੱਪ 'ਦੀ ਸਟਰੈਂਡਿਡ ਵਰਕਰਜ਼ ਐਕਸ਼ਨ ਨੈੱਟਵਰਕ' ਨੇ 27 ਮਾਰਚ ਤੋਂ 13 ਅਪ੍ਰੈਲ ਤੱਕ ਥਾਂ-ਥਾਂ ਫਸੇ ਪ੍ਰਵਾਸੀਆਂ ਨਾਲ ਫੋਨ 'ਤੇ ਗੱਲਬਾਤ ਕਰਕੇ ਸਾਹਮਣੇ ਲਿਆਂਦਾ ਹੈ। ਬ੍ਰਾਊਨ ਯੂਨੀਵਰਸਿਟੀ ਦੀ ਪੀ ਐੱਚ ਡੀ ਕੈਂਡੀਡੇਟ ਅਨੰਦਿਤਾ ਅਧਿਕਾਰੀ, ਅਜ਼ੀਮ ਪ੍ਰੇਮਜੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਰਜਿੰਦਰਨ ਨਾਰਾਇਣ ਤੇ ਸੀਮਾ ਮਾਓਂਦਾਲੀ ਅਤੇ ਲਿਬ ਟੈਕ ਇੰਡੀਆ ਦੀ ਸਕੀਨਾ ਧੋਰਾਜੀਵਾਲਾ ਤੇ ਉਨਾਂ ਦੀ 73 ਮੈਂਬਰਾਂ ਦੀ ਟੀਮ ਨੇ ਮਹਾਰਾਸ਼ਟਰ, ਕਰਨਾਟਕ ਤੇ ਯੂ ਪੀ ਵਿਚ ਫਸੇ ਯੂ ਪੀ, ਬਿਹਾਰ ਤੇ ਝਾਰਖੰਡ ਦੇ 11159 ਮਜ਼ਦੂਰਾਂ ਨਾਲ ਫੋਨ 'ਤੇ ਗੱਲਬਾਤ ਕੀਤੀ। ਸਾਰੇ ਰਾਜ ਫਸੇ ਹੋਏ ਪ੍ਰਵਾਸੀ ਮਜ਼ਦੂਰਾਂ ਨੂੰ ਪੱਕਿਆ ਭੋਜਨ ਵੰਡ ਰਹੇ ਹਨ ਅਤੇ ਕੁਝ ਸੁੱਕਾ ਰਾਸ਼ਨ ਵੀ ਦੇ ਰਹੇ ਹਨ, ਪਰ ਬਹੁਤਿਆਂ ਨੂੰ ਇਸ ਕਰਕੇ ਸੁੱਕਾ ਰਾਸ਼ਨ ਨਹੀਂ ਮਿਲ ਰਿਹਾ, ਕਿਉਂਕਿ ਉਹ ਜਿਨਾਂ ਰਾਜਾਂ ਵਿਚ ਕੰਮ ਕਰਦੇ ਹਨ, ਉਥੇ ਰਜਿਸਟਰਡ ਨਹੀਂ। 'ਦੀ ਇੰਟਰ-ਸਟੇਟ ਮਾਈਗ੍ਰੈਂਟ ਵਰਕਰਜ਼ ਐਕਟ ਐਂਡ ਦੀ ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਐਕਟ' ਮੁਤਾਬਕ ਪ੍ਰਵਾਸੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਜ਼ਰੂਰੀ ਹੈ, ਤਾਂ ਕਿ ਬਿਪਤਾ ਵੇਲੇ ਉਨਾਂ ਨੂੰ ਲੱਭਿਆ ਜਾ ਸਕੇ। ਰਜਿਸਟਰਡ ਹੋ ਜਾਣ ਤੋਂ ਬਾਅਦ ਉਹ ਰਾਸ਼ਨ ਦੇ ਵੀ ਹੱਕਦਾਰ ਹੋ ਜਾਂਦੇ ਹਨ, ਪਰ ਇਹ ਕਾਨੂੰਨ ਲਾਗੂ ਨਹੀਂ ਕੀਤੇ ਗਏ। ਮੁੰਬਈ, ਬੇਂਗਲੂਰੂ, ਦਿੱਲੀ ਤੇ ਕੋਇੰਬਟੂਰ ਵਰਗੇ ਸ਼ਹਿਰਾਂ ਵਿਚ ਕੰਮ ਕਰਦੇ ਪ੍ਰਵਾਸੀ ਮਜ਼ਦੂਰ ਮਾਲਕਾਂ ਜਾਂ ਉਨਾਂ ਨੂੰ ਲੈ ਕੇ ਆਉਣ ਵਾਲੇ ਠੇਕੇਦਾਰਾਂ ਤੋਂ ਇਲਾਵਾ ਕਿਸੇ ਨੂੰ ਨਹੀਂ ਜਾਣਦੇ। ਫੋਨ 'ਤੇ ਬਹੁਤੇ ਵਰਕਰਾਂ ਨੇ ਦੱਸਿਆ ਕਿ ਉਨਾਂ ਨੂੰ ਪਤਾ ਨਹੀਂ ਕਿ ਭੋਜਨ ਕਿੱਥੋਂ ਮਿਲਦਾ ਹੈ ਤੇ ਜਿਹੜੇ ਪਤਾ ਲੱਗਣ 'ਤੇ ਉਥੇ ਗਏ, ਉਹ ਭੀੜਾਂ ਕਾਰਨ ਰੋਜ਼ ਹਾਸਲ ਨਹੀਂ ਕਰ ਸਕੇ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 70 ਤੋਂ 80 ਫੀਸਦੀ ਮਜ਼ਦੂਰਾਂ ਨੂੰ ਲਾਕਡਾਊਨ ਦੇ ਦੂਜੇ ਤੇ ਤੀਜੇ ਹਫਤੇ ਦੇ ਵਿਚਾਲੇ ਸਰਕਾਰ ਜਾਂ ਸਥਾਨਕ ਜਥੇਬੰਦੀਆਂ ਵੱਲੋਂ ਵਰਤਾਇਆ ਗਿਆ ਭੋਜਨ ਨਹੀਂ ਮਿਲ ਸਕਿਆ। ਅਧਿਐਨ ਵਿਚ ਇਕ ਹੋਰ ਚਿੰਤਾਜਨਕ ਤੱਥ ਸਾਹਮਣੇ ਆਇਆ ਹੈ ਕਿ 89 ਫੀਸਦੀ ਵਰਕਰਾਂ ਨੂੰ ਉਨਾਂ ਦੇ ਮਾਲਕਾਂ, ਖਾਸਕਰ ਠੇਕੇਦਾਰਾਂ ਨੇ ਪੂਰੇ ਲਾਕਡਾਊਨ ਦੌਰਾਨ ਕੋਈ ਪੈਸਾ ਨਹੀਂ ਦਿੱਤਾ। ਠੇਕੇਦਾਰਾਂ ਨੇ ਤਾਂ ਮੋਬਾਇਲ ਫੋਨ ਹੀ ਬੰਦ ਕਰ ਲਏ। ਇਸ ਕਿਰਤੀ ਅਬਾਦੀ ਲਈ ਮੋਦੀ ਸਰਕਾਰ ਵੱਲੋਂ ਕੀ ਕੀਤਾ ਜਾ ਰਿਹਾ ਹੈ ਤਾਂ ਜਵਾਬ ਹੈ ਕੁੱਝ ਨਹੀਂ। ਅਜੇ ਤੱਕ ਸਰਕਾਰ ਵੱਲੋਂ ਇਹਨਾਂ ਕਿਰਤੀ ਲੋਕਾਂ ਤੱਕ ਕੋਈ ਰਾਸ਼ਨ ਨਹੀਂ, ਕੋਈ ਦਵਾ ਇਲਾਜ ਨਹੀਂ ਤੇ ਕੋਈ ਰਾਹਤ ਫੰਡ ਨਹੀਂ। ਫਿਰ ਇਹ ਸਰਕਾਰ ਕੋਰੋਨਾਵਾਇਰਸ ਦਾ ਪ੍ਰਸਾਰ ਕਿਸ ਤਰਾਂ ਰੋਕ ਰਹੀ ਹੈ ਇੱਥੋਂ ਦੀ ਕਿਰਤੀ ਅਬਾਦੀ ਨੂੰ ਭੁੱਖਾਂ, ਥੁੜਾਂ 'ਚ ਮਾਰ ਕੇ?

ਕਿਰਤੀਆਂ ਦੀ ਸਾਰ ਲਈ ਸਿਖਾਂ ਤੇ ਪੰਜਾਬੀਆਂ ਨੇ

ਕਰਫਿਊ ਦੇ ਇਸ ਫੈਸਲੇ ਪਿੱਛੇ ਕੇਂਦਰ ਸਰਕਾਰ ਦੀ ਕੋਈ ਤਿਆਰੀ ਜਾਂ ਕੋਈ ਯੋਜਨਾਬੰਦੀ ਨਹੀਂ ਸੀ ਕਿ ਕਰਫਿਊ ਦੌਰਾਨ ਇੱਕ ਵੱਡੀ ਅਬਾਦੀ ਦਾ ਢਿੱਡ ਕਿਵੇਂ ਭਰਿਆ ਜਾਵੇਗਾ ਕਿ ਜਿੱਥੇ ਕੋਰੋਨਾਵਾਇਰਸ ਇੱਕ ਖਤਰਨਾਕ ਬਿਮਾਰੀ ਹੈ, ਜਿਸ ਤੋਂ ਬਚਾਅ ਕਰਨ ਦੀ ਲੋੜ ਹੈ, ਉੱਥੇ ਜਿਊਂਦੇ ਰਹਿਣ ਵਾਸਤੇ ਮਨੁੱਖ ਦੀਆਂ ਬੁਨਿਆਦੀ ਲੋੜਾਂ ਵੀ ਪੂਰੀਆਂ ਹੋਣੀਆਂ ਲਾਜ਼ਮੀ ਹਨ, ਕਿਉਂਕਿ ਇਸੇ ਸ਼ਰਤ 'ਤੇ ਕੋਈ ਵੀ ਮਨੁੱਖ ਆਪਦਾ ਬਿਮਾਰੀ ਤੋਂ ਬਚਾਅ ਕਰ ਸਕਦਾ ਹੈ ਕਿ ਉਹਦੇ ਸਰੀਰ ਵਿੱਚ ਬਿਮਾਰੀ ਨਾਲ਼ ਲੜਨ ਦੀ ਸਮਰੱਥਾ ਹੋ। ਪਰ ਇਹਨਾਂ ਸਾਰੀਆਂ ਆਉਣ ਵਾਲ਼ੀਆ ਸਮੱਸਿਆਵਾਂ ਦੀ ਫਿਕਰ ਕੀਤੇ ਬਿਨਾਂ ਕਰਫਿਊ ਦਾ ਐਲਾਨ ਕਰ ਦਿੱਤਾ ਗਿਆ, ਕਿਉਂਕਿ ਸਮੱਸਿਆਵਾਂ ਤਾਂ ਆਮ ਲੋਕਾਂ ਨੂੰ ਆਉਣੀਆਂ ਸਨ ਸਰਕਾਰ ਨੂੰ ਨਹੀਂ। ਕਰਫਿਊ ਦੇ ਐਲਾਨ ਤੋਂ ਕੁਝ ਦਿਨ ਮਗਰੋਂ ਲੋਕਾਂ ਦੇ ਦਬਾਅ ਵਿੱਚ ਆਕੇ ਪੰਜਾਬ ਸਰਕਾਰ ਨੇ 20 ਲੱਖ ਸੁੱਕੇ ਰਾਸ਼ਨ ਦੇ ਪੈਕਟ ਘਰਾਂ 'ਚ ਵੰਡਣ ਦੀ ਗੱਲ ਆਖੀ, ਰਾਸ਼ਨ ਦੇ ਤਿਆਰ ਪੈਕਟ ਲੋੜਵੰਦਾ ਦੇ ਘਰਾਂ 'ਚ ਪਹੁੰਚਣ ਤੋਂ ਕਿੰਨੀ ਦੇਰ ਤੱਕ ਇਸੇ ਕਰਕੇ ਲਟਕੇ ਰਹੇ ਕਿ ਕੈਪਟਨ ਸਾਹਬ ਨੂੰ ਸੀ, ਮਸਾਂ ਤਾਂ ਕੋਈ ਕੰਮ ਕੀਤਾ ਹੁਣ ਆਪਣੀ ਮਸ਼ਹੂਰੀ ਕਰਵਾ ਕੇ ਵਾਹ-ਵਾਹੀ ਵੀ ਤਾਂ ਖੱਟਣੀ ਹੈਪੈਕਟ ਕੈਪਟਨ ਸਾਹਬ ਦੀ ਤਸਵੀਰ ਛਪਣ ਦੀ ਉਮੀਦ ਵਿੱਚ ਕਿੰਨੀ ਹੀ ਦੇਰ ਗੋਦਾਮਾਂ ਵਿੱਚ ਰੁਲਦੇ ਰਹੇ ਤੇ ਹੁਣ ਤੱਕ ਵੀ ਸ਼ਾਇਦ ਹੀ ਕੋਈ ਰਾਸ਼ਨ ਦਾ ਪੈਕਟ ਕਿਸੇ ਪਿੰਡ ਜਾਂ ਕਿਸੇ ਸ਼ਹਿਰ ਵਿੱਚ ਲੋਕਾਂ ਦੇ ਘਰਾਂ ਦੀਆਂ ਬਰੂਹਾਂ 'ਤੇ ਪਹੁੰਚਿਆ ਹੋਵੇ।

ਪਰ ਲੋਕ ਤਾਂ ਪਹਿਲਾਂ ਹੀ ਜਾਣਦੇ ਸਨ ਕਿ ਇਹ ਸਿਰਫ ਇੱਕ ਨਵਾਂ ਲਾਰਾ ਹੈ, ਸਰਕਾਰ ਵੱਲੋਂ ਛੱਡੀ ਇੱਕ ਹੋਰ ਨਵੀਂ ਸ਼ੁਰਲੀ। ਪੰਜਾਬ ਦੇ ਸਿਖ ਪੰਥ ਨੇ ਅੱਜ ਤੱਕ ਕਿਹੜਾ ਸਰਕਾਰਾਂ ਤੋਂ ਝਾਕ ਰੱਖੀ, ਜੋ ਹੁਣ ਰੱਖਦੇ। ਸਿਖ ਪੰਥ ਤੇ ਬਹੁਜਨ ਭਾਈਚਾਰੇ ਨੇ ਆਪਣੇ ਭਰਾਵਾਂ ਦਾ ਦੁੱਖ ਸਮਝਿਆ, ਇਸ ਔਖੀ ਘੜੀ ਵਿੱਚ ਬੰਦੇ ਨੇ ਬੰਦੇ ਦੀ ਬਾਂਹ ਫੜੀ। ਪਿੰਡਾਂ ਤੇ ਸ਼ਹਿਰਾਂ ਦੇ ਮੁਹੱਲਿਆਂ ਵਿੱਚ ਗਰੀਬਾਂ ਤੱਕ ਰਸਦ-ਪਾਣੀ ਪਹੁੰਚਾਉਣ ਲਈ ਨੌਜਵਾਨਾਂ ਨੇ ਮਿਲਕੇ ਕਮੇਟੀਆਂ ਬਣਾਈਆਂ, ਵਲੰਟੀਅਰਾਂ ਦੀਆ ਟੀਮਾਂ ਬਣੀਆਂ, ਭੁੱਖ ਦੇ ਝੰਬੇ ਲੋਕਾਂ ਦਾ ਦੁੱਖ ਦਰਦ ਸਮਝਣ ਵਾਲ਼ਿਆਂ ਨੇ ਫੰਡ ਦਿੱਤਾ, ਪੰਜਾਬ ਤੋਂ ਬਾਹਰ ਵਿਦੇਸ਼ਾਂ ਵਿੱਚ ਬੈਠੇ ਮਿੱਤਰ-ਪਿਆਰਿਆਂ ਨੇ ਵੀ ਵਧ-ਚੜ ਕੇ ਮਦਦ ਭੇਜੀ, ਤੇ ਕੁੱਝ ਹੀ ਦਿਨਾਂ ਵਿੱਚ ਲੋੜਵੰਦਾਂ ਤੱਕ ਸੁੱਕੇ ਰਾਸ਼ਨ ਦੀ ਰਸਾਈ ਸ਼ੁਰੂ ਹੋ ਗਈ, ਸਿਖ ਪੰਥ ਰੋਜ਼ਾਨਾ ਲੰਗਰ ਤਿਆਰ ਕਰ ਲੋੜਵੰਦਾ ਤੱਕ ਪਹੁੰਚਦਾ ਕਰ ਰਹੇ ਹਨ। ਪਿੰਡਾਂ ਦੇ ਗੁਰਦੁਆਰੇ ਲੌਕਡਾਊਨ ਦੇ ਝੰਬੇ ਲੋਕਾਂ ਲਈ ਲੰਗਰ-ਪਾਣੀ ਦੀ ਸੇਵਾ ਕਰ ਰਹੇ ਹਨ।

ਲੋਕਾਂ ਦੇ ਹੱਕਾਂ ਲਈ ਹਮੇਸ਼ਾਂ ਨਿੱਤਰਨ ਵਾਲ਼ੀਆਂ ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਵੀ ਸੰਨਅਤੀ ਤੇ ਪੇਂਡੂ ਮਜ਼ਦੂਰਾਂ ਤੱਕ ਸੁੱਕਾ ਰਾਸ਼ਨ ਪਹੁੰਚਦਾ ਕਰ ਰਹੀਆਂ ਹਨ। ਲੁਧਿਆਣੇ ਦੀਆਂ ਸੰਨਅਤੀ ਮਜ਼ਦੂਰਾਂ ਦੀਆਂ ਜਥੇਬੰਦੀਆਂ ਲੁਧਿਆਣੇ ਵਿੱਚ ਕੰਮ-ਕਰਦੇ ਪ੍ਰਵਾਸੀ ਮਜ਼ਦੂਰਾਂ ਨੂੰ ਭੁੱਖੇ ਮਰਨੋਂ ਬਚਾਉਣ ਲਈ ਹਰ ਤਰਾਂ ਦਾ ਹੀਲਾ ਕਰ ਰਹੀਆਂ ਹਨ। ਨਾਲ਼ ਹੀ ਲੋਕਾਂ ਨੂੰ ਇਹ ਵੀ ਸਮਝਾ ਰਹੀਆਂ ਹਨ ਕਿ ਸਰਕਾਰ ਵੱਲੋਂ ਚਲਾਏ ਗਏ ਸਹਾਇਤਾ ਨੰਬਰਾਂ 'ਤੇ ਫੋਨ ਕਰਕੇ ਮਦਦ ਮੰਗੀ ਜਾਵੇ, ਪਰ ਲੋਕ ਜਦ ਇਹਨਾਂ ਨੰਬਰਾਂ 'ਤੇ ਫੋਨ ਕਰਦੇ ਤਾਂ ਅੱਗੋਂ ਕੋਈ ਜਵਾਬ ਨਾ ਆਉਂਦਾ। ਪਿਛਲੇ ਸਾਲ ਪੰਜਾਬ ਵਿੱਚ ਆਏ ਹੜਾਂ ਵੇਲੇ ਵੀ ਜਦ ਲੋਕਾਂ ਦੇ ਘਰ, ਖੇਤ, ਪਸ਼ੂ-ਡੰਗਰ ਸਭ ਪਾਣੀ ਵਿੱਚ ਡੁੱਬ ਗਏ ਸਨ, ਉਦੋਂ ਵੀ ਕੋਈ ਮੰਤਰੀ ਇਹਨਾਂ ਹੜਾਂ ਦੇ ਮਾਰੇ ਲੋਕਾਂ ਦੀ ਬਾਤ ਪੁੱਛਣ ਤੱਕ ਨਹੀਂ ਬਹੁੜਿਆ ਸੀ, ਤਦ ਵੀ ਸਿਖ ਹੀ ਸਨ, ਜਿਹਨਾਂ ਪੰਜਾਬ ਦੇ ਕੋਨੇ-ਕੋਨੇ ਤੋਂ ਇਹਨਾਂ ਸਰਕਾਰਾਂ ਦੇ ਦੁਰਕਾਰਿਆਂ ਲਈ ਮਦਦ ਭੇਜੀ ਸੀ।ਹਰ ਔਖੀ-ਘੜੀ ਵੇਲੇ ਸਿਖ ਹੀ ਲੋਕਾਂ ਦੀ ਬਾਂਹ ਫੜਦੇ ਹਨ, ਪੰਜਾਬ ਦੇ ਲੋਕਾਂ ਦੀ ਭਾਈਚਾਰਕ ਸਾਂਝ ਨੇ ਇਹ ਹਮੇਸ਼ਾਂ ਸਾਬਤ ਕੀਤਾ ਹੈ।

# ਕੋਰੋਨਾ ਭਜਾਉਣ ਦੇ ਦਾਅਵੇ ਅਤੇ ਹਕੀਕਤਾਂ

**- ਸੁਖਮਿੰਦਰ ਬਾਗੀ**

ਜਦੋਂ ਵੀ ਕੋਈ ਮਹਾਂਮਾਰੀ ਫੈਲਦੀ ਹੈ ਤਾਂ ਅਫਵਾਹਾਂ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਅੰਧਵਿਸ਼ਵਾਸੀਆਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਲੁੱਟਣ ਵਾਲੇ ਪਾਖੰਡੀ ਜੋਤਸ਼ੀਆਂ, ਅਖੌਤੀ ਧਾਰਮਿਕ ਸਾਧਾਂ, ਸੰਤਾਂ ਗੁਰੂਆਂ, ਡੇਰਿਆਂ ਵਾਲਿਆਂ, ਸਤਿਗੁਰੂਆਂ, ਬਾਪੂਆਂ, ਮਹਾਰਾਜਾਂ ਅਤੇ ਫਿਰਕਾਪ੍ਰਸਤ ਤਾਕਤਾਂ ਦੀ ਚਾਂਦੀ ਹੋ ਜਾਂਦੀ ਹੈ। ਅੱਜ ਦੇ ਸਮੇਂ ਵਿੱਚ ਕੁਝ ਇੱਕ ਨੂੰ ਛੱਡ ਕੇ ਪੂਰੇ ਭਾਰਤ ਦੇ ਮਾਪੇ ਆਪਣੇ ਬੱਚਿਆਂ ਦੀ ਰਗ ਰਗ ਅਤੇ ਦਿਮਾਗ ਵਿੱਚ ਵਿੱਚ ਅੰਧ ਵਿਸ਼ਵਾਸ ਬਚਪਨ ਤੋਂ ਹੀ ਕੁੱਟ ਕੁੱਟ ਕੇ ਭਰ ਦਿੰਦੇ ਹਨ, ਜਿਸਦਾ ਸੰਤਾਪ ਬਹੁਤੇ ਬੱਚੇ ਸਾਰੀ ਉਮਰ ਭੋਗਦੇ ਹਨ। ਅਸੀਂ ਆਪਣੇ ਬੱਚਿਆਂ ਨੂੰ ਲਕੀਰ ਦੇ ਫ਼ਕੀਰ ਬਣਾਉਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ। ਬਚਪਨ ਤੋਂ ਹੀ ਧਾਰਮਿਕ ਸਥਾਨਾਂ 'ਤੇ ਲਿਜਾ ਕੇ ਉਨਾਂ ਨੂੰ ਮੱਥੇ ਘਸਾਉਣ, ਹੱਥ ਜੋੜ ਕੇ ਅਰਦਾਸਾਂ ਕਰਨ ਅਤੇ ਇੱਕ-ਦੋ ਰੁਪਏ ਦੇ ਕੇ ਚੜਾਵਾ ਚੜਾਉਣ ਦੀ ਆਦਤ ਪਾ ਦਿੱਤੀ ਜਾਂਦੀ ਹੈ। ਇਸ ਆਦਤ ਕਾਰਨ ਹੀ ਉਹ ਆਪਣੀ ਸਾਰੀ ਉਮਰ ਇਸ ਚੱਕਰਵਿਊ ਵਿੱਚੋਂ ਬਾਹਰ ਨਹੀਂ ਨਿਕਲ ਸਕਦੇ। ਉਨਾਂ ਦੀ ਇਸ ਆਦਤ ਕਾਰਨ ਹੀ ਪੁਜਾਰੀ ਵਰਗ ਦਾ ਧੰਦਾ ਚੱਲਦਾ ਰਹਿੰਦਾ ਹੈ। ਬਚਪਨ ਤੋਂ ਹੀ ਇਹ ਪੁਜਾਰੀ ਵਰਗ ਬੱਚਿਆਂ ਦੇ ਦਿਮਾਗ ਵਿੱਚ ਇਹ ਗੱਲ ਕੁੱਟ ਕੁੱਟ ਕੇ ਭਰ ਦਿੰਦਾ ਹੈ ਕਿ ਕਰਮਾਂ ਵਿੱਚ ਜੋ ਲਿਖਿਆ ਹੈ ਉਹ ਭੋਗਣਾ ਹੀ ਪੈਣਾ ਹੈ। ਸਾਡੇ ਮਾਪੇ ਵੀ ਸਾਡੀ ਲੁੱਟ ਖਸੁੱਟ ਜਾਰੀ ਰੱਖਣ ਲਈ ਪੁਜਾਰੀ ਵਰਗ ਦਾ ਪੂਰਾ ਸਾਥ ਦਿੰਦੇ ਹਨ।

ਨਵੇਂ ਘਰ ਦੇ ਗ੍ਰਹਿ ਪ੍ਰਵੇਸ਼, ਵਿਆਹ ਸ਼ਾਦੀਆਂ ਤੋਂ ਪਹਿਲਾਂ ਜਾਂ ਕਿਸੇ ਵੀ ਤਰਾਂ ਦੀ ਖ਼ੁਸ਼ੀ ਗਮੀ ਸਮੇਂ ਧਾਰਮਿਕ ਸਮਾਗਮ ਕਰਵਾਉਣੇ ਇਸਦੀਆਂ ਮੂੰਹ ਬੋਲਦੀਆਂ ਉਦਾਹਰਣਾਂ ਹਨ। ਮਾਪਿਆਂ ਨੇ ਕਦੇ ਵੀ ਆਪਣੀ ਔਲਾਦ ਨੂੰ ਇਹ ਨਹੀਂ ਸਮਝਾਇਆ ਕਿ ਕੁਦਰਤ ਨੇ ਸਾਨੂੰ ਕੰਮ ਕਰਨ ਲਈ ਹੱਥ ਪੈਰ ਅਤੇ ਅਨੇਕਾਂ ਅੰਗ ਦਿੱਤੇ ਹਨ, ਸੋਚਣ ਲਈ ਸਾਨੂੰ ਦਿਮਾਗ ਦਿੱਤਾ ਹੈ। ਇਸ ਦਿਮਾਗ ਦੀ ਵਰਤੋਂ ਕਰਕੇ ਅਸੀਂ ਆਪਣਾ ਜੀਵਨ ਸਫਲਾ ਕਰ ਸਕਦੇ ਹਾਂ। ਹੱਥ ਜੋੜ ਕੇ ਅਰਦਾਸਾਂ ਕਰਨ ਨਾਲ ਸਾਡੀ ਜ਼ਿੰਦਗੀ ਨਹੀਂ ਸੁਧਰਨੀ, ਸਗੋਂ ਵਿਗੜਨੀ ਹੀ ਹੈ। ਇਹ ਹੱਥ ਕੁਦਰਤ ਨੇ ਸਾਨੂੰ ਇਸ ਲਈ ਦਿੱਤੇ ਹੋਏ ਹਨ ਤਾਂ ਕਿ ਅਸੀਂ ਕੰਮ ਕਰਕੇ ਆਪਣੀ ਜ਼ਿੰਦਗੀ ਸੁਧਾਰ ਸਕੀਏ। ਆਪਣਾ ਜੀਵਨ ਸੁਖੀ ਬਣਾ ਸਕੀਏ। ਪਰ ਸਾਨੂੰ ਤਾਂ ਪੁਜਾਰੀ ਵਰਗ ਨੇ ਕਿਸਮਤਵਾਦੀ ਬਣਾ ਧਰਿਆ ਹੈ।

ਪੀ ਐੱਚ ਡੀ ਕਰਕੇ ਆਪਣੇ ਨਾਂਵਾਂ ਅੱਗੇ ਡਾਕਟਰ ਲਿਖਵਾ ਕੇ ਮਾਣ ਮਹਿਸੂਸ ਕਰਨ ਵਾਲੇ ਵੀ ਅਨਪੜਾਂ ਵਾਂਗ ਧਾਰਮਿਕ ਸਥਾਨਾਂ, ਗ੍ਰੰਥਾਂ ਅਤੇ ਪੱਥਰ ਦੀਆਂ ਮੂਰਤੀਆਂ ਅੱਗੇ ਮੱਥੇ ਟੇਕਦੇ ਅਤੇ ਚੜਾਵਾ ਝੜਾਉਂਦੇ ਆਮ ਹੀ ਦੇਖੇ ਜਾ ਸਕਦੇ ਹਨ। ਫਿਰ ਪੜੇ ਲਿਖੇ ਅਤੇ ਅਨਪੜ ਵਿੱਚ ਕੀ ਫ਼ਰਕ ਹੋਇਆ?

ਅੱਜ ਕੋਰੋਨਾ ਵਾਇਰਸ ਦੇ ਰਾਜ ਵਿੱਚ ਵੀ ਸੰਪਰਦਾਇਕਤਾ, ਜਾਤ-ਪਾਤ ਦੇ ਨਫ਼ਰਤੀ ਬਾਣਾਂ ਦੀ ਖ਼ੂਬ ਵਰਤੋਂ ਕੀਤੀ ਜਾ ਰਹੀ ਹੈ। ਇੱਥੋਂ ਤੱਕ ਕਿ ਜਿਸ ਤਰਾਂ ਅਮਰੀਕਾ ਦਾ ਰਾਸ਼ਟਰਪਤੀ ਚੀਨ ਅਤੇ ਭਾਜਪਾ ਸਿਆਸਤਦਾਨ ਤਬਲੀਗੀ ਮਰਕਜ਼ (ਮੁਸਲਮਾਨਾਂ) ਪ੍ਰਤੀ ਆਪਣਾ ਜ਼ਹਿਰ ਉਗਲ ਰਹੇ ਹਨ, ਇਸੇ ਤਰਾਂ ਹੀ ਲੁਟੇਰਾ ਅਖੌਤੀ ਧਾਰਮਿਕ ਅਤੇ ਸਿਆਸੀ ਗਿਰੋਹ ਵੀ ਲੋਕਾਂ ਵਿੱਚ ਅੰਧਵਿਸ਼ਵਾਸ ਦੀਆਂ ਜੜਾਂ ਪੱਕੀਆਂ ਕਰ ਰਿਹਾ ਹੈ।

ਕੋਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ ਤਾਂ ਲਗਾਤਾਰ ਹੋ ਰਹੀ ਹੈ ਪਰ ਲਾਕ ਡਾਊਨ, ਕਰਫਿਊ ਅਤੇ ਸਮਾਜਿਕ ਦੂਰੀ ਰੱਖਣ ਕਾਰਨ ਜਿਹੜੇ ਲੱਖਾਂ ਮਜ਼ਦੂਰ ਭੁੱਖ ਨਾਲ ਮਰਨਗੇ, ਉਨਾਂ ਬਾਰੇ ਕੋਈ ਗੱਲ ਨਹੀਂ ਕਰ ਰਿਹਾ।

ਕੋਰੋਨਾ ਵਾਇਰਸ ਦੇ ਬਹੁਤ ਸਾਰੇ ਮਰੀਜ਼ ਡਾਕਟਰਾਂ ਦੇ ਓਹੜ ਪੋਹੜ ਨਾਲ, ਵਾਇਰਸ ਲਈ ਪੌਣਪਾਣੀ ਦੀ ਅਨੁਕੂਲਤਾ ਕਾਰਨ ਜਾਂ ਫਿਰ ਮਨੁੱਖੀ ਸਰੀਰ ਦੀ ਅੰਦਰੂਨੀ ਸ਼ਕਤੀ ਦੀ ਸਮਰਥਾ ਕਾਰਨ ਮੌਤ ਤੋਂ ਬਚ ਰਹੇ ਹਨ ਹੈ ਪਰ ਕੋਰੋਨਾ ਵਾਇਰਸ ਦੇ ਜਾਣ ਤੋਂ ਬਾਅਦ ਇਹ ਧੂੰਆਂਧਾਰ ਪ੍ਰਚਾਰ ਕੀਤਾ ਜਾਵੇਗਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀਆਂ ਨੀਤੀਆਂ ਅਤੇ ਉਨਾਂ ਦੇ ਮਨ ਕੀ ਬਾਤ, ਥਾਲੀਆਂ ਖੜਕਾਉਣ, ਦੀਵੇ ਜਗਾਉਣ ਅਤੇ ਅਖੌਤੀ ਧਾਰਮਿਕ ਲੁਟੇਰਿਆਂ ਵੱਲੋਂ ਅਰਦਾਸਾਂ ਅਤੇ ਧਾਰਮਿਕ ਗੁਰੂਆਂ ਵੱਲੋਂ ਹਵਨ ਕਰਨ ਜਾਂ ਫਿਰ ਜੋਤਸ਼ੀਆਂ ਵੱਲੋਂ ਤੇ ਤਾਂਤਰਿਕਾਂ ਵੱਲੋਂ ਕੀਤੇ ਉਪਰਾਲਿਆਂ ਸਦਕਾ ਇਸ ਕੋਰੋਨਾ ਵਾਇਰਸ ਨੂੰ ਡਰਾ ਧਮਕਾ ਕੇ ਭਜਾਇਆ ਗਿਆ ਹੈ ਅਤੇ ਮਨੁੱਖੀ ਜਾਨਾਂ ਬਚਾਈਆਂ ਜਾ ਸਕੀਆਂ ਹਨ। ਫਿਰ ਸਭ ਦਾ ਧੰਨਵਾਦ ਕਰਨ ਲਈ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।

ਅੱਜ ਸੱਚ ਸਾਡੇ ਸਾਹਮਣੇ ਹੈ ਕਿ ਕੋਰੋਨਾ ਵਾਇਰਸ ਦੀ ਕੋਈ ਦਵਾਈ ਨਹੀਂ ਹੈ। ਧਾਰਮਿਕ ਸਥਾਨਾਂ ਨੂੰ ਜਿੰਦੇ ਲੱਗੇ ਹੋਏ ਹਨ ਅਤੇ ਸਭ ਕੋਰੋਨਾ ਵਾਇਰਸ ਤੋਂ ਬਚਣ ਲਈ ਲੁਕੇ ਬੈਠੇ ਹਨ। ਸਰਕਾਰੀ ਹਸਪਤਾਲਾਂ ਵਿੱਚ ਹੋਰ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਨੂੰ ਡਾਕਟਰ ਕੋਰੋਨਾ ਵਾਇਰਸ ਦੇ ਡਰ ਕਾਰਨ ਹੱਥ ਤੱਕ ਨਹੀਂ ਲਾ ਰਹੇ। ਹਫ਼ਤੇ ਬਾਅਦ ਮੋਦੀ ਸਾਹਿਬ ਟੀ ਵੀ ਚੈਨਲਾਂ 'ਤੇ ਦਿਸ਼ਾ ਨਿਰਦੇਸ਼ ਜਾਰੀ ਕਰ ਕੇ ਪਤਾ ਨਹੀਂ ਕਿੱਥੇ ਲੁਕ ਛਿਪ ਜਾਂਦੇ ਹਨ, ਪਿਛਲੇ ਸਾਲਾਂ ਵਿੱਚ ਵਿਦੇਸ਼ਾਂ ਵਿੱਚ ਹੀ ਘੁੰਮਦੇ ਰਹਿੰਦੇ ਸਨ।

ਸੱਚ ਤੁਹਾਡੇ ਸਾਹਮਣੇ ਹੈ, ਇਸ ਨੂੰ ਮੰਨਣਾ ਜਾਂ ਨਾ ਮੰਨਣਾ ਤੁਹਾਡੀ ਇੱਛਾ ਹੈ। ਸੱਚ ਕੁਨੀਨ ਦੀ ਗੋਲੀ ਨਹੀਂ, ਜਿਸ ਨੂੰ ਪਾਣੀ ਵਿੱਚ ਘੋਲ ਕੇ ਉਸ ਤਰਾਂ ਪਿਲਾਇਆ ਜਾ ਸਕਦਾ ਹੈ ਜਿਵੇਂ ਮਲੇਰੀਏ ਦੇ ਮਰੀਜ਼ ਨੂੰ ਪਿਲਾ ਕੇ ਮਲੇਰੀਆ ਭਜਾਇਆ ਜਾ ਸਕਦਾ ਹੈ। ਸੱਚ ਸਮਝਣ ਲਈ ਕੁਦਰਤ ਨੇ ਹਰੇਕ ਵਿਅਕਤੀ ਨੂੰ ਦਿਮਾਗ ਦਿੱਤਾ ਹੈ। ਇਸਦੀ ਵਰਤੋਂ ਕਰਕੇ ਸੁਚੇਤ ਹੋਵੋ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਕਰਨ ਲਈ ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦਿਉ। ਉਸ ਦੇ ਦਿੱਤੇ ਕਾਜ਼ ਨੂੰ ਉਸ ਤਰਾਂ ਪੂਰਾ ਕਰੋ ਜਿਵੇਂ ਤੁਸੀਂ ਸਾਰੇ ਪੜਦੇ ਸਮੇਂ ਅਧਿਆਪਕ ਵੱਲੋਂ ਪੜਨ ਲਿਖਣ ਲਈ ਘਰ ਦਾ ਦਿੱਤਾ ਗਿਆ ਕੰਮ ਕਰਦੇ ਸੀ।

# ਸਿੱਖ ਕੌਮ ਦਾ ਗੌਰਵਮਈ ਵਿਦਵਾਨ ਗਿਆਨੀ ਦਿੱਤ ਸਿੰਘ

**- ਨਸੀਬ ਸਿੰਘ ਸੇਵਕ**

6 ਸਤੰਬਰ 1901 ਨੂੰ ਸਿੰਘ ਸਭਾ ਲਾਹੌਰ ਦੇ ਮੋਢੀ, ਵਿਸ਼ਵ ਦੇ ਪੰਜਾਬੀ ਦੇ ਪਹਿਲੇ ਪ੍ਰੋਫੈਸਰ, ਖਾਲਸਾ ਕਾਲਜ ਅੰਮ੍ਰਿਤਸਰ ਦੇ ਮੋਢੀ ਸੰਸਥਾਪਕ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, 71 ਪੁਸਤਕਾਂ ਦੇ ਲਿਖਾਰੀ, ਆਰੀਆ ਸਮਾਜ ਦੇ ਮੋਢੀ ਸਵਾਮੀ ਦਯਾਨੰਦ ਨੂੰ ਲਗਾਤਾਰ 3 ਧਰਮ ਬਹਿਸਾਂ ਵਿੱਚ ਮਾਤ ਦੇਣ ਵਾਲੇ ਵਡੇਰੇ ਕੱਦ ਦੇ ਸਮਾਜ ਸੁਧਾਰਕ ਤੇ ਸਿੱਖ ਕੌਮ ਦੇ ਅਤੀ ਮਾਣਮੱਤੇ ਵਿਦਵਾਨ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਦੀ ਮੌਤ ਉਪਰੰਤ ਉਸ ਸਮੇਂ ਦੇ ਵਿਦਵਾਨਾਂ, ਲੇਖਕਾਂ ਤੇ ਪੱਤਰਕਾਰਾਂ ਨੇ ਆਪਣੀ-ਆਪਣੀ ਕਲਮ ਰਾਹੀਂ ਜੋ ਗਹਿਰੇ ਦੁੱਖ ਦੇ ਪ੍ਰਗਟਾਵੇ ਵਾਲੇ ਕੀਰਨੇ ਪਾਏ ਸਨ ਤਾਂ ਉਸ ਸਮੇਂ ਦੀਆਂ ਸਿੱਖ ਸੰਗਤਾਂ ਨੂੰ ਜ਼ਰੂਰ ਇਹ ਲੱਗਿਆ ਹੋਵੇਗਾ ਕਿ ਗਿਆਨੀ ਦਿੱਤ ਸਿੰਘ ਦੀ ਯਾਦ ਨੂੰ ਹਮੇਸ਼ਾ-ਹਮੇਸ਼ਾ ਲਈ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿੱਚ ਚਮਕਦਾ ਰੱਖਿਆ ਜਾਵੇਗਾ। ਪਰ ਜਲਦੀ ਹੀ ਸਮੇਂ ਦੀ ਰਫਤਾਰ ਦੇ ਨਾਲ-ਨਾਲ ਇਸ ਗੌਰਵਮਈ ਵਿਦਵਾਨ ਨੂੰ ਭੁਲਾਇਆ ਜਾਣ ਲੱਗਿਆ। ਇਸ ਤਰਾਂ ਉਸ ਦੀ ਮੌਤ 'ਤੇ ਪਾਏ ਕੀਰਨੇ ਸਿਰਫ ਤੇ ਸਿਰਫ ਕਾਗਜ਼ਾਂ ਦੇ ਪੰਨਿਆਂ ਤੱਕ ਹੀ ਸੀਮਤ ਰਹਿ ਗਏ। ਇਨੇ ਵੱਡੇ ਵਿਦਵਾਨ, ਸਾਹਿਤਕਾਰ, ਸਮਾਜ ਸੁਧਾਰਕ ਤੇ ਕੌਮ ਦੇ ਮਸੀਹੇ ਦੀ ਕੋਈ ਵੱਡੀ ਤਾਂ ਕੀ ਛੋਟੀ ਯਾਦਗਾਰ ਵੀ ਨਹੀਂ ਬਣਾਈ ਗਈ, ਸਿੱਖੀ ਦੇ ਪੁਨਰ ਵਿਕਾਸ ਲਈ ਪਾਏ ਅਤਿਅੰਤ ਯੋਗਦਾਨ ਨੂੰ ਮੂਲੋਂ ਹੀ ਵਿਸਾਰ ਦਿੱਤਾ। ਸਿੱਖ ਕੌਮ ਦੀ ਇਹ ਬਹੁਤ ਵੱਡੀ ਤ੍ਰਾਸਦੀ ਹੈ ਕਿ ਇਹ ਆਪਣੇ ਹੀਰਿਆਂ ਨੂੰ ਜਲਦੀ ਹੀ ਭੁੱਲ ਜਾਂਦੀ ਹੈ।

ਇਤਿਹਾਸ ਦੇ ਪੰਨੇ ਫਰੋਲਦਿਆਂ ਇਹ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ (1839) ਵੇਲੇ ਸਿੱਖਾਂ ਦੀ ਕੁੱਲ ਗਿਣਤੀ ਇੱਕ ਕਰੋੜ ਤੋਂ ਵੱਧ ਸੀ ਜੋ ਕਿ 1861 ਦੀ ਮਰਦਮਸ਼ੁਮਾਰੀ ਸਮੇਂ 18 ਲੱਖ 70 ਹਜ਼ਾਰ ਰਹਿ ਗਈ ਸੀ। ਸਿੱਖ ਵਿਦਵਾਨਾਂ ਲਈ ਇਹ ਇੱਕ ਚੁਣੌਤੀ ਸੀ ਕਿ ਦਿਨ ਪ੍ਰਤੀ ਦਿਨ ਸਿੱਖ, ਇਸਾਈ ਧਰਮ ਅਪਣਾਉਣ ਲੱਗ ਪਏ ਸਨ। ਇਸਾਈਆਂ ਦੇ ਧੜਾਧੜ ਪ੍ਰਚਾਰ ਦੀ ਬਦੌਲਤ ਸਿੱਖ ਆਪਣਾ ਧਰਮ ਬਦਲ ਕੇ ਇਸਾਈ ਬਣਦੇ ਜਾ ਰਹੇ ਸਨ। ਇਤਿਹਾਸ ਦੇ ਪੰਨੇ ਫਰੋਲਦਿਆਂ ਇੱਕ ਯੁੱਗ ਪਲਟਾਊ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤਸਰ ਵਿਖੇ ਮਿਸ਼ਨ ਸਕੂਲ ਦੇ ਚਾਰ ਅਮੀਰ ਸਿੱਖ ਘਰਾਣਿਆਂ ਦੇ ਲੜਕਿਆਂ ਨੇ ਇਸਾਈ ਬਣਨ ਦੀ ਇੱਛਾ ਪ੍ਰਗਟ ਕਰ ਦਿੱਤੀ ਸੀ। ਇਸ ਘਟਨਾ ਨੇ ਸਿੱਖੀ ਦੇ ਅਲੰਬਰਦਾਰਾਂ ਦੇ ਹਿਰਦਿਆਂ ਨੂੰ ਹਲੂਣ ਕੇ ਰੱਖ ਦਿੱਤਾ ਸੀ।

ਇਸ ਦੇ ਨਤੀਜੇ ਵਜੋਂ ਸਿੰਘ ਸਭਾ ਅੰਮ੍ਰਿਤਸਰ ਹੋਂਦ ਵਿੱਚ ਆਈ। ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਇਸ ਦੇ ਕ੍ਰਮਵਾਰ ਦਫਤਰ ਇੰਚਾਰਜ ਤੇ ਸਕੱਤਰ ਸਨ। ਜਲਦੀ ਹੀ ਸਿੰਘ ਸਭਾ ਅੰਮ੍ਰਿਤਸਰ ਆਪਣੇ ਉਦੇਸ਼ਾਂ ਤੋਂ ਭਟਕ ਗਈ। ਪ੍ਰੋ. ਗੁਰਮੁੱਖ ਸਿੰਘ ਤੇ ਗਿਆਨੀ ਦਿੱਤ ਸਿੰਘ ਨੇ ਸਿੱਖ ਕੌਮ ਦੀ ਲੀਹੋਂ ਉੱਤਰੀ ਗੱਡੀ ਨੂੰ ਮੁੜ ਲੀਹ 'ਤੇ ਲਿਆਉਣ ਦੀ ਕਸਮ ਖਾਧੀ ਹੋਈ ਸੀ। ਇਸ ਲਈ 1879 ਵਿੱਚ ਸਿੰਘ ਸਭਾ ਲਾਹੌਰ ਬਣਾਈ। ਇਸ ਸਿੰਘ ਸਭਾ ਦਾ ਪੂਰੀ ਦੁਨੀਆਂ ਵਿੱਚ ਬੋਲ-ਬਾਲਾ ਹੋ ਗਿਆ ਤੇ ਪੂਰੇ ਭਾਰਤ ਵਿੱਚ ਲਗਭਗ 3000 (ਤਿੰਨ ਹਜ਼ਾਰ) ਸਿੰਘ ਸਭਾਵਾਂ ਬਣ ਗਈਆਂ ਸਨ।

ਸਿੰਘ ਸਭਾ ਲਾਹੌਰ ਦੇ ਮੁੱਖ ਉਦੇਸ਼ ਜਿਵੇਂ (ਸਿੱਖੀ ਦੀ ਮੁੜ ਸੁਰਜੀਤੀ, ਸਿਰਫ ਤੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ, ਵਹਿਮਾਂ-ਭਰਮਾਂ, ਮੜੀ-ਮਸਾਣਾਂ, ਗੁਰੂ ਡੰਮ, ਫੋਕੇ ਕਰਮ-ਕਾਂਡਾਂ ਆਦਿ) ਸਮਾਜਿਕ ਬੁਰਾਈਆ ਦੇ ਖ਼ਿਲਾਫ਼ ਜੰਗ ਸ਼ੁਰੂ ਕਰਨਾ, ਸਿੱਖਿਆ ਦਾ ਪ੍ਰਸਾਰ ਕਰਨਾ ਆਦਿ ਮੁੱਖ ਸਨ। ਗਿਆਨੀ ਦਿੱਤ ਸਿੰਘ ਹੁਰਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਲਗਪਗ 71 ਪੁਸਤਕਾਂ ਲਿਖ ਕੇ, ਖਾਲਸਾ ਅਖ਼ਬਾਰ ਲਾਹੌਰ ਦੇ ਜ਼ਰੀਏ ਅਤੇ ਸਟੇਜਾਂ 'ਤੇ ਧੂੰਆਂ-ਧਾਰ ਪ੍ਰਚਾਰ ਕਰਦੇ ਹੋਏ ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ ਸਿਰ-ਤੋੜ ਯਤਨ ਆਰੰਭ ਕਰ ਦਿੱਤੇ ਤੇ ਆਖਰੀ ਸਾਹ ਤੱਕ ਸੰਘਰਸ਼ ਕਰਦੇ ਰਹੇ। ਆਪਣੇ ਇਸ ਕਾਰਜ ਵਿੱਚ ਕਾਫੀ ਹੱਦ ਤੱਕ ਸਫਲਤਾ ਵੀ ਪ੍ਰਾਪਤ ਕੀਤੀ ਸੀ।

ਪਰ ਉਨਾਂ ਦੀ ਮੌਤ ਉਪਰੰਤ ਹਾਲਾਤ ਹੌਲੀ-ਹੌਲੀ ਉਸੀ ਤਰਾਂ ਦੇ ਹੋ ਗਏ ਹਨ ਜਿਹੋ ਜਿਹੇ ਉਸ ਸਮੇਂ ਸਨ। ਗਿਆਨੀ ਦਿੱਤ ਸਿੰਘ ਦੇ ਜੀਵਨ ਦੀਆਂ ਕੁਝ ਅਹਿਮ ਘਟਨਾਵਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਤਾਂ ਕਿ ਪਤਾ ਲੱਗ ਸਕੇ ਉਨਾਂ ਨੇ ਸਿੱਖੀ ਲਈ ਤੇ ਸਮਾਜ ਲਈ ਕੀ-ਕੀ ਕੀਤਾ।

ਜਦੋਂ ਜੋੜਿਆਂ 'ਚ ਬੈਠ ਕੇ ਪ੍ਰਸ਼ਾਦ ਲੈਣਾ ਪੈਂਦਾ ਸੀ: ਫਿਰੋਜ਼ਪੁਰ ਵਿਖੇ ਗੁਰਦੁਆਰਾ ਅਕਾਲਗੜ ਸਾਹਿਬ ਵਿਖੇ ਗਿਆਨੀ ਜੀ ਹਰ ਮਹੀਨੇ ਭਾਸ਼ਣ ਦੇਣ ਆਇਆ ਕਰਦੇ ਸਨ। ਗੁਰਦੁਆਰੇ ਅੰਦਰ ਇੱਕ ਥੜੇ 'ਤੇ ਖੜ ਕੇ ਉਹ ਲੈਕਚਰ ਦਿਆ ਕਰਦੇ ਸਨ, ਪਰ ਜਦੋਂ ਦੇਗ ਵਰਤਾਈ ਜਾਂਦੀ ਸੀ ਤਾਂ ਉਨਾਂ ਨੂੰ ਥੜੇ ਦੇ ਹੇਠਾਂ ਜੋੜਿਆਂ ਵਿੱਚ ਬਹਿ ਕੇ ਦੇਗ ਲੈਣੀ ਪੈਂਦੀ ਸੀ। ਧੰਨ ਸਨ ਗਿਆਨੀ ਦਿੱਤ ਸਿੰਘ, ਇਨਾਂ ਹਾਲਾਤਾਂ ਵਿੱਚ ਵੀ ਅਗਲੇ ਮਹੀਨੇ ਫੇਰ ਲੈਕਚਰ ਦੇਣ ਆਉਂਦੇ ਸਨ। ਉਪਰੋਕਤ ਘਟਨਾ ਉਪਰੰਤ ਪ੍ਰੋ. ਗੁਰਮੁਖ ਸਿੰਘ ਨੂੰ 18 ਮਾਰਚ 1888 ਵਿੱਚ ਪੰਥ ਤੋਂ ਛੇਕ ਦਿੱਤਾ ਸੀ। ਮੁੜ 1995 ਵਿੱਚ ਮਰਨ ਉਪਰੰਤ ਇੱਕ ਹੁਕਮਨਾਮੇ ਰਾਹੀਂ ਵਾਪਸ ਪੰਥ ਵਿੱਚ ਲਿਆ ਗਿਆ ਸੀ। ਉਸ ਸਮੇਂ ਗਿਆਨੀ ਦਿੱਤ ਸਿੰਘ ਨੇ 'ਸਵਪਨ' ਨਾਂ ਦਾ ਨਾਟਕ ਲਿਖਿਆ, ਜੋ ਬਾਬੇ ਬੇਦੀ ਵਰਗਿਆਂ 'ਤੇ ਇੱਕ ਵਿਅੰਗ ਸੀ। ਗਿਆਨੀ ਜੀ 'ਤੇ ਮੁਕੱਦਮਾ ਚਲਾਇਆ ਗਿਆ ਤੇ ਹੇਠਲੀ ਅਦਾਲਤ ਨੇ ਉਨਾਂ ਨੂੰ 51 ਰੁਪਏ ਜੁਰਮਾਨਾ ਕਰ ਦਿੱਤਾ ਸੀ ਪਰ ਉਪਰਲੀ ਅਦਾਲਤ ਨੇ ਅਪੀਲ ਉਪਰੰਤ ਇਹ ਜੁਰਮਾਨਾ ਮੁਆਫ ਕਰਕੇ ਗਿਆਨੀ ਜੀ ਨੂੰ ਬਰੀ ਕਰ ਦਿੱਤਾ ਸੀ।



ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਸਿੰਘ ਸਭਾ ਲਾਹੌਰ ਦੀ ਘਾਲਣਾ ਦਾ ਹੀ ਨਤੀਜਾ ਹੈ। ਗਿਆਨੀ ਦਿੱਤ ਸਿੰਘ ਆਖਰੀ ਸਮੇਂ ਤੱਕ ਇਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਰਹੇ। ਕਾਲਜ ਲਈ ਪੰਜਾਬੀ ਦੀਆਂ ਪਾਠ ਪੁਸਤਕਾਂ ਗਿਆਨੀ ਦਿੱਤ ਸਿੰਘ ਦੁਆਰਾ ਲਿਖੀਆਂ ਗਈਆਂ ਸਨ। 1905 ਤੋਂ ਅੱਜ ਤੱਕ ਇਸ ਕਾਲਜ ਵੱਲੋਂ ਹਰ ਸਾਲ ਪਹਿਲੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਗਿਆਨੀ ਦਿੱਤ ਸਿੰਘ ਗੋਲਡ ਮੈਡਲ ਦਿੱਤਾ ਜਾਂਦਾ ਹੈ।

ਇਸ ਦੀ ਉਸਾਰੀ ਮੌਕੇ ਮਾਇਆ ਇਕੱਠੀ ਕਰਨ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਦਿਆਲ ਸਿੰਘ ਮਜੀਠੀਏ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਬਿਲਡਿੰਗ 'ਤੇ ਸਾਰਾ ਖਰਚਾ ਮੈਂ ਕਰਾਂਗਾ ਪਰ ਸ਼ਰਤ ਹੈ ਕਿ ਕਾਲਜ ਦਾ ਨਾਂ ਮੇਰੇ ਨਾਂ 'ਤੇ ਰੱਖਿਆ ਜਾਵੇ। ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਨੇ ਇਸ ਸ਼ਰਤ ਦਾ ਡੱਟ ਕੇ ਵਿਰੋਧ ਕੀਤਾ ਤੇ ਇਸ ਕਾਲਜ ਦਾ ਨਾਂ ਖਾਲਸਾ ਕਾਲਜ ਹੀ ਰੱਖਣ ਲਈ ਸਫਲ ਹੋਏ ਤੇ ਮਾਇਆ ਇਲਾਕੇ ਵਿਚੋਂ ਘਰ-ਘਰ ਜਾ ਕੇ ਇਕੱਤਰ ਕੀਤੀ ਤੇ 1893 ਵਿੱਚ ਇਹ ਕਾਲਜ ਮਿਡਲ ਸਕੂਲ ਦੇ ਰੂਪ ਵਿੱਚ ਸ਼ੁਰੂ ਹੋ ਗਿਆ ਸੀ। ਆਰੀਆ ਸਮਾਜ ਦੀ ਨੀਂਹ ਸਵਾਮੀ ਦਇਆ ਨੰਦ ਵੱਲੋਂ 10 ਅਪਰੈਲ 1875 ਨੂੰ ਬੰਬਈ ਵਿਖੇ ਰੱਖੀ ਗਈ ਤੇ ਉਹ 1877 ਵਿੱਚ ਇਸ ਦੇ ਪ੍ਰਚਾਰ ਲਈ ਪੰਜਾਬ ਆਏ। ਇਸ ਫੇਰੀ ਦੌਰਾਨ ਗਿਆਨੀ ਜੀ ਨੇ ਤਿੰਨ ਵਾਰੀ ਤਿੰਨ ਵੱਖ-ਵੱਖ ਵਿਸ਼ਿਆਂ 'ਤੇ ਸਵਾਮੀ ਦਇਆ ਨੰਦ ਨਾਲ ਬਹਿਸਾਂ ਕੀਤੀਆਂ ਤੇ ਤਿੰਨਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ।

**ਪਹਿਲੀ ਬਹਿਸ 'ਜਗਤ ਦਾ ਕਰਤਾ ਕੌਣ ਹੈ ?' 19 ਅਪਰੈਲ 1877 ਨੂੰ**

**ਦੂਜੀ 24 ਤੋਂ 27 ਅਪਰੈਲ 1877 ਨੂੰ 'ਵੇਦਾਂ ਦਾ ਕਰਤਾ ਈਸ਼ਵਰ ਨਹੀਂ' ਦੇ ਵਿਸ਼ੇ 'ਤੇ**

**ਤੀਜੀ ਬਹਿਸ 24 ਤੋਂ 27 ਜੂਨ 1877 ਤੱਕ "ਮੁਕਤੀ ਦਾ ਸਰੂਪ ਕਿਆ ਹੈ" ਵਿਸ਼ੇ 'ਤੇ ਹੋਈ। ਇਨਾਂ ਜਿੱਤਾਂ ਨਾਲ ਗਿਆਨੀ ਜੀ ਦੀ ਵਿਦਵਤਾ ਦੀ ਚਾਰੇ ਪਾਸੇ ਧੂੰਮ ਮੱਚ ਗਈ ਸੀ।**

ਬਾਅਦ ਵਿੱਚ ਗਿਆਨੀ ਜੀ ਨੇ ਇਨਾਂ ਬਹਿਸਾਂ ਨੂੰ ਕਿਤਾਬੀ ਰੂਪ ਦਿੱਤਾ, ਜਿਸ ਦਾ ਨਾਮ ਸੀ ਉਮੇਰਾ ਤੇ ਸਾਧੂ ਦਯਾਨੰਦ ਦਾ ਸੰਬਾਦ। ਇਸ ਨਾਲ ਸਿੱਖ ਹਲਕਿਆਂ ਵਿੱਚ ਗਿਆਨੀ ਜੀ ਦੀ ਧਾਕ ਜਮ ਗਈ ਸੀ। ਅੱਜ ਵੀ ਇਸ ਪੁਸਤਕ ਨੂੰ ਹਰ ਸਿੱਖ ਪੜਨ ਦੀ ਤੀਬਰ ਇੱਛਾ ਰੱਖਦਾ ਹੈ।

ਸਮਾਜ ਵਿੱਚ ਫੈਲੀਆਂ ਅਨੇਕਾਂ ਤਰਾਂ ਦੀਆਂ ਕੁਰੀਤੀਆਂ ਨੂੰ ਠੱਲ ਪਾਉਣ ਲਈ ਗੁੱਗਾ ਗਪੌੜਾ, ਸੁਲਤਾਨ ਪੁਆੜਾ, ਨਕਲੀ ਸਿੱਖ ਪ੍ਰਬੋਧ, ਮੀਰਾਂ ਮਨੌਤ, ਆਰਤੀ ਪ੍ਰਬੋਧ, ਪੰਮਾ ਪ੍ਰਬੋਧ, ਡਰਪੋਕ ਸਿੰਘ ਦਲੇਰ ਸਿੰਘ, ਦੰਭ ਬਿਦਾਰਨ, ਗੁਰਮਤਿ ਆਰਤੀ ਪ੍ਰਬੋਧ, ਧਰਮ ਦਰਪਣ ਆਦਿ ਲਿਖੀਆਂ। 'ਦੁਰਗਾ ਪ੍ਰਬੋਧ' ਨਾਮੀ ਆਪਣੀ ਸ਼ਾਹਕਾਰ ਰਚਨਾ ਰਾਹੀਂ ਇਸ ਪ੍ਰਚਲਿੱਤ ਕਹਾਣੀ ਨੂੰ ਝੁਠਲਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਰਗਾ ਦੇ ਪੁਜਾਰੀ ਸਨ।

ਇਸ ਤਰਾਂ ਭਲੀ-ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਉਹ ਸਿੱਖ ਕੌਮ ਦੇ ਬਹੁਤ ਹੀ ਮਾਣ ਮੱਤੇ ਵਿਦਵਾਨ ਸਨ ਪਰ ਕੌਮ ਨੇ ਉਨਾਂ ਨੂੰ ਬਿਲਕੁਲ ਹੀ ਭੁਲਾ ਦਿੱਤਾ ਹੈ। 2001 ਵਿੱਚ ਉਨਾਂ ਦੀ 100 ਸਾਲਾ ਯਾਦ ਸਮੇਂ ਨਸੀਬ ਸਿੰਘ ਸੇਵਕ ਦੀ ਪ੍ਰਧਾਨਗੀ ਹੇਠ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ.) ਬਣਾਈ ਗਈ ਜਿਸ ਨੇ ਗਿਆਨੀ ਜੀ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਯਤਨ ਆਰੰਭੇ ਹੋਏ ਹਨ ਤੇ ਉਨਾਂ ਦੀ ਸੋਚ ਨੂੰ ਘਰ-ਘਰ ਪੁੱਜਦਾ ਕਰਨ ਲਈ ਸਿਰ ਤੋੜ ਕੋਸ਼ਿਸ਼ਾਂ ਕਰ ਰਹੀ ਹੈ।

ਇਸੇ ਲੜੀ ਤਹਿਤ ਪਿਛਲੇ 3 ਸਾਲਾਂ ਤੋਂ ਉਨਾਂ ਦੇ ਨਾਂ 'ਤੇ ਮਹੀਨਾਵਾਰ ਪੰਜਾਬੀ ਮੈਗਜ਼ੀਨ ਉਭਾਈ ਦਿੱਤ ਸਿੰਘ ਪੱਤ੍ਰਿਕਾ ਲਗਾਤਾਰ ਛੱਪ ਰਹੀ ਹੈ ਜਿਸ ਵਿੱਚ ਉਨਾਂ ਵੱਲੋਂ ਪ੍ਰਕਾਸ਼ਿਤ ਖਾਲਸਾ ਅਖ਼ਬਾਰ ਲਾਹੌਰ ਤੇ ਖਾਸ-ਖਾਸ ਰਚਨਾਵਾਂ ਦੀਆਂ ਵੰਨਗੀਆਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਜਿਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਖਾਸ ਹੁੰਗਾਰਾ ਮਿਲ ਰਿਹਾ ਹੈ।

ਇਸ ਨਿਮਾਣੇ ਜਿਹੇ ਹੰਭਲੇ ਨਾਲ ਇਕ ਸਦੀ ਪਿੱਛੋਂ ਭਾਵੇਂ ਦੇਰ ਆਏ ਦਰੁਸਤ ਆਏ ਮੁਤਾਬਕ ਵਿਸ਼ਵ ਭਰ ਦੀਆਂ ਸਮੂਹ ਸੰਗਤਾਂ ਵਿੱਚ ਕਾਫੀ ਜਾਗ੍ਰਿਤੀ ਆਈ ਹੈ। ਬਹੁਤ ਸਾਰੇ ਗਿਆਨੀ ਜੀ ਦੀ ਸੋਚ ਨਾਲ ਜੁੜੇ ਹਨ, ਉਨਾਂ ਦੇ ਸਾਹਿਤ ਤੋਂ ਜਾਣੂ ਹੋਏ ਹਨ, ਕੌਮ ਲਈ, ਸਮਾਜ ਲਈ, ਕੀਤੇ ਵਡੇਰੇ ਕਾਰਜਾਂ ਪ੍ਰਤੀ ਜਾਣਕਾਰੀ ਪ੍ਰਾਪਤ ਹੋਈ ਹੈ।

ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਸੰਦੀਪ ਕੌਰ ਤੇ ਡਾ. ਸੁਰਿੰਦਰ ਕੌਰ ਭਾਟੀਆ ਨੇ ਗਿਆਨੀ ਜੀ ਦੇ ਨਾਂ 'ਤੇ ਪੀਐਚ.ਡੀ ਕਰ ਲਈ ਹੈ। ਕਈ ਯੂਨੀਵਰਸਿਟੀਆਂ ਖਾਸ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਤੇ ਹੋਰ ਕਈ ਯੂਨੀਵਰਸਿਟੀਆਂ ਵਿੱਚ ਅੱਜ-ਕੱਲ ਬਹੁਤ ਸਾਰੇ ਵਿਦਿਆਰਥੀ ਐਮ.ਫਿਲ. ਕਰ ਰਹੇ ਹਨ। ਇਸ ਤੋਂ ਬਿਨਾਂ ਗਿਆਨੀ ਦਿੱਤ ਸਿੰਘ ਦੀ ਯਾਦ ਵਿੱਚ ਉਨਾਂ ਦੇ ਨਾਂ 'ਤੇ ਬਹੁਤ ਸਾਰੀਆਂ ਲਾਇਬਰੇਰੀਆਂ, ਗੁਰਦੁਆਰੇ, ਸਕੂਲ, ਸੰਸਥਾਵਾਂ, ਸਾਹਿਤ ਸਭਾਵਾਂ, ਨੌਜੁਆਨ ਸਭਾਵਾਂ ਅਤੇ ਆਡੀਟੋਰੀਅਮ ਆਦਿ ਬਣੇ ਹਨ, ਪਰ ਇਹ ਕਾਫੀ ਨਹੀਂ। ਫਿਰ ਵੀ ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਪੂਰੀ ਸਦੀ ਅਣਗੌਲੇ ਕੀਤੇ ਗਏ ਇਸ ਮਹਾਨ ਸਿੱਖ ਵਿਦਵਾਨ ਦੀ ਅਤੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਕਿਉਂਕਿ ਅੱਜ ਵੀ ਹਾਲਾਤ ਠੀਕ ਉਸੇ ਤਰਾਂ ਦੇ ਹਨ ਜੋ ਗਿਆਨੀ ਦਿੱਤ ਸਿੰਘ ਦੇ ਸਮੇਂ ਵਿੱਚ ਸਨ। ਸਮੇਂ ਦੀ ਮੰਗ ਹੈ ਕਿ ਧਾਰਮਿਕ ਸਿੱਖ ਸੰਸਥਾਵਾਂ ਤੇ ਸ਼੍ਰੋਮਣੀ ਕਮੇਟੀ, ਗਿਆਨੀ ਦਿੱਤ ਸਿੰਘ ਦੀਆਂ ਯਾਦਗਾਰਾਂ ਸਥਾਪਿਤ ਕਰਨ, ਉਨਾਂ ਦਾ ਸਾਹਿਤ ਮੁੜ ਪ੍ਰਕਾਸ਼ਤ ਕਰਕੇ ਲੋਕਾਂ ਵਿੱਚ ਪੁੱਜਦਾ ਕਰਨ। ਕੌਮ ਦੇ ਇਸ ਲਾਸਾਨੀ ਵਿਦਵਾਨ ਦੇ ਪਿਛੋਕੜ ਤੋਂ ਪਤਾ ਚਲਦਾ ਹੈ ਇਨਾਂ ਦਾ ਜਨਮ 21 ਅਪਰੈਲ 1850 ਪਿੰਡ ਕਲੌੜ (ਨੰਦਪੁਰ) ਜ਼ਿਲਾ ਫਤਹਿਗੜ ਸਾਹਿਬ ਵਿਖੇ ਮਾਤਾ ਰਾਮ ਕੌਰ ਤੇ ਪਿਤਾ ਦੀਵਾਨ ਸਿੰਘ ਦੇ ਗ੍ਰਹਿ ਵਿਖੇ ਹੋਇਆ ਸੀ। ਪਿਤਾ ਸਾਧੂ ਸੁਭਾਅ ਦੇ ਸਨ ਤੇ ਕੱਪੜਾ ਬੁਣ ਕੇ ਘਰ ਦਾ ਗੁਜ਼ਾਰਾ ਕਰਦੇ ਸਨ।

8 ਸਾਲ ਦੀ ਉਮਰ ਵਿੱਚ ਗਿਆਨ ਦੀ ਪ੍ਰਾਪਤੀ ਲਈ ਪਿੰਡ ਤਿਊੜ ਨੇੜੇ ਖਰੜ ਮੁਹਾਲੀ ਵਿਖੇ ਗੁਲਾਬਦਾਸੀਆਂ ਦੇ ਡੇਰੇ ਪੁੱਜ ਗਏ ਸਨ ਜਿੱਥੇ ਕਿ ਉਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਦੀ ਸਮੀਖਿਆ ਲਈ ਪੰਜਾਬੀ, ਹਿੰਦੀ, ਉਰਦੂ, ਫਾਰਸੀ, ਅਰਬੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ ਤੇ 18 ਸਾਲ ਦੀ ਉਮਰ ਵਿੱਚ ਲਾਹੌਰ ਚਲੇ ਗਏ ਸਨ ਜਿੱਥੇ ਉਨਾਂ ਅੰਮ੍ਰਿਤ ਛੱਕ ਕੇ ਸਿੱਖੀ ਦੇ ਪ੍ਰਚਾਰ ਲਈ ਆਖਰੀ ਸਾਹ ਤੱਕ ਕਾਰਜ ਕੀਤੇ। ਕੌਮ ਉਨਾਂ ਦੀ ਦੇਣ ਕਦੀ ਨਹੀਂ ਦੇ ਸਕਦੀ।

## ਅਛੂਤ ਹਾਂ ਮੈਂ

ਅਛੂਤ ਹੈਂ ਤੂੰ ਵੀ, ਅਛੂਤ ਬਣੀ ਅੱਜ ਦੁਨੀਆ ਸਾਰੀ,
ਕਿਸ ਤੋਂ ਭੱਜੀਏ ਕਿਸ ਤੋਂ ਬਚੀਏ, ਅਕਲ ਗਈ ਹੈ ਸਭ ਦੀ ਮਾਰੀ ।
ਜ਼ਾਤ ਪਾਤ ਨਾ ਰੰਗ ਨਾ ਰੂਪ, ਨਾ ਧਰਮਾਂ ਦਾ ਕੋਈ ਬਾਵੇਲਾ,
ਸਭ ਦੀਆਂ ਜੀਭਾਂ ਨੂੰ ਲੱਗੇ ਤਾਲੇ, ਜੋ ਪਾਉਂਦੇ ਨਿੱਤ ਨਵਾਂ ਝਮੇਲਾ ।
ਨਜ਼ਰਾਂ ਨੂੰ ਐਸੀ ਨਜ਼ਰ ਹੈ ਲੱਗੀ, ਹਰ ਕੋਈ ਹਰ ਤੋਂ ਨਜ਼ਰ ਚੁਰਾਵੇ,
ਛੱਡ ਰਸਤਾ ਇੱਕ ਪਾਸੇ ਹੋਵੇ, ਬੰਦਾ ਬੰਦੇ ਨੂੰ ਪਿੱਠ ਦਿਖਾਵੇ ।
ਹਰ ਰਸਤਾ ਅੱਜ ਸੁੰਨ ਹੋਇਆ, ਉਜਾੜ ਨੇ ਗਹਿਮਾ ਗਹਿਮ ਚੁਰਾਹੇ,
ਰਾਹਗੀਰ ਸਭ ਸੁਪਨੇ ਹੋ ਗਏ , ਘੁੰਮਦੇ ਸਨ ਜੋ ਬੇਪਰਵਾਹੇ ।
ਕੌਣ ਹੈਂ ਤੂੰ ਮੈਨੂੰ ਸਮਝ ਨਾ ਆਵੇ, ਆਪਣਾ ਆਪ ਵੀ ਭੁੱਲਦਾ ਜਾਂਦਾ,
ਕੋਈ ਨਹੀਂ ਹੁਣ ਆਪਣਾ ਦਿਸਦਾ, ਸੋਚ -ਸੋਚ ਹੈ ਦਿਲ ਘਬਰਾਉਂਦਾ ।
ਮੈਥੋਂ ਦੂਰ ਹੀ ਰਹਿ ਤੂੰ ਸੱਜਣਾ, ਨਾ ਛੂਹੇ ਮੈਨੂੰ ਤੇਰਾ ਪਰਛਾਵਾਂ,
ਸਾਹਮਣੇ ਆਉਣਾ ਇੱਕ ਮਿੱਕ ਹੋਣਾ, ਲੱਗਦੇ ਹੁਣ ਨਹੀਂ ਤੈਨੂੰ ਭਾਉਣਾ ।
ਹੱਸਕੇ ਤੱਕਣਾ ਧਾਅ ਕੇ ਮਿਲਣਾ, ਇਹ ਸਭ ਨੇ ਹੁਣ ਕੱਲ ਦੀਆਂ ਗੱਲਾਂ,
ਦੁੱਖ ਦਰਦ ਤੇ ਹਮਦਰਦੀ ਲੱਭਦੈਂ, ਕਿਉਂ ਮਾਰਦੈਂ ਐਵੇਂ ਝੱਲ ਵਲੱਲਾਂ ?
ਮੇਰਾ ਤੇਰਾ ਕੋਈ ਨਾ ਰਿਸ਼ਤਾ, ਪਿਆਰ ਵਿਆਰ ਸਭ ਖੋਟੇ ਹੋ ਗਏ,
ਗਲਵਕੜ ਹੋਣ ਵਾਲੀਆਂ ਬਾਹਾਂ ਦੇ , ਸ਼ਰੇਆਮ ਅੱਜ ਟੋਟੇ ਹੋ ਗਏ ।
ਨਾ ਤੂੰ ਮੇਰੀ ਖਬਰ ਨੂੰ ਆਵੀਂ , ਨਾ ਤੂੰ ਮੇਰਾ ਮੂੰਹ ਹੁਣ ਦੇਖੀਂ ,
ਚਿਤਾ ਨੂੰ ਮੇਰੀ ਅੱਗ ਨਾ ਦੇਵੀਂ, ਭਟਕੀਂ ਨੇੜੇ ਨਾ ਭੁੱਲ ਭੁਲੇਖੀਂ ।
ਕਰਮ ਤੇਰਾ ਹੁਣ ਥੂ -ਥੂ ਕਰਨਾ, ਸ਼ੱਕ ਨਾਲ ਹੁਣ ਮੈਨੂੰ ਤੱਕਣਾ ,
ਮੇਰੀ ਹਵਾ ਤੋਂ ਵੀ ਘਬਰਾਵੀਂ, ਕਹੀਂ ਨਾ ਮੈਨੂੰ ਕਦੀ ਵੀ ਆਪਣਾ ।
ਦਕੀਆਨੂਸ ਪੁਰਾਣੇ ਤਰਕਾਂ ਨੂੰ, ਸੁੱਟ ਕਿਤੇ ਅੱਜ ਖੂਹ ਤੇ ਖਾਤੇ ,
ਭੈਣ-ਭਰਾ ਮਾਂ-ਬਾਪ ਸਬੰਧੀ, ਤੋੜ ਦੇ ਸਾਰੇ ਝੂਠ ਦੇ ਨਾਤੇ ।
ਮੈਂ ਤੇ ਸਿਰਫ ਮੈਂ ਹੀ ਹਾਂ, ਮੈਥੋਂ ਬਿਨਾਂ ਕੋਈ ਹੋਰ ਨਹੀਂ ਦਿਸਦਾ ,
ਕਹਿਣ ਨੂੰ ਭਾਵੇਂ ਕੁੱਝ ਵੀ ਕਹਿ ਤੂੰ, ਸੱਚੋ ਸੱਚੀਂ ਕੌਣ ਹੈ ਕਿਸਦਾ ?
ਰੱਬ ਵੀ ਅੱਜ ਕੋਈ ਸਾਰ ਨੀਂ ਲੈਂਦਾ, ਛੂਤ-ਛਾਤ ਨਾਲ ਭਰਿਆ ਪੀਤਾ ,
ਮੈਂ ਹੀ ਇਸਨੂੰ ਰੁਤਬਾ ਦਿੱਤਾ, ਮੇਰੇ ਘਰ ਵਿੱਚ ਲਾਇਆ ਪਲੀਤਾ ।
ਮੇਰਾ ਤੇ ਇਸਦਾ ਰਿਸ਼ਤਾ, ਸਦਾ ਲਈ ਹੁਣ ਤਿੜਕ ਗਿਆ ਹੈ ,
ਭਾਵੇਂ ਮੇਰੇ ਸਾਹਵੇਂ ਮਨੁੱਖ ਬੇਚਾਰਾ, ਹਰ ਇੱਕ ਚੀਜ਼ ਤੋਂ ਥਿੜਕ ਗਿਆ ਹੈ ।
ਅਛੂਤ ਹਾਂ ਮੈਂ ਅਛੂਤ ਹੈਂ ਤੂੰ ਵੀ , ਅਛੂਤ ਬਣੀ ਅੱਜ ਦੁਨੀਆ ਸਾਰੀ,
ਕਿਸ ਤੋਂ ਭੱਜੀਏ ਕਿਸ ਤੋਂ ਬਚੀਏ, ਅਕਲ ਗਈ ਹੈ ਸਭ ਦੀ ਮਾਰੀ

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ.ਕੇ.**

# ਮੋਰਚਿਆਂ ਦਾ ਪੰਥਕ ਆਗੂ ਈਸ਼ਰ ਸਿੰਘ ਮਝੈਲ

**- ਰੂਪ ਸਿੰਘ**

ਧਰਮ-ਕੌਮ ਤੇ ਦੇਸ਼ ਦਾ ਦਰਦ, ਧਾਰਮਿਕ-ਸਿਆਸੀ ਰੁਚੀ ਰੱਖਣ ਵਾਲੇ, ਸਫਲ ਵਕਤਾ ਤੇ ਲਿਖਾਰੀ, ਸ਼ਰਧਾਵਾਨ ਸਿਦਕੀ ਸਿੱਖ ਈਸ਼ਰ ਸਿੰਘ ਜੀ 'ਮਝੈਲ' ਦਾ ਜਨਮ ਜਨਵਰੀ, 1901 'ਚ ਸ੍ਰ: ਆਸਾ ਸਿੰਘ ਤੇ ਮਾਤਾ ਬਸੰਤ ਕੌਰ ਦੇ ਘਰ, ਮਧ-ਵਰਗੀ ਕਿਸਾਨ ਪਰਿਵਾਰ 'ਚ ਸਰਾਏ ਅਮਾਨਤ ਖਾਂ, ਅੰਮ੍ਰਿਤਸਰ 'ਚ ਹੋਇਆ। ਮਾਤਾ-ਪਿਤਾ ਗੁਰਸਿੱਖੀ ਜੀਵਨ ਜੀਊਣ ਵਾਲੇ ਧਰਮੀ ਜੀਉੜੇ ਸਨ, ਜਿਸ ਸਦਕਾ ਸ੍ਰ: ਈਸ਼ਰ ਸਿੰਘ ਜੀ ਦੇ ਧਰਮੀ ਜੀਵਨ ਦੀ ਘਾੜਤ ਘੜੀ ਗਈ। ਇਹ ਅਜੇ ਢਾਈ ਸਾਲ ਦੀ ਬਾਲ ਵਰੇਸ ਵਿਚ ਹੀ ਸਨ ਕਿ ਇਨਾਂ ਦੇ ਪਿਤਾ ਜੀ ਪਰਿਵਾਰ ਦੇ ਉਜਲੇ ਭਵਿੱਖ ਦੀ ਕਾਮਨਾ ਲੈ (ਸੁਮਾਤਰਾ) ਇੰਡੋਨੇਸ਼ੀਆ ਚਲੇ ਗਏ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਥੋੜੇ ਸਮੇਂ ਬਾਅਦ ਹੀ ਇਨਾਂ ਦੇ ਪਿਤਾ ਜੀ ਉੱਥੇ ਅਕਾਲ ਚਲਾਣਾ ਕਰ ਗਏ। ਅੱਖਰ ਗਿਆਨ ਸ੍ਰ: ਈਸ਼ਰ ਸਿੰਘ ਜੀ ਨੇ ਆਪਣੇ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤਾ। ਪਰਿਵਾਰਕ, ਆਰਥਕ ਮਜ਼ਬੂਰੀਆਂ ਤੇ ਬਿਮਾਰੀ ਨਾਲ ਘੋਲ ਕਰਦਿਆਂ ਸ੍ਰ: ਈਸ਼ਰ ਸਿੰਘ ਨੇ ਦਸਵੀਂ ਦਾ ਇਮਤਿਹਾਨ 1922 ਈ: 'ਚ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਤੋਂ ਪਾਸ ਕੀਤਾ। ਮਾਲਵੇ ਦੇ ਇਸ ਸਕੂਲ ਵਿਚ ਮਾਝੇ ਦੇ ਕੇਵਲ ਸ੍ਰ: ਈਸ਼ਰ ਸਿੰਘ ਹੀ ਵਿਦਿਆਰਥੀ ਸਨ ਜਿਸ ਕਰਕੇ ਇਨਾਂ ਦੇ ਨਾਂ ਨਾਲ 'ਮਝੈਲ' ਸ਼ਬਦ ਪੱਕੇ ਤੌਰ 'ਤੇ ਜੁੜ ਗਿਆ। ਦਸਵੀਂ ਕਰਦਿਆਂ ਹੀ ਇਨਾਂ ਨੂੰ ਕੋਕਰੀ ਕਲਾਂ, ਫਿਰੋਜ਼ਪੁਰ ਦੇ ਮਿਡਲ ਸਕੂਲ 'ਚ ਅਧਿਆਪਕ ਵਜੋਂ ਸੇਵਾ ਮਿਲ ਗਈ। ਇਸ ਸਮੇਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਜੋਬਨ 'ਤੇ ਸੀ। ਇਸ ਕਾਰਨ ਇਨਾਂ ਨੇ ਅਧਿਆਪਕ ਦੀ ਸੇਵਾ ਕਰਨ ਨਾਲੋਂ ਧਰਮ-ਕੌਮ ਤੇ ਦੇਸ਼ ਸੇਵਾ ਕਰਨੀ ਬੇਹਤਰ ਸਮਝੀ ਅਤੇ ਨਿਸ਼ਕਾਮ ਸੇਵਕ ਵਜੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 'ਚ ਸ਼ਾਮਲ ਹੋ ਗਏ। ਗੁਰੂ ਕੇ ਬਾਗ ਦੇ ਮੋਰਚੇ 'ਚ ਸ਼ਾਮਲ ਹੋਣ ਕਾਰਨ ਇਨਾਂ ਨੂੰ ਪਹਿਲੀ ਵਾਰ ਛੇ ਮਹੀਨੇ ਕੈਂਬਲਪੁਰ ਜੇਲ 'ਚ ਗੁਜ਼ਾਰਨ ਲਈ ਬੰਦ ਕਰ ਦਿੱਤਾ, ਪਰ ਮੋਰਚਾ ਸਫਲ ਹੋਣ ਸਦਕਾ ਸਰਦਾਰ ਸਾਹਿਬ ਤਿੰਨ ਮਹੀਨੇ ਬਾਅਦ ਕੈਦ ਤੋਂ ਅਜ਼ਾਦ ਹੋ ਗਏ। ਉਨਾਂ ਦੇ ਸਫ਼ਲ ਬੁਲਾਰੇ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਸਨਮੁਖ ਰੱਖਦਿਆਂ, ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਸ੍ਰ: ਈਸ਼ਰ ਸਿੰਘ 'ਮਝੈਲ' ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਪ੍ਰਚਾਰ ਮੁਹਿੰਮ 'ਚ ਸ਼ਾਮਲ ਕਰ ਲਿਆ। 1924 ਈ: ਵਿਚ ਗੰਗਸਰ ਜੈਤੋ (ਨਾਭਾ) ਮੋਰਚੇ ਸਮੇਂ ਅੰਗਰੇਜ਼ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਗੈਰ-ਕਾਨੂੰਨੀ ਸੰਸਥਾਵਾਂ ਕਰਾਰ ਦੇ ਦਿੱਤਾ। ਸ੍ਰ: ਈਸ਼ਰ ਸਿੰਘ ਜੀ ਨੇ ਇਸ ਮੋਰਚੇ ਸਮੇਂ ਵੀ ਵਧ-ਚੜ ਕੇ ਹਿੱਸਾ ਲਿਆ, ਜਿਸ ਸਦਕਾ ਇਨਾਂ ਨੂੰ ਦੋ ਸਾਲ ਜੇਲ 'ਚ ਕੈਦੀ ਵਜੋਂ ਗੁਜ਼ਾਰਨੇ ਪਏ। ਜੇਲ ਤੋਂ ਰਿਹਾਅ ਹੋ ਕੇ ਸ੍ਰ: ਈਸ਼ਰ ਸਿੰਘ ਫਿਰ ਕੌਮ ਦੀ ਸੇਵਾ 'ਚ ਜੁਟ ਗਏ।

1927 ਈ: ਵਿਚ ਦੇਸ਼ ਭਗਤ ਪਰਿਵਾਰ ਸੇਵਕ ਕਮੇਟੀ, ਵੱਲੋਂ ਬਾਬਾ ਵਸਾਖਾ ਸਿੰਘ ਜੀ ਨਾਲ ਸ੍ਰ: ਈਸ਼ਰ ਸਿੰਘ ਜੀ ਨੂੰ ਦੇਸ਼ ਭਗਤਾਂ ਵਾਸਤੇ ਸਹਾਇਤਾ ਇਕੱਤਰ ਕਰਨ ਲਈ ਬਰਮਾ ਜਾਣ ਦਾ ਮੌਕਾ ਮਿਲਿਆ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਅਕਤੂਬਰ, 1927 'ਚ ਅਰੰਭ ਕੀਤਾ ਗਿਆ ਤਾਂ ਸ੍ਰ: ਈਸ਼ਰ ਸਿੰਘ ਜੀ ਪ੍ਰਚਾਰਕ ਦਾ ਦੋ ਸਾਲਾ ਕੋਰਸ ਕਰਨ ਲਈ ਵਿਦਿਆਰਥੀ ਬਣ ਗਏ। 1930 ਈ: ਨੂੰ ਕਿਸਾਨ ਅੰਦੋਲਨ 'ਚ ਸ਼ਾਮਲ ਹੋਣ ਕਰਕੇ ਸ੍ਰ: ਈਸ਼ਰ ਸਿੰਘ ਜੀ ਨੂੰ 6 ਮਹੀਨੇ ਦੀ ਕੈਦ ਹੋਈ, ਪਰ ਪੜਨ-ਲਿਖਣ ਦੀ ਰੁਚੀ ਨੇ ਇਹ ਕੈਦ ਇਕ ਸਾਲ ਹੋਰ ਵਧਾ ਦਿੱਤੀ, ਕਾਰਨ, ਜੇਲ ਵਿਚ ਉਸ ਸਮੇਂ ਅਖ਼ਬਾਰ ਪੜਨ ਦੀ ਮਨਾਹੀ ਸੀ ਤੇ ਮਝੈਲ ਸਾਹਿਬ ਅਖ਼ਬਾਰ ਪੜਦੇ ਪਕੜੇ ਗਏ। ਗੁਰਦੁਆਰਾ ਸ਼ਹੀਦ ਗੰਜ ਲਾਹੌਰ ਦੇ ਮਾਮਲੇ 'ਚ ਇਨਾਂ ਨੇ ਬਹੁਤ ਉਸਾਰੂ ਭੂਮਿਕਾ ਨਿਭਾਈ। ਸਿੱਖਾਂ ਵਿਚ 'ਕੁਠੇ' ਨੂੰ ਬੱਜਰ ਕੁਰਹਿਤ ਮੰਨਿਆ ਗਿਆ ਹੈ ਤੇ 1937 ਈ: ਵਿਚ ਸਿੱਖਾਂ ਵਲੋਂ 'ਝਟਕੇ' ਦੇ ਪ੍ਰਚਾਰ ਸਮੇਂ ਮੁਸਲਮ ਬਹੁ-ਗਿਣਤੀ ਨੇ ਰਾਵਲਪਿੰਡੀ 'ਚ ਦੰਗਾ ਫਸਾਦ ਕਰ ਦਿੱਤਾ। ਉਸ ਸਮੇਂ ਸ੍ਰ: ਈਸ਼ਰ ਸਿੰਘ ਜੀ ਮਝੈਲ ਤੇ ਬਾਬਾ ਖੜਕ ਸਿੰਘ ਜੀ ਨੇ ਜਿਸ ਦਲੇਰੀ, ਨਿਡਰਤਾ ਨਾਲ ਜ਼ਖਮੀ ਦੋ ਗੁਰਸਿੱਖਾਂ ਨੂੰ ਮੁਸਲਮਾਨਾਂ ਤੋਂ ਛੁਡਵਾਇਆ ਉਹ ਇਕ ਮਿਸਾਲ ਹੈ। 18 ਜੂਨ, 1933 ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਦਾ ਜਨਰਲ ਇਜਲਾਸ ਸ੍ਰ: ਗੋਪਾਲ ਸਿੰਘ ਜੀ ਕੌਮੀ ਦੀ ਪ੍ਰਧਾਨਗੀ 'ਚ ਹੋਇਆ, ਜਿਸ ਵਿਚ ਸ੍ਰ: ਈਸ਼ਰ ਸਿੰਘ 'ਮਝੈਲ' ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਚੁਣੇ ਗਏ। ਸਿੱਖ ਨੈਸ਼ਨਲ ਕਾਲਜ ਲਾਹੌਰ 1938 ਈ: 'ਚ ਸ਼ੁਰੂ ਕੀਤਾ ਗਿਆ ਤਾਂ ਸ੍ਰ: ਈਸ਼ਰ ਸਿੰਘ ਜੀ ਨੂੰ ਇਸ ਦੇ ਪਹਿਲੇ ਸਕੱਤਰ ਹੋਣ ਦਾ ਮਾਣ ਸਤਿਕਾਰ ਹਾਸਲ ਹੋਇਆ। ਵਿਦਿਆ ਪ੍ਰੇਮੀ ਹੋਣ ਸਦਕਾ, ਇਨਾਂ ਆਪਣੇ ਇਲਾਕੇ 'ਚ ਵਿਦਿਆ ਪਸਾਰ ਲਈ ਗੱਡੀਵਿੰਡ 'ਚ ਖਾਲਸਾ ਹਾਈ ਸਕੂਲ ਖੁਲਵਾਇਆ। ਸ੍ਰ: ਈਸ਼ਰ ਸਿੰਘ, ਜਥੇਦਾਰ ਊਧਮ ਸਿੰਘ 'ਨਾਗੋਕੇ' ਨੂੰ ਆਪਣਾ ਸਿਆਸੀ ਗੁਰੂ ਮੰਨਦੇ ਸਨ। ਇਹੀ ਕਾਰਨ ਹੈ, ਕਿ ਦੂਸਰੇ ਵਿਸ਼ਵ ਯੁੱਧ ਸਮੇਂ ਇਨਾਂ ਨੇ ਕਾਂਗਰਸ ਨੀਤੀ ਦਾ ਸਮਰਥਨ ਕਰਦਿਆਂ, ਵਿਸ਼ਵ ਯੁੱਧ ਵਿਚ ਸਹਾਇਤਾ ਤੇ ਸਾਥ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ।



1940-41ਈ: 'ਚ ਸ੍ਰ: ਈਸ਼ਰ ਸਿੰਘ ਸ੍ਰੀ ਦਰਬਾਰ ਸਾਹਿਬ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੁਖੀ ਚੁਣੇ ਗਏ। ਇਨਾਂ ਦੇ ਉੱਦਮ ਸਦਕਾ ਗੁਰੂ ਰਾਮਦਾਸ ਲਾਇਬਰੇਰੀ ਹੋਂਦ ਵਿਚ ਆਈ ਜੋ ਨਿਰੰਤਰ ਕਾਰਜਸ਼ੀਲ ਹੈ। 1942 ਈ: ਵਿਚ 'ਅੰਗਰੇਜ਼ੋ ਭਾਰਤ ਛੱਡੋ' ਅੰਦੋਲਨ ਸਮੇਂ ਕਾਂਗਰਸ ਪਾਰਟੀ ਦਾ ਸਾਥ ਦੇਣ ਕਾਰਨ ਇਨਾਂ ਨੂੰ 'ਡਿਫੈਂਸ ਆਫ਼ ਇੰਡੀਆ' ਐਕਟ ਤਹਿਤ ਫਿਰ ਜੇਲ ਯਾਤਰਾ ਕਰਨੀ ਪਈ। 1944 ਈ: ਵਿਚ ਜੰਡਿਆਲਾ, ਜ਼ਿਲਾ ਜਲੰਧਰ 'ਚ ਸ੍ਰ: ਈਸ਼ਰ ਸਿੰਘ ਮਝੈਲ ਨੂੰ ਅਕਾਲੀ ਕਾਨਫਰੰਸ ਦੀ ਪ੍ਰਧਾਨਗੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਮਝੈਲ ਸਾਹਿਬ,1946 ਈ: ਪੰਜਾਬ ਵਿਧਾਨ ਸਭਾ ਲਈ ਪਹਿਲੀ ਵਾਰ ਮੈਂਬਰ ਚੁਣੇ ਗਏ ਅਤੇ ਦੇਸ਼ ਵੰਡ ਤੋਂ ਬਾਅਦ ਗੋਪੀ ਚੰਦ ਭਾਰਗਵ ਦੀ ਸਰਕਾਰ 'ਚ ਮੰਤਰੀ ਬਣੇ।1947 ਈ: ਵਿਚ ਦੇਸ਼ ਵੰਡ ਸਮੇਂ ਨਿਰਦੋਸ਼ਾਂ ਦੇ ਹੋਏ ਕਤਲੇਆਮ ਤੇ ਗੁੰਡਾਗਰਦੀ ਨੇ ਇਨਾਂ ਦੇ ਮਨ 'ਤੇ ਗਹਿਰਾ ਅਸਰ ਕੀਤਾ। 1952 ਈ: ਵਿਚ ਇਹ ਦੋਬਾਰਾ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਅਤੇ ਮੁੜ ਵਸੇਬਾ ਤੇ ਸਹਾਇਤਾ, ਸਿਵਲ ਸਪਲਾਈ, ਇੰਡਸਟਰੀ, ਜੰਗਲਾਤ ਤੇ ਖੇਤੀਬਾੜੀ ਆਦਿ ਮਹਿਕਮਿਆਂ ਦੇ ਮੰਤਰੀ ਬਣੇ।

ਸ੍ਰ: ਈਸ਼ਰ ਸਿੰਘ 'ਮਝੈਲ' 25 ਮਈ, 1948 ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਨਾਮਜ਼ਦ ਹੋਏ। 06 ਮਾਰਚ, 1949, 13 ਨਵੰਬਰ,1949, 16 ਫਰਵਰੀ, 1950, 01 ਮਾਰਚ, 1951, 28 ਜੂਨ, 1952, 05 ਅਕਤੂਬਰ, 1952 ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਹੋਏ ਜਨਰਲ ਇਜਲਾਸ ਸਮੇਂ ਸ੍ਰ: ਈਸ਼ਰ ਸਿੰਘ ਜੀ 'ਮਝੈਲ' ਬਤੌਰ ਨਾਮਜ਼ਦ ਮੈਂਬਰ, ਸ਼੍ਰੋਮਣੀ ਗੁ: ਪ੍ਰ: ਕਮੇਟੀ ਹਾਜ਼ਰ ਹੁੰਦੇ ਰਹੇ।1948 ਈ: 'ਚ ਰੋਜ਼ਾਨਾ ਅਖ਼ਬਾਰ 'ਵਰਤਮਾਨ' ਦੇ ਸੰਪਾਦਕ ਬਣ ਗਏ। ਇਨਾਂ ਨੇ ਦੋ ਪੁਸਤਕਾਂ 'ਸਿੱਖ ਤੇ ਕਮਿਊਨਿਸਟ' ਅਤੇ 'ਕਮਿਊਨਿਸਟ ਹਿੰਦੋਸਤਾਨੀ ਨਜ਼ਰਾਂ ਵਿਚ' ਵੀ ਲਿਖੀਆਂ ਤੇ ਪ੍ਰਕਾਸ਼ਤ ਕਰਵਾਈਆਂ। 1949 ਈ: ਸ੍ਰ: ਈਸ਼ਰ ਸਿੰਘ ਜੀ 'ਮਝੈਲ' ਸੈਂਟਰਲ ਕੋ-ਆਪਰੇਟਿਵ ਬੈਂਕ ਪਟਿਆਲਾ ਦੇ ਮੁਖੀ ਬਣੇ।

06 ਮਾਰਚ, 1949 ਨੂੰ ਜਨਰਲ ਇਜਲਾਸ ਸਮੇਂ ਸ੍ਰ: ਈਸ਼ਰ ਸਿੰਘ ਜੀ 'ਮਝੈਲ' ਵੱਲੋਂ ਮਾਸਟਰ ਤਾਰਾ ਸਿੰਘ ਦੀ ਪਾਰਟੀ 'ਤੇ ਗੁਰਦੁਆਰੇ ਦੀ ਬੇ-ਅਦਬੀ ਦਾ ਮਤਾ ਪੇਸ਼ ਕੀਤਾ ਗਿਆ। ਪਛੜੀਆਂ ਸ਼੍ਰੇਣੀਆਂ ਦਾ ਇਕ ਵਫ਼ਦ 15 ਅਗਸਤ, 1949 ਨੂੰ ਸ੍ਰੀ ਮਝੈਲ ਦੀ ਅਗਵਾਈ ਹੇਠ ਸ੍ਰ: ਪੂਰਨ ਸਿੰਘ ਗ੍ਰਹਿ ਮੰਤਰੀ ਈਸਟ ਪੰਜਾਬ ਨੂੰ ਅੰਮ੍ਰਿਤਸਰ 'ਚ ਮਿਲਿਆ।

ਸ੍ਰੀ ਮਝੈਲ ਨੇ 04 ਮਾਰਚ, 1951 ਨੂੰ ਜਨਰਲ ਸਮਾਗਮ ਸਮੇਂ ਕਿਹਾ ਕਿ 'ਮੈਂ ਆਪ ਦੇ ਸਾਹਮਣੇ ਬੜਾ ਅਹਿਮ ਮੁੱਦਾ ਰੱਖਣਾ ਚਾਹੁੰਦਾ ਹਾਂ। ਮੈਂ ਇਥੇ ਬਤੌਰ ਵਜ਼ੀਰ ਨਹੀਂ ਬਤੌਰ ਮੈਂਬਰ, ਸ਼੍ਰੋਮਣੀ ਗੁ: ਪ੍ਰ: ਕਮੇਟੀ ਹਾਜ਼ਰ ਹਾਂ। ਬੋਲੀ ਦਾ ਝਗੜਾ ਹੁਣ ਦਾ ਨਹੀਂ ਪਿਛਲੀ ਮਰਦਮਸ਼ੁਮਾਰੀ ਸਮੇਂ ਵੀ ਇਹ ਝਗੜਾ ਸੀ। ਮੈਨੂੰ ਯਾਦ ਹੈ ਕਿ ਪਿੰਡ ਮਾਨੋਚਾਹਲ ਦੇ ਜੁਲਾਹੇ ਆਪਣੀ ਬੋਲੀ ਅਰਬੀ ਦੱਸਦੇ ਸਨ, ਪਰ ਅਜੇ ਵੀ ਸਾਡੇ ਦੇਸ਼ ਅੰਦਰ ਦੀਨ-ਇਮਾਨ ਰੱਖਣ ਵਾਲੇ ਗੈਰ-ਸਿੱਖ ਭਰਾ ਮੌਜੂਦ ਹਨ ਜੋ ਖੁਲੇ ਤੌਰ 'ਤੇ ਕਹਿੰਦੇ ਹਨ ਕਿ ਸਾਡੀ ਮਾਂ ਬੋਲੀ ਭਾਵ ਜ਼ੁਬਾਨ ਪੰਜਾਬੀ ਹੈ।' 04 ਨਵੰਬਰ, 1951 ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਜਨਰਲ ਇਜਲਾਸ ਸਮੇਂ ਈਸ਼ਰ ਸਿੰਘ ਜੀ ਮਝੈਲ ਦੀ ਤਜਵੀਜ਼ 'ਤੇ 11 ਮੈਂਬਰੀ ਅੰਤ੍ਰਿੰਗ ਕਮੇਟੀ, ਸਰਬ-ਸੰਮਤੀ ਨਾਲ ਚੁਣੀ ਗਈ।

05 ਦਸੰਬਰ, 1952 ਨੂੰ ਸ੍ਰ: ਈਸ਼ਰ ਸਿੰਘ 'ਮਝੈਲ' ਮੈਂਬਰ ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਚੁਣੇ ਗਏ। 18 ਜਨਵਰੀ, 1954 ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਉਚੇਚਾ ਜਨਰਲ ਇਜਲਾਸ ਬੁਲਾਇਆ ਗਿਆ, ਜਿਸ ਵਿਚ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵਿਰੁੱਧ ਬੇਪਰਤੀਤੀ ਦਾ ਮਤਾ ਪਾਸ ਕੀਤਾ ਗਿਆ। ਨਵੇਂ ਪ੍ਰਧਾਨ ਦੀ ਚੋਣ ਸਮੇਂ, ਇਸੇ ਦਿਨ ਸ੍ਰ: ਮਹਿੰਦਰ ਸਿੰਘ ਸਿਧਵਾਂ ਦੀ ਤਜਵੀਜ਼ 'ਤੇ ਸ੍ਰ: ਈਸ਼ਰ ਸਿੰਘ ਜੀ 'ਮਝੈਲ' ਪ੍ਰਧਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਚੁਣੇ ਗਏ। 07 ਮਾਰਚ, 1954 ਨੂੰ ਸ੍ਰੀ ਮਝੈਲ ਦੀ ਪ੍ਰਧਾਨਗੀ 'ਚ ਸਾਲਾਨਾ ਬਜਟ ਇਜਲਾਸ ਹੋਇਆ ਜਿਸ ਵਿਚ 89 ਮੈਂਬਰ ਹਾਜ਼ਰ ਸਨ। 1954-55 ਦਾ ਬਜਟ ਪੇਸ਼ ਹੋਣ 'ਤੇ 1613981/- ਰੁਪਏ ਦੀ ਆਮਦਨ-ਖਰਚ ਦਾ ਬਜਟ ਪਾਸ ਕੀਤਾ ਗਿਆ।

28 ਦਸੰਬਰ, 1952 ਨੂੰ ਮਝੈਲ ਨੇ ਕਮੇਟੀ ਦੇ ਨੋਟਿਸ 'ਚ ਲਿਆਂਦਾ ਕਿ ਪਾਠ ਅਤੇ ਕੀਰਤਨ ਸਮੇਂ ਲਾਊਡ-ਸਪੀਕਰਾਂ ਦੀ ਵਰਤੋਂ ਫੈਸ਼ਨ ਵਜੋਂ ਕੀਤੀ ਜਾ ਰਹੀ ਹੈ। ਇਸ ਨਾਲ ਗੁਰਬਾਣੀ ਦਾ ਓਨਾ ਸਤਿਕਾਰ ਨਹੀਂ ਹੁੰਦਾ ਜਿੰਨਾ ਹੋਣਾ ਚਾਹੀਦਾ ਹੈ। ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਪ੍ਰੇਰਨਾ ਕੀਤੀ ਜਾਵੇ ਕਿ ਲਾਊਡ-ਸਪੀਕਰਾਂ ਦੀ ਵਰਤੋਂ ਉਦੋਂ ਹੀ ਕੀਤੀ ਜਾਵੇ ਜਦੋਂ ਸਰੋਤੇ ਜ਼ਿਆਦਾ ਹੋਣ। ਉਦੋਂ ਤੀਕ ਸਪੀਕਰ ਨਾ ਲਾਏ ਜਾਣ ਜਦ ਤਕ ਅਵਾਜ਼ ਸਰੋਤਿਆਂ ਤੀਕ ਪਹੁੰਚਦੀ ਹੋਵੇ।

17 ਅਕਤੂਬਰ, 1954 ਨੂੰ ਸਾਲਾਨਾ ਜਨਰਲ ਇਜਲਾਸ, ਸ੍ਰ. ਈਸ਼ਰ ਸਿੰਘ ਜੀ 'ਮਝੈਲ' ਦੀ ਪ੍ਰਧਾਨਗੀ 'ਚ ਹੋਇਆ, ਜਿਸ ਵਿਚ 83 ਮੈਂਬਰ ਹਾਜ਼ਰ ਸਨ। ਇਜਲਾਸ ਸਮੇਂ ਸਭ ਤੋਂ ਪਹਿਲਾਂ ਸ੍ਰ: ਭਾਗ ਸਿੰਘ ਜੀ ਐਡਵੋਕੇਟ ਗੁਰਦਾਸਪੁਰੀ ਦੇ ਅਕਾਲ ਚਲਾਣੇ 'ਤੇ ਅਫ਼ਸੋਸ ਦਾ ਮਤਾ ਪਾਸ ਕੀਤਾ ਗਿਆ। ਫਿਰ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੀ ਚੋਣ ਸਮੇਂ ਸ੍ਰ: ਜੋਗਿੰਦਰ ਸਿੰਘ ਸ਼ਾਂਤ ਦੀ ਤਜਵੀਜ਼ 'ਤੇ ਪ੍ਰਵਾਨ ਹੋਇਆ ਕਿ ਅਗਲੇ ਸਾਲ ਲਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੌਜੂਦਾ ਅਹੁਦੇਦਾਰ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਕਾਇਮ ਰਹਿਣ, ਇਹ ਤਜਵੀਜ ਸਰਬ ਸੰਮਤੀ ਨਾਲ ਪ੍ਰਵਾਨ ਹੋ ਗਈ। ਇਸ ਇਕੱਤਰਤਾ ਸਮੇਂ ਮਹੱਤਵਪੂਰਨ ਫ਼ੈਸਲਾ ਕੀਤਾ ਗਿਆ ਕਿ ਧਰਮ ਤੇ ਸਿਆਸਤ ਇਕ ਦੂਸਰੇ ਤੋਂ ਵੱਖ ਹਨ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੋਬਾਰਾ ਖੋਲਣ, ਸ੍ਰੀ ਗੁਰੂ ਰਾਮਦਾਸ ਸੰਗੀਤ ਵਿਦਿਆਲਾ, ਮੱਧ ਪ੍ਰਦੇਸ਼ ਪ੍ਰਚਾਰ ਮਿਸ਼ਨ ਅਰੰਭ ਕਰਨ ਵਰਗੇ ਮਹੱਤਵਪੂਰਨ ਫ਼ੈਸਲੇ ਕੀਤੇ ਗਏ। 07 ਫਰਵਰੀ, 1955 ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਦੇ ਜਨਰਲ ਇਜਲਾਸ ਸਮੇਂ, ਮਾਸਟਰ ਤਾਰਾ ਸਿੰਘ ਜੀ ਫਿਰ ਪ੍ਰਧਾਨ ਚੁਣੇ ਗਏ। ਇਸ ਤਰਾਂ ਸ੍ਰ: ਈਸ਼ਰ ਸਿੰਘ ਜੀ ਮਝੈਲ ਦਾ ਪ੍ਰਧਾਨਗੀ ਕਾਰਜਕਾਲ ਇਸ ਹੀ ਦਿਨ ਸਮਾਪਤ ਹੋ ਗਿਆ।

ਜ਼ਿੰਦਗੀ ਦੇ ਆਖਰੀ ਸਾਲ ਸ੍ਰ: ਈਸ਼ਰ ਸਿੰਘ 'ਮਝੈਲ' ਨੇ ਸਰਗਰਮ ਸਿੱਖ ਸਿਆਸਤ ਤੋਂ ਸੰਨਿਆਸ ਲੈ ਕੇ ਪਟਿਆਲੇ 'ਚ ਆਪਣੇ ਖੇਤੀ ਫਾਰਮ 'ਤੇ ਗੁਜ਼ਾਰੇ। ਕੁਝ ਸਮਾਂ ਬਿਮਾਰ ਰਹਿਣ ਉਪਰੰਤ 20 ਅਪਰੈਲ, 1977 ਨੂੰ ਸ੍ਰ: ਈਸ਼ਰ ਸਿੰਘ 'ਮਝੈਲ' ਅਕਾਲ ਚਲਾਣਾ ਕਰ ਗਏ।




# ਸਿਹਤ ਦੇ ਮੁੱਦੇ 'ਤੇ ਭਾਰਤ ਸਰਕਾਰ ਖਿਲਾਫ਼ ਸੰਘਰਸ਼ ਵਿੱਢਣ ਦੀ ਜ਼ਰੂਰਤ

**- ਗਗਨਦੀਪ**

ਭਾਰਤ 'ਚ ਕੋਰੋਨਾਵਾਇਰਸ ਦੀ ਦਸਤਕ 30 ਜਨਵਰੀ ਤੋਂ ਸ਼ੁਰੂ ਹੁੰਦੀ ਹੈ ਤੇ ਹੁਣ ਤੱਕ (12 ਅਪ੍ਰੈਲ, 2020) 8000 ਦੇ ਲਗਭਗ ਵਿਅਕਤੀ ਇਸ ਤੋਂ ਪ੍ਰਭਾਵਿਤ ਹੋਏ ਹਨ ਤੇ 273 ਮੌਤਾਂ ਹੋ ਚੁੱਕੀਆਂ ਹਨ। ਆਉ ਦੇਖਦੇ ਹਾਂ, ਮੋਦੀ ਸਰਕਾਰ ਨੇ ਥਾਲੀਆਂ-ਸ਼ੰਖ ਵਜਾਉਣ, ਦੀਵੇ ਬਾਲ਼ਣ ਦੀਆਂ ਸੁਰਲੀਆਂ ਛੱਡਣ ਤੋਂ ਇਲਾਵਾ ਕੋਰੋਨਾ ਭਜਾਉਣ ਦੇ ਹੋਰ ਕੀ ਪ੍ਰਬੰਧ ਕੀਤੇ ਹਨ।

ਭਾਰਤ ਦੇ ਸਿਹਤ ਪ੍ਰਬੰਧ ਦੀ ਖਸਤਾ ਹਾਲਤ ਤੇ ਸਰਕਾਰਾਂ ਦਾ ਲੋਕਾਂ ਦੀ ਸਿਹਤ ਪ੍ਰਤੀ ਗੈਰ-ਜ਼ਿੰਮੇਵਾਰ ਰਵੱਈਆ ਸਮੇਂ-ਸਮੇਂ 'ਤੇ ਸਾਹਮਣੇ ਆਉਂਦੇ ਰਹਿੰਦੇ ਹਨ। ਚਾਹੇ 2017 'ਚ ਗੋਰਖਪੁਰ 'ਚ ਆਕਸੀਜਨ ਦੀ ਕਮੀ ਕਾਰਨ ਹੋਈ 60 ਬੱਚਿਆਂ ਦੀ ਮੌਤ ਹੋਵੇ ਜਾਂ 2019 'ਚ ਮੁਜ਼ੱਫ਼ਰਪੁਰ 'ਚ ਫਿਰ ਉਸੇ ਕਾਰਨ 100 ਬੱਚਿਆਂ ਦੀ ਮੌਤ ਹੋਵੇ। ਹੁਣ ਜਦੋਂ ਭਾਰਤ 'ਚ ਪਹਿਲਾਂ ਹੀ ਸੁਰੱਖਿਆ ਸਾਜੋ- ਸਮਾਨ ਦੀ ਕਮੀ ਹੈ ਤਾਂ ਵੀ 19 ਮਾਰਚ ਤੱਕ ਸਰਕਾਰ ਨੇ ਇਹਨਾਂ ਵਸਤਾਂ ਦੀ ਬਰਾਮਦ ਬੰਦ ਨਹੀਂ ਕੀਤੀ। ਤੇ ਸਾਜੋ-ਸਮਾਨ ਬਣਾਉਣ ਵਾਲ਼ੀਆਂ ਕੰਪਨੀਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਸੁਰੱਖਿਆ ਕਿੱਟਾਂ ਤਿਆਰ ਕਰਨ ਦੇ ਹੁਕਮ ਬੰਦ ਦੇ ਸਮੇਂ 24 ਮਾਰਚ ਨੂੰ ਜ਼ਾਰੀ ਕੀਤੇ ਹਨ। ਇਸ ਤੋਂ ਪਹਿਲਾਂ ਪੁੱਛਣ 'ਤੇ ਵੀ ਸਥਿਤੀ ਸਾਫ਼ ਨਹੀਂ ਕੀਤੀ ਗਈ ਤੇ ਹੁਣ ਸਾਡੇ ਲਈ ਮੰਗ ਦੀ ਪੂਰਤੀ ਕਰਨਾ ਔਖਾ ਹੋ ਰਿਹਾ ਹੈ। ਕੇਂਦਰ ਹੋਵੇ ਜਾਂ ਸੂਬਾ ਸਰਕਾਰਾਂ ਦੋਵੇਂ ਜਿੰਨਾ ਛੇਤੀ ਹੋ ਸਕੇ ਜਨਤਕ ਖੇਤਰ ਦਾ ਭੋਗ ਪਾਉਣ 'ਤੇ ਉਤਾਰੂ ਹਨ, ਲਗਾਤਾਰ ਲੋਕਾਂ ਨੂੰ ਮਿਲ਼ਦੀਆਂ ਬਚੀਆਂ-ਖੁਚੀਆਂ ਸਹੂਲਤਾਂ 'ਚ ਕਟੌਤੀ ਕਰ ਰਹੀਆਂ ਹਨ। 'ਨੈਸ਼ਨਲ ਹੈਲਥ ਅਕਾਊਂਟਸ' 2019 ਦੀ ਰਿਪੋਰਟ ਮੁਤਾਬਕ ਲੋਕਾਂ ਨੇ ਸਿਹਤ 'ਤੇ ਆਪਣੀ ਜੇਬ 'ਚੋਂ 61% ਖਰਚ ਕੀਤਾ ਹੈ ਜਦਕਿ ਸਰਕਾਰੀ ਖਰਚ 30.6% ਤੇ ਖੜਾ ਹੈ। ਵਧਦੀ ਆਰਥਿਕ ਗ਼ੈਰਬਰਾਬਰੀ ਕਾਰਨ ਬਹੁਗਿਣਤੀ ਜੇਬ 'ਚੋਂ ਖ਼ਰਚ ਕਰਨ ਜੋਗੀ ਨਹੀਂ ਰਹੀ। ਆਕਸਫੈਮ ਦੀ ਤਾਜ਼ਾ ਰਿਪੋਰਟ ਮੁਤਾਬਕ ਭਾਰਤ ਦੀ ਹੇਠਲੀ 50% ਅਬਾਦੀ 2.8% ਦੌਲਤ 'ਤੇ ਗੁਜ਼ਾਰਾ ਕਰਦੀ ਹੈ। ਅਜਿਹੀ ਹਾਲਤ 'ਚ ਸਰਕਾਰ ਨੂੰ ਲੋਕਾਂ ਦੀ ਸਿਹਤ 'ਤੇ ਖਰਚ ਵਧਾਉਣ ਦੀ ਲੋੜ ਹੈ ਪਰ ਭਾਰਤ ਸਰਕਾਰ ਆਪਣੇ ਗੋਦੀ ਮੀਡੀਆ ਰਾਹੀਂ ਲੋਕਾਂ 'ਚ ਅੰਧਵਿਸ਼ਵਾਸਾਂ ਦਾ ਪ੍ਰਚਾਰ ਕਰ ਰਹੀ ਹੈ, ਭਾਜਪਾ ਦੇ ਕਈ ਮੰਤਰੀ ਕੋਰੋਨਾ ਨੂੰ ਗਾਂ ਦੇ ਮੂਤ ਨਾਲ਼ ਠੀਕ ਕਰਨ ਦੇ ਦਾਅਵੇ ਕਰ ਰਹੇ ਹਨ। ਸਰਕਾਰੀ ਸਿਹਤ 'ਤੇ ਖ਼ਰਚ ਦੇ ਮਾਮਲੇ 'ਚ ਭਾਰਤ 192 ਮੁਲਕਾਂ 'ਚੋਂ 184 'ਵੇਂ ਨੰਬਰ 'ਤੇ ਹੈ। ਭਾਰਤ 'ਚ ਹਰ 1000 ਬੰਦੇ ਪਿੱਛੇ 0.8 ਡਾਕਟਰ ਅਤੇ ਹਰ ਹਜ਼ਾਰ ਬੰਦੇ ਪਿੱਛੇ 0.7 ਹਸਪਤਾਲ ਬਿਸਤਰੇ ਆਉਂਦੇ ਹਨ ਜਦਕਿ ਸੰਸਾਰ ਸਿਹਤ ਸੰਸਥਾ ਮੁਤਾਬਿਕ ਹਰ ਹਜ਼ਾਰ ਬੰਦੇ ਪਿੱਛੇ 1 ਡਾਕਟਰ ਅਤੇ 1000 ਬੰਦੇ ਪਿੱਛੇ 5 ਬਿਸਤਰੇ ਹੋਣੇ ਚਾਹੀਦੇ ਹਨ। ਪੇਂਡੂ ਖੇਤਰ 'ਚ ਹਾਲਤ ਇਹ ਹੈ ਕਿ 10,000 ਮਰੀਜਾਂ ਪਿੱਛੇ 1 ਡਾਕਟਰ ਆਉਂਦਾ ਹੈ। ਇਹਨਾਂ 12 ਸੂਬਿਆਂ : ਬਿਹਾਰ, ਝਾਰਖੰਡ, ਗੁਜਰਾਤ, ਮਹਾਂਰਾਸ਼ਟਰ, ਮੱਧਪ੍ਰਦੇਸ਼, ਹਰਿਆਣਾ, ਉੜੀਸਾ, ਅਸਾਮ, ਉੱਤਰ ਪ੍ਰਦੇਸ਼ ਅਤੇ ਮਨੀਪੁਰ ਦੀ ਹਾਲਤ ਇਸ ਤੋਂ ਵੀ ਬੁਰੀ ਹੈ। ਇਹਨਾਂ ਸੂਬਿਆਂ ਦੀ ਅਬਾਦੀ ਭਾਰਤ ਦੀ ਕੁੱਲ ਵਸੋਂ ਦਾ 70% ਬਣਦੀ ਹੈ, ਇਸ ਸਥਿਤੀ ਤੋਂ ਸਰਕਾਰਾਂ ਦੀ ਸੰਵੇਦਨਹੀਣਤਾ ਦਾ ਅੰਦਾਜ਼ਾ ਬਾਖ਼ੂਬੀ ਹੋ ਜਾਂਦਾ ਹੈ।

ਕੋਰੋਨਾਵਾਇਰਸ ਨਾਲ਼ ਨਜਿੱਠਣ ਲਈ ਵੀ ਸਰਕਾਰ ਨੇ ਲੋਕਾਂ ਨੂੰ ਰੱਬ ਆਸਰੇ ਛੱਡ ਦਿੱਤਾ ਹੈ। ਇਸ ਬਿਮਾਰੀ ਕਾਰਨ ਮਰੀਜ਼ਾਂ ਨੂੰ ਸਾਹ ਦੀ ਦਿੱਕਤ ਆਉਂਦੀ ਹੈ ਜਿਸ ਕਾਰਨ ਵੈਂਟੀਲੇਟਰਾਂ ਦੀ ਵੱਡੀ ਜ਼ਰੂਰਤ ਹੈ ਪਰ 'ਹਿੰਦੋਸਤਾਨ ਟਾਈਮਜ਼' ਦੀ ਰਿਪੋਰਟ ਅਨੁਸਾਰ ਭਾਰਤ 'ਚ 130 ਕਰੋੜ ਦੀ ਅਬਾਦੀ ਲਈ ਸਿਰਫ਼ 40,000 ਵੈਂਟੀਲੇਟਰ ਹੀ ਹਨ। ਜੇ ਵਾਇਰਸ ਮੌਜੂਦਾ ਗਤੀ ਨਾਲ਼ ਫੈਲਦਾ ਹੈ ਤਾਂ ਮਈ ਤੱਕ 2 ਲੱਖ 20,000 ਵੈਂਟੀਲੇਟਰਾਂ ਦੀ ਜ਼ਰੂਰਤ ਹੋਵੇਗੀ। ਪਰ ਸਰਕਾਰ 19 ਮਾਰਚ ਤੱਕ ਵੀ ਵੈਂਟੀਲੇਟਰ ਬਾਹਰਲੇ ਦੇਸ਼ਾਂ ਨੂੰ ਭੇਜਦੀ ਰਹੀ ਹੈ। ਇਹ ਹਾਲਤ ਲੋਕਾਂ ਨੂੰ ਮੌਤ ਦੇ ਮੂੰਹ 'ਚ ਸੁੱਟਣ ਵਾਲ਼ੀ ਹੈ।

ਪੂਰੇ ਦੇਸ਼ 'ਚ ਕੋਰੋਨਾ ਦੇ ਮੁੱਢਲੇ ਟੈਸਟ ਲਈ 67 ਅਤੇ ਪੁਸ਼ਟੀਕਰਣ ਦੇ ਟੈਸਟ ਲਈ 51 ਪ੍ਰਯੋਗਸ਼ਾਲਾਵਾਂ 'ਚ ਪ੍ਰਬੰਧ ਕੀਤੇ ਗਏ ਹਨ ਤੇ ਭਾਰਤ 'ਚ ਕੁੱਲ 732 ਜ਼ਿਲੇ ਹਨ। ਇਹਨਾਂ ਪ੍ਰਯੋਗਸ਼ਾਲਾਵਾਂ ਦੀ ਗਿਣਤੀ ਇੱਕ ਜ਼ਿਲ੍ਹੇ ਪਿੱਛੇ 1 ਵੀ ਨਹੀਂ ਹੈ ਤੇ ਇੱਕ ਪ੍ਰਯੋਗਸ਼ਾਲਾ ਦੀ ਇੱਕ ਦਿਨ ਦੀ ਟੈਸਟ ਕਰਨ ਦੀ ਸਮਰੱਥਾ 60-70 ਮਰੀਜ਼ ਹੈ। ਭਾਰਤ 'ਚ 1 ਲੱਖ ਬੰਦੇ ਪਿੱਛੇ 10.5 ਟੈਸਟ ਹੋ ਰਹੇ ਹਨ। ਸਾਊਥ ਕੋਰੀਆ 'ਚ ਇਹ ਅੰਕੜਾ 600 ਗੁਣਾ ਤੇ ਯੂ.ਏ.ਈ 'ਚ 1200 ਗੁਣਾ ਵੱਧ ਹੈ। ਅਬਾਦੀ ਦੇ ਹਿਸਾਬ ਨਾਲ਼ ਦੇਖੀਏ ਤਾਂ ਭਾਰਤ 'ਚ ਟੈਸਟਾਂ ਦੀ ਗਿਣਤੀ ਵੱਧ ਹੋਣੀ ਚਾਹੀਦੀ ਸੀ, ਪਰ ਸੱਚਾਈ ਇਸਦੇ ਉਲਟ ਹੈ।

ਆਤਮਰੱਖਿਆ ਔਜ਼ਾਰ, ਮਾਸਕ, ਦਸਤਾਨੇ ਆਦਿ (ਪੀ.ਪੀ.ਈ ਕਿੱਟਾਂ) ਦੀ ਗੱਲ ਕਰੀਏ ਤਾਂ ਹਲਾਤ ਹੋਰ ਵੀ ਭੈੜੇ ਹਨ। ਇੱਕ ਅੰਦਾਜ਼ੇ ਮੁਤਾਬਕ 3 ਕਰੋੜ 80 ਲੱਖ ਮਾਸਕ, 62 ਲੱਖ ਸੁਰੱਖਿਆ ਗਾਊਨ ਚਾਹੀਦੇ ਹਨ, ਪਰ 91 ਲੱਖ ਮਾਸਕ ਤੇ 8 ਲੱਖ ਗਾਊਨ ਹੀ ਮੌਜੂਦ ਹਨ।

ਦੇਸ਼ ਭਰ 'ਚ ਕਈ ਥਾਵਾਂ 'ਤੇ ਡਾਕਟਰਾਂ, ਨਰਸਾਂ ਤੇ ਸਫ਼ਾਈ ਕਾਮਿਆਂ ਨੇ ਸੁਰੱਖਿਆ ਦੇ ਢੁੱਕਵੇਂ ਪ੍ਰਬੰਧ ਦੀ ਘਾਟ 'ਤੇ ਰੋਸ ਪ੍ਰਗਟਾਇਆ ਹੈ ਤੇ ਬਿਮਾਰੀ ਨਾਲ਼ ਨਜਿੱਠਣ ਲਈ ਸਰਕਾਰ ਵੱਲੋਂ ਕੀਤੇ ਘਟੀਆ ਪ੍ਰਬੰਧ ਦੀ ਪੋਲ ਖੋਲੀ ਹੈ। ਪੰਜਾਬ 'ਚ ਨਰਸਾਂ ਤੇ ਸਿਹਤ ਅਮਲੇ ਨੇ ਸੁਰੱਖਿਆ ਦੇ ਢੁੱਕਵੇਂ ਪ੍ਰਬੰਧ ਨਾ ਹੋਣ ਕਾਰਨ ਤਿੰਨ ਜ਼ਿਲਿਆਂ 'ਚ ਮੁਜ਼ਾਹਰੇ ਕੀਤੇ ਹਨ।

ਮਹਾਂਰਾਸ਼ਟਰ ਦੇ 'ਕਿੰਗ ਏਡਵਰਡ ਹਸਪਤਾਲ' ਜਿੱਥੇ ਕੋਰੋਨਾ ਦਾ ਇਲਾਜ਼ ਚੱਲ ਰਿਹਾ ਹੈ। ਉੱਥੋਂ ਦੇ ਸਫ਼ਾਈ ਕਾਮਿਆਂ ਤੇ ਨਰਸਾਂ ਨੇ ਦੱਸਿਆ ਹੈ ਕਿ ਸਾਡੀ ਸੁਰੱਖਿਆ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਹੈ, ਸਾਨੂੰ ਜ਼ਰੂਰੀ ਸਾਜੋ-ਸਮਾਨ ਨਹੀਂ ਦਿੱਤਾ ਜਾ ਰਿਹਾ। ਨਰਸਾਂ ਜੋ ਡਾਕਟਰਾਂ ਦੇ ਮੁਕਾਬਲੇ ਮਰੀਜ਼ਾਂ ਦੇ ਸੰਪਰਕ 'ਚ ਜ਼ਿਆਦਾ ਆਉਂਦੀਆਂ ਹਨ, ਉਹਨਾਂ ਦੀ ਜ਼ਿੰਦਗੀ ਦੇ ਨਾਲ਼ ਉਹਨਾਂ ਦੇ ਪਰਿਵਾਰਾਂ ਨੂੰ ਵੀ ਖ਼ਤਰੇ 'ਚ ਪਾਇਆ ਜਾ ਰਿਹਾ ਹੈ।

ਬਿਹਾਰ 'ਚ 23 ਮਾਰਚ ਨੂੰ ਜੂਨੀਅਰ ਡਾਕਟਰ ਸੰਘ (ਪਟਨਾ) ਨੇ ਨਾਲੰਦਾ ਹਸਪਤਾਲ ਦੇ ਮੁਖੀ ਨੂੰ ਚਿੱਠੀ ਲਿਖਕੇ 83 ਜੂਨੀਅਰ ਡਾਕਟਰਾਂ ਨੂੰ ਇਕਾਂਤਵਾਸ 'ਚ ਰੱਖਣ ਲਈ ਕਿਹਾ। ਇਹਨਾਂ ਡਾਕਟਰਾਂ 'ਚ ਕੋਰੋਨਾ ਵਰਗੇ ਲੱਛਣ ਪਾਏ ਗਏ ਸਨ ਤੇ ਇਹਨਾਂ ਕੋਲ਼ ਕੋਈ ਸੁਰੱਖਿਆ ਔਜ਼ਾਰ ਨਹੀਂ ਸਨ। ਇਸੇ ਤਰਾਂ ਦੀ ਹਾਲਤ ਪਟਨਾ ਮੈਡੀਕਲ ਕਾਲਜ ਦੀ ਵੀ ਹੈ ਜਿੱਥੇ ਨਰਸਾਂ ਦਾ ਕਹਿਣਾ ਹੈ ਕਿ ਇੱਥੇ ਐੱਚ.ਆਈ.ਵੀ ਗਾਊਨ ਵਰਤੇ ਜਾ ਰਹੇ ਹਨ ਜੋ ਸਿਰਫ਼ ਖ਼ੂਨ ਲੱਗਣ ਤੋਂ ਬਚਾਅ ਸਕਦੇ ਹਨ ਪਰ ਉਸ ਵਾਇਰਸ ਤੋਂ ਨਹੀਂ ਜੋ ਸਾਡੀ ਸਾਹ ਪ੍ਰਣਾਲੀ ਰਾਹੀਂ ਦਾਖਲ ਹੋ ਸਕਦਾ ਹੈ। ਉਹਨਾਂ ਨੂੰ ਹੱਥ ਧੋਣ ਲਈ ਸੈਨੇਟਾਈਜ਼ਰ ਦੀ ਥਾਂ 'ਤੇ ਕਲੋਰੋਹੈਕਸਡੀਨ ਦਿੱਤਾ ਜਾ ਰਿਹਾ ਹੈ ਜੋ ਡੈਟੋਲ ਵਾਂਗ ਬੈਕਟੀਰੀਆ ਤਾਂ ਖ਼ਤਮ ਕਰ ਸਕਦਾ ਹੈ ਪਰ ਵਾਇਰਸ ਨਹੀਂ। ਜਦੋਂ ਡਾਕਟਰਾਂ ਨੇ ਹਾਲਤਾਂ ਬਾਰੇ ਪ੍ਰਸ਼ਾਸਨ ਕੋਲ਼ ਫਿਕਰ ਜ਼ਾਹਿਰ ਕੀਤਾ ਤਾਂ ਇਸ 'ਤੇ ਪ੍ਰਸ਼ਾਸਨ ਦਾ ਕਹਿਣਾ ਸੀ ਕਿ ਇਨਕਲਾਬੀ ਬਣਨ ਦੀ ਕੋਸ਼ਿਸ਼ ਨਾ ਕਰੋ।

ਇਸੇ ਤਰਾਂ ਹੀ ਦਿੱਲੀ 'ਚ ਨਗਰਪਾਲਿਕਾ ਦੁਆਰਾ ਚਲਾਏ ਜਾਂਦੇ ਹਸਪਤਾਲ ਦੇ 10 ਡਾਕਟਰਾਂ ਤੇ ਨਰਸਾਂ ਨੇ ਸੁਰੱਖਿਆ ਲਈ ਦਿੱਤੇ ਸਾਜੋ-ਸਮਾਨ ਦੀ ਘਟੀਆ ਗੁਣਵੱਤਾ ਦੇ ਕਾਰਨ 1 ਅਪ੍ਰੈਲ, 2020 ਨੂੰ ਅਸਤੀਫ਼ੇ ਦਿੱਤੇ ਜੋ ਕਿ ਹਸਪਤਾਲ ਦੇ ਪ੍ਰਸ਼ਾਸਨ ਨੇ ਪ੍ਰਵਾਨ ਨਹੀਂ ਕੀਤੇ।

ਲਖਨਊ 'ਚ ਡਾਕਟਰਾਂ ਨੇ ਸਾਜੋ-ਸਮਾਨ ਨਾ ਮਿਲਣ ਦੀ ਹਾਲਤ 'ਚ ਕੰਮ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। 30 ਮਾਰਚ, 2020 ਤੋਂ ਉੱਤਰ ਪ੍ਰਦੇਸ਼ 'ਚ 19,000 ਐਂਬੂਲੈਂਸ ਕਾਮੇ ਤਿੰਨ ਮਹੀਨੇ ਤੋਂ ਤਨਖ਼ਾਹ ਨਾ ਮਿਲ਼ਣ ਤੇ ਸੁਰੱਖਿਆ ਦੇ ਸਹੀ ਪ੍ਰਬੰਧ ਨਾ ਹੋਣ ਕਾਰਨ ਹੜਤਾਲ 'ਤੇ ਹਨ।

ਇਸ ਮਹਾਂਮਾਰੀ ਦੀ ਘੜੀ 'ਚ ਡਾਕਟਰੀ ਅਮਲੇ ਦੀਆਂ ਜਾਨਾਂ ਬਹੁਤ ਕੀਮਤੀ ਹਨ ਕਿਉਂਕਿ ਭਾਰਤ 'ਚ ਡਾਕਟਰਾਂ ਤੇ ਮੈਡੀਕਲ ਅਮਲੇ ਦੀ ਪਹਿਲਾਂ ਹੀ ਕਾਫੀ ਕਮੀ ਹੈ, ਜੇ ਸਰਕਾਰ ਡਾਕਟਰਾਂ ਦੀ ਜ਼ਿੰਦਗੀ ਨੂੰ ਖ਼ਤਰੇ 'ਚ ਪਾਉਂਦੀ ਹੈ ਤਾਂ ਮਤਲਬ ਉਹ ਪੂਰੀ ਲੋਕਾਈ ਨੂੰ ਖ਼ਤਰੇ 'ਚ ਪਾ ਰਹੀ ਹੈ। ਤੇ ਹੁਣ ਤੱਕ ਦੇਸ਼ਭਰ 'ਚ 50 ਦੇ ਕਰੀਬ ਨਰਸਾਂ ਤੇ ਹਸਪਤਾਲ ਕਾਮੇ ਵਾਇਰਸ ਤੋਂ ਪ੍ਰਭਾਵਿਤ ਹੋ ਚੁੱਕੇ ਹਨ। ਤੇ ਜਿਹੜੇ ਲੋਕਾਂ ਨੂੰ ਏਕਾਂਤਵਾਸ 'ਚ ਰੱਖਿਆ ਗਿਆ ਉਹਨਾਂ ਦਾ ਵੀ ਰੱਬ ਹੀ ਸਹਾਰਾ ਹੈ, ਜਿਹੜੇ ਕਮਰਿਆਂ 'ਚ ਉਹਨਾਂ ਨੂੰ ਰੱਖਿਆਂ ਜਾ ਰਿਹਾ ਉੱਥੇ ਸਾਫ਼-ਸਫ਼ਾਈ ਦਾ ਬੁਰਾ ਹਾਲ ਹੈ। ਇੱਕ ਵਾਰੀ ਵਰਤੋਂਯੋਗ ਮਾਸਕ, ਗਾਊਨ, ਸਰਿੰਜਾਂ ਆਦਿ ਦੇ ਨਿਕਾਸ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਹੈ, ਜਿਸ ਕਾਰਨ ਸਫ਼ਾਈ ਕਾਮੇ ਵੀ ਬਿਨਾਂ ਸੁਰੱਖਿਆ ਔਜ਼ਾਰਾਂ ਦੇ ਵਾਇਰਸ ਦੀ ਚਪੇਟ 'ਚ ਆ ਸਕਦੇ ਹਨ।

ਇੱਕ ਵਿਚਾਰਨਯੋਗ ਪੱਖ ਇਹ ਵੀ ਹੈ ਕਿ ਸਰਕਾਰ ਨੇ ਪੂਰਨਬੰਦੀ ਕਰਕੇ ਲੋਕਾਂ ਨੂੰ ਘਰਾਂ 'ਚ ਤਾੜ ਦਿੱਤਾ ਪਰ ਕਰੋੜਾਂ ਦੀ ਮਜ਼ਦੂਰ ਅਬਾਦੀ ਜੋ ਸਾਰੇ ਦਿਨ ਦੀ ਮਿਹਨਤ ਮੁਸ਼ੱਕਤ ਤੋਂ ਬਾਅਦ ਰਾਤ ਨੂੰ ਚੁੱਲਾ ਬਾਲ਼ਣ ਜੋਗੀ ਹੁੰਦੀ ਹੈ, ਸਰਕਾਰ ਨੇ ਉਹਨਾਂ ਲਈ ਖਾਧ- ਖੁਰਾਕ ਦਾ ਕੋਈ ਪ੍ਰਬੰਧ ਕੀਤੇ ਬਿਨਾਂ ਉਹਨਾਂ ਨੂੰ ਭੁੱਖ ਨਾਲ਼ ਮਰਨ ਲਈ ਛੱਡ ਦਿੱਤਾ ਹੈ। ਜਿਸ ਕਾਰਨ ਮਜ਼ਦੂਰ ਆਪਣੇ ਘਰਾਂ ਨੂੰ ਪੈਦਲ ਨਿੱਕਲਣ ਲਈ ਮਜ਼ਬੂਰ ਹੋਏ ਹਨ। ਹੁਣ ਤੱਕ ਸੂਰਤ ਅਤੇ ਦਿੱਲੀ 'ਚ ਰੋਟੀ ਨਾ ਮਿਲ਼ਣ ਕਾਰਨ ਮਜ਼ਦੂਰ ਸੜਕਾਂ 'ਤੇ ਆਉਣ ਲਈ ਮਜ਼ਬੂਰ ਹੋਏ ਹਨ। ਇਸ ਬਿਮਾਰੀ ਤੋਂ ਬਚਾਅ ਲਈ ਚੰਗੀ ਖਾਧ- ਖੁਰਾਕ ਦੀ ਅਹਿਮ ਭੂਮਿਕਾ ਹੈ ਕਿਉਂਕਿ ਜਿਹਨਾਂ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ ਉਹ ਜਾਂ ਤਾ ਸਰੀਰਕ ਤੌਰ 'ਤੇ ਕਮਜ਼ੋਰ ਹਨ ਜਾਂ ਉਹਨਾਂ ਨੂੰ ਪਹਿਲਾ ਹੀ ਕੋਈ ਗੰਭੀਰ ਬਿਮਾਰੀ ਹੈ। ਪਰ ਇਸ ਕਰੋੜਾਂ ਦੀ ਅਬਾਦੀ ਲਈ ਸਰਕਾਰ ਨੇ ਕੋਈ ਢੁੱਕਵਾਂ ਪ੍ਰਬੰਧ ਨਾ ਕਰਕੇ ਆਪਣਾ ਲੋਕ- ਵਿਰੋਧੀ ਚਿਹਰਾ ਨੰਗਾ ਕੀਤਾ ਹੈ। ਹੁਣ ਤੱਕ 19 ਦੇ ਕਰੀਬ ਮੌਤਾਂ ਭੁੱਖ ਨਾਲ਼ ਹੋ ਚੁੱਕੀਆਂ ਹਨ ਤੇ ਕੋਰੋਨਾ ਦੇ ਸ਼ਿਕਾਰ ਹੋਣ ਦਾ ਖ਼ਤਰਾ ਵੀ ਇਹਨਾਂ ਲੋਕਾਂ 'ਤੇ ਮੰਡਰਾ ਰਿਹਾ ਹੈ।

ਇਸ ਮਹਾਂਮਾਰੀ ਦੇ ਦੌਰ 'ਚ ਸਾਨੂੰ ਲੋਕਾਂ ਨੂੰ ਸਿਹਤ ਦੇ ਮੁੱਦੇ 'ਤੇ ਸਰਕਾਰ ਖਿਲਾਫ਼ ਸੰਘਰਸ਼ ਵਿੱਢਣ ਦੀ ਜ਼ਰੂਰਤ ਹੈ ਤਾਂ ਜੋ ਸਰਕਾਰਾਂ ਨੂੰ ਲੋੜੀਂਦੀਆਂ ਸਹੂਲਤਾਂ ਦੇਣ ਲਈ ਮਜ਼ਬੂਰ ਕੀਤਾ ਜਾ ਸਕੇ ਨਹੀਂ ਤਾ ਇਹ ਖੰਡਰ ਹੋਇਆ ਸਿਹਤ ਢਾਂਚਾ ਕਈਆਂ ਦੇ ਸਿਰਾਂ 'ਤੇ ਮੌਤ ਬਣ ਕੇ ਡਿੱਗੇਗਾ

# ਮਨਦੀਪ ਸਿੰਘ ਚਿੱਟੀ ਦਾ ਅਕਹਿ ਤੇ ਅਸਹਿ ਵਿਛੋੜਾ

**- ਡਾਕਟਰ ਸ਼ਿੰਗਾਰਾ ਸਿੰਘ ਢਿੱਲੋਂ**

ਇਹ ਖ਼ਬਰ ਸੁਣਕੇ ਮਨ ਬਹੁਤ ਦੁਖੀ ਹੋਇਆ ਕਿ ਲੈਸਟਰ ਦਾ ਉਹ ਗੁਰਸਿੱਖ ਨੌਜਵਾਨ ਜੋ ਪੰਜਾਬੀ ਭਾਈਚਾਰੇ ਦੇ ਹਰ ਭਲੇ ਵਾਲੇ ਕਾਰਜ ਵਾਸਤੇ ਮੋਹਰੀ ਹੋਇਆ ਕਰਦਾ ਸੀ, ਅੱਜ ਸ਼ਾਮੀਂ ਪੰਜ ਕਿ ਵਜੇ ਸਥਾਨਕ ਲੈਸਟਰ ਹਸਪਤਾਲ ਵਿੱਚ ਪਿਛਲੇ ਸਾਢੇ ਕੁ ਤਿੰਨ ਹਫ਼ਤੇ ਤੋਂ ਕਰੋਨਾ ਵਾਇਰਸ ਨਾਲ ਜ਼ਿੰਦਗੀ ਮੌਤ ਦੀ ਜੰਗ ਲੜਦਾ ਹੋਇਆ, ਸਾਥੋਂ ਸਦਾ ਵਾਸਤੇ ਵਿੱਛੜ ਗਿਆ।

ਮਨਦੀਪ ਸਿੰਘ ਚਿੱਟੀ, ਲੈਸਟਰ ਦੇ ਹੀ ਨਹੀਂ ਬਲਕਿ ਯੂ ਕੇ ਦੇ ਪੰਜਾਬੀ ਭਾਈਚਾਰੇ ਦਾ ਅਨਮੋਲ ਹੀਰਾ ਸੀ। ਬੇਸ਼ੱਕ ਉਸ ਨੇ ਆਪਣੇ ਜੀਵਨ ਵਿੱਚ ਬਹੁਤ ਉਚਾਣਾਂ ਨਿਵਾਣਾਂ ਦੇਖੀਆ ਤੇ ਹੰਡਾਈਆ, ਤੱਤੀਆਂ ਲੋਆਂ ਦਾ ਸੇਕ ਪਿੰਡੇ 'ਤੇ ਝੱਲਿਆ, ਪਰ ਸੱਚ ਜਾਣਿਓ ਆਪਣੀ ਸਖ਼ਤ ਮਿਹਨਤ ਦੇ ਬਲਬੂਤੇ, ਕਾਮਯਾਬੀ ਦੀਆ ਬੁਲੰਦੀਆਂ ਸਰ ਕਰ ਲੈਣ ਤੋਂ ਬਾਅਦ ਵੀ , ਮੈਂ ਆਪਣੇ ਜੀਵਨ ਵਿੱਚ ਉਸ ਵਰਗਾ ਕੋਈ ਅਜਿਹਾ ਨੌਜਵਾਨ ਨਹੀਂ ਦੇਖਿਆ ਜੋ ਜ਼ਮੀਨ ਨਾਲ ਜੁੜਿਆ ਰਿਹਾ ਹੋਵੇ ਤੇ ਸੰਸਕਾਰੀ ਵੀ, ਬਹੁਤੇ ਅੱਜ ਤੱਕ ਅਜਿਹੇ ਹੀ ਦੇਖੇ ਹਨ ਜੋ ਨਿੱਕੀ ਜਿਹੀ ਕਾਮਯਾਬੀ ਬਾਦ ਉੱਪਰ ਨੂੰ ਥੁਕਣ ਲੱਗ ਪੈਂਦੇ ਹਨ।

ਮਨਦੀਪ, ਸੰਸਕਾਰੀ ਨੌਜਵਾਨ ਸੀ, ਜਦ ਵੀ ਮੈਂ ਉਸ ਨੂੰ ਮਿਲਦਾ ਸਾਂ ਤਾਂ ਉਸ ਨੂੰ ਮਿਲਕੇ ਜਿੱਥੇ ਮਨ ਵਿਚ ਇਕ ਅਥਾਹ ਖ਼ੁਸ਼ੀ ਪੈਦਾ ਹੁੰਦੀ ਉੱਥੇ ਉਸ ਵੱਲੋਂ ਮਿਲੇ ਪਿਆਰ ਤੇ ਸਤਿਕਾਰ ਨਾਲ ਉਹ ਖ਼ੁਸ਼ੀ ਦੁਗਣੀ ਚੌਗੁਣੀ ਵੀ ਹੋ ਜਾਂਦੀ। ਮਨਦੀਪ ਸਿੰਘ, ਗੁਰੂ ਦਾ ਸਾਬਤ ਸੂਰਤ ਸੱਚਾ ਸਿੱਖ ਸੀ ਤੇ ਸਿੱਖ ਧਰਮ ਦਾ ਫਲਸਫਾ ਉਸ ਦੇ ਜੀਵਨ ਦਾ ਬਹੁਤ ਹੀ ਅਹਿਮ, ਅਨਿੱਖੜ ਤੇ ਵਿਹਾਰਕ ਅੰਗ ਸੀ। ਹਰ ਵੇਲੇ ਖ਼ੁਸ਼ ਰਹਿਣ ਵਾਲਾ ਤੇ ਹਰ ਇਕ ਦੇ ਔਖੇ ਵੇਲੇ ਕੰਮ ਆਉਣ ਵਾਲਾ ਮਨਦੀਪ, ਇਸ ਫ਼ਾਨੀ ਸੰਸਾਰ ਤੋਂ ਭਰੀ ਉਮਰੇ ਇਸ ਤਰਾਂ ਚਲਾ ਜਾਵੇਗਾ, ਮੈਂ ਹੀ ਨਹੀਂ, ਅਸੀਂ ਸਭਨਾ ਨੇ ਕਦੇ ਸੁਪਨੇ ਵਿੱਚ ਵੀ ਨਹੀ ਸੀ ਸੋਚਿਆ।

ਮਨਦੀਪ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਵਾਸਤੇ ਤਾਂ ਉਸ ਦਾ ਬੇਵਕਤੀ ਤੇ ਅਚਨਚੇਤੀ ਅਕਾਲ ਚਲਾਣਾ ਬਹੁਤ ਵੱਡਾ ਸਦਮਾ ਹੈ ਹੀ, ਜੋ ਅਕਹਿ ਵੀ ਹੈ ਤੇ ਅਸਹਿ ਵੀ ਹੈ, ਉਸ ਦੇ ਪਿਆਰੇ ਦੋਸਤਾਂ ਤੇ ਸਮੁੱਚੇ ਪੰਜਾਬੀ ਤੇ ਖਾਸ ਕਰ ਸਿੱਖ ਭਾਈਚਾਰੇ ਵਾਸਤੇ ਵੀ ਇਹ ਇਕ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ। ਮਨਦੀਪ ਸਿੰਘ ਚਿੱਟੀ ਦਾ ਅਕਾਲ ਚਲਾਣਾ ਜਿੱਥੇ ਸਾਡੇ ਸਭਨਾ ਵਾਸਤੇ ਇਕ ਵੱਡਾ ਸਦਮਾ ਹੈ, ਉਥੇ ਇਕ ਉਹ ਖੱਪਾ ਵੀ ਹੈ ਜਿਸ ਦੀ ਭਰਪਾਈ ਕਦੇ ਵੀ ਨਹੀਂ ਹੋ ਸਕੇਗੀ।

ਅੱਜ ਦੇ ਜ਼ਮਾਨੇ ਵਿੱਚ ਜਦੋਂ ਕਦਰਾਂ ਕੀਮਤਾਂ ਪੰਖੇਰੂ ਹੋ ਚੁਕੀਆ ਹਨ, ਰਿਸ਼ਤੇਨਾਤੇ ਬਿਖਰ ਰਹੇ ਹਨ, ਹਰ ਪਾਸੇ ਪੂੰਜੀ ਪਦਾਰਥ ਦਾ ਬੋਲਬਾਲਾ ਹੈ, ਮਨਦੀਪ ਸਿੰਘ ਇਕ ਧਰਮ, ਵਿਰਸੇ ਤੇ ਸੱਭਿਆਚਾਰ ਦੀ ਪ੍ਰਤਿਨਿਧਤਾ ਕਰਨ ਵਾਲਾ ਉਹ ਨੌਜਵਾਨ ਸੀ ਜਿਸ ਨੂੰ ਦੇਖਕੇ ਮਨ ਨੂੰ ਅਥਾਹ ਖ਼ੁਸ਼ੀ ਅਤੇ ਤਸੱਲੀ ਮਿਲਦੀ ਸੀ ਤੇ ਇਹ ਧਰਵਾਸਾ ਵੀ ਮਿਲਦਾ ਸੀ ਕਿ ਉਸ ਵਰਗੇ ਨੌਜਵਾਨ ਸਾਡੇ ਅਮੀਰ ਪੰਜਾਬੀ ਵਿਰਸੇ ਦੇ ਵਾਰਿਸ ਹਨ ਜੋ ਇਸ ਨੂੰ ਜ਼ਿੰਦਾ ਹੀ ਨਹੀਂ ਬਲਕਿ ਵਧਦਾ ਫੁੱਲਦਾ ਵੀ ਰੱਖਣਗੇ, ਪਰ ਭਾਣਾ ਉਲਟਾ ਵਰਤ ਗਿਆ। ਦਿਲ ਬਹੁਤ ਦੁਖੀ ਹੈ —— ਮਨ ਵਾਰ ਵਾਰ ਉਬਾਲੇ ਖਾਂਦਾ ਹੈ ———- ਹੰਝੂ ਆਪ ਮੁਹਾਰੇ ਝਲਾਰਾਂ ਬਣਕੇ ਵਹਿ ਰਹੇ ਹਨ, ਕਿਹੜੀ ਗੱਲ ਕਰਾਂ ਤੇ ਕਿਹੜੀ ਨਾ —- ਉਫ !!!! —— ਇਸ ਜਹਾਨੋਂ ਜਾਣਾ ਤਾਂ ਇਕ ਦਿਨ ਆਪਾਂ ਸਭਨਾ ਨੇ ਹੈ, ਪਰ ਭਰ ਜਵਾਨੀ ਚ ਇਕ ਸੱਚੇ ਸੁੱਚੇ, ਕਹਿਣੀ ਕਰਨੀ ਦੇ ਪੂਰੇ ਤੇ ਲੋਕ ਭਲੇ ਲਈ ਹਮੇਸ਼ਾ ਤਤਪਰ ਰਹਿਣ ਵਾਲੇ, ਧਰਮ ਦੇ ਸਹੀ ਅਰਥਾਂ ਨੂੰ ਵਿਹਾਰਕ ਰੂਪ ਵਿੱਚ ਸਮਝਣ ਹੰਢਾਉਣ ਵਾਲੇ ਪੰਜਾਬੀ ਵਿਰਸੇ ਦੇ ਪਹਿਰੇਦਾਰ ਨੌਜਵਾਨ ਦਾ ਇਸ ਤਰਾਂ ਕਰੋਨਾ ਨਾਮ ਦੀ ਬੀਮਾਰੀ ਦੀ ਜਕੜ ਚ ਆ ਕੇ ਸਦੀਵੀ ਤੌਰ 'ਤੇ ਵਿੱਛੜ ਜਾਣਾ ਅਤੀ ਦੁਖਦਾਈ ਹੈ।

ਸਾਡੇ ਭਾਈਚਾਰੇ ਚ ਮਨਦੀਪ ਵਰਗੇ ਨੌਜਵਾਨ ਅਜ ਦੇ ਸਮੇਂ ਵਿੱਚ ਬਹੁਤ ਵਿਰਲੇ ਹਨ, ਜੋ ਸਾਦਗੀ, ਸਹਿਜ ਅਤੇ ਰਵਾਨਗੀ ਉਸ ਦੇ ਜੀਵਨ ਵਿੱਚ ਸੀ, ਉਹ ਆਮ ਤੌਰ 'ਤੇ ਜ਼ਿੰਦਗੀ ਵਿੱਚ ਬਹੁਤ ਸਾਰੇ ਤੱਤੇ ਠੰਢੇ ਤਜਰਬੇ ਕੁੱਜ ਹੰਢਾਉਣ ਤੋਂ ਬਾਦ ਮਿਲਦੀ ਹੈ ਜਾਂ ਇੰਜ ਕਹਿ ਲਓ ਕਿ ਉਮਰ ਦੇ ਸੱਤਰਵਿਆਂ ਦੇ ਲਗਭਗ ਆਉਂਦੀ ਹੈ। ਇਕ ਵਾਰ ਮੈਂ ਜਦ ਉਸ ਨੂੰ, ਉਸਦੇ ਉਕਤ ਸੁਭਾ ਬਾਰੇ ਇਹ ਸਵਾਲ ਕੀਤਾ ਕਿ ਮਨਦੀਪ ਸਿਹਾਂ ! ਏਨੀ ਸਹਿਜਤਾ ਕਿਵੇਂ ਪੈਦਾ ਕਰ ਲਈ ਤੂੰ ਆਪਣੇ ਜੀਵਨ ਵਿੱਚ ? ਤਾਂ ਉਸ ਦਾ ਸਿੱਧਾ ਜਿਹਾ ਜਵਾਬ ਸੀ, ਪ੍ਰੋ ਸਾਹਿਬ, ਜ਼ਿੰਦਗੀ ਚ ਔਖੇ ਵੇਲੇ ਬਹੁਤ ਹੰਢਾਏ ਤੇ ਹੁਣ ਆਪਣੇ ਕੰਨ ਜਿਹੀ ਪੈ ਗਈ, ਵਾਹਿਗੁਰੂ ਤੇ ਭਰੋਸਾ ਰੱਖੀਦਾ, ਸੁੱਖ ਦੁੱਖ ਸਹਿਜ ਵਿੱਚ ਹੀ ਨਿਕਲ ਜਾਂਦੇ ਹਨ, ਜ਼ਿੰਦਗੀ ਵਿੱਚ ਬੱਸ ਇਕ ਗੱਲ ਦੀ ਸਮਝ ਲੱਗੀ ਹੈ ਕਿ ਸੁੱਖ ਦੁੱਖ ਸਭ ਉਸੇ ਦਾ ਹੀ ਖੇਲ ਹੈ, ਉਹ ਮਾਲਕ, ਕਦੇ ਬੰਦੇ ਨੂੰ ਦੁੱਖ ਦੇ ਕੇ ਇਮਤਿਹਾਨ ਲੈਂਦਾ ਹੈ ਕੇ ਕਦੇ ਖ਼ੁਸ਼ੀ ਦੇ ਕੇ ਅਸ਼ੀਰਵਾਦ ਦੇਂਦਾ ਹੈ।

ਮਨਦੀਪ ਦੀ ਸਾਦਗੀ ਦੇ ਨਾਲ ਨਾਲ ਮੈਂ ਉਸਦੇ ਉੱਚੇ ਵਿਚਾਰਾਂ ਤੋਂ ਵੀ ਬਹੁਤ ਪਰਭਾਵਤ ਹੁੰਦਾ। ਗੱਲ ਕੀ, ਮਨਦੀਪ ਤਾਂ ਮਨਦੀਪ ਹੀ ਸੀ, ਉਸ ਦੀਆ ਬਹੁਤ ਸਾਰੀਆਂ ਯਾਦਾਂ ਹਨ ਜਿਹਨਾ ਵਿੱਚੋਂ ਉਪਰਲੀ ਤਾਂ ਸਿਰਫ ਇਕ ਉਦਾਹਰਣ ਹੈ। ਮਨਦੀਪ ਹੁਣ ਸਰੀਰਕ ਤੌਰ 'ਤੇ ਸਾਡੇ ਦਰਮਿਆਨ ਨਹੀਂ ਰਹਿ ਗਿਆ, ਪਰ ਉਸ ਦੀਆ ਯਾਦਾਂ ਹਮੇਸ਼ਾ ਸਾਡੇ ਨਾਲ ਰਹਿਣਗੀਆਂ, ਉਹ ਨੌਜਵਾਨਾਂ ਦਾ ਪਰੇਰਣਾ ਸਰੋਤ ਸੀ ਤੇ ਹਮੇਸ਼ਾ ਬਣਿਆਂ ਰਹੇਗਾ। ਮਨਦੀਪ ਸਾਡੇ ਦਿਲਾਂ ਚ ਵਸਿਆ ਹੋਇਆ ਹੈ, ਸਾਡੇ ਰਹਿੰਦੇ ਸਵਾਸਾਂ ਤੱਕ ਵਸਿਆ ਰਹੇਗਾ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed



Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
WMA
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
ON THE AIR
**Punjabi RADIO USA**
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.

Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com




TRANS-ALLIANCE
TOGETHER WE SAVE

## NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

**Consistent Nationwide Pricing**
Pay the same low price whether you buy over-the-road or at your local dealer.

**24/7/365 Coverage**
Call us around the clock, and get access to our emergency roadside service program.

**No Minimum Purchases**
Buy only the number of tires you want at any given time.

**Retain Your Local Service**
Buy and receive service from your local dealer, and receive our national account service pricing.

— Save on top brands, like —

MICHELIN A better way forward | Continental | GOODYEAR
BFGoodrich | GENERAL TIRE | DUNLOP TIRES
YOKOHAMA | KUMHO TIRES | ROADMASTER TIRES

## Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com

(855) 641-6955

# ਗੁਰੂ ਤੇਗ ਬਹਾਦਰ ਜੀ



- ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ ਤੇ ਰੱਖੀ ਗਈ ਹੈ। ਸਿੱਖ ਇਤਿਹਾਸ ਵਿਚ ਗੁਰੂਆਂ ਦੀਆਂ ਲਾਸਾਨੀ ਸ਼ਹਾਦਤਾਂ ਦਰਜ ਹਨ। ਇਨਾਂ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਸਿੰਘਾਂ ਨੇ ਹਮੇਸ਼ਾ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਦੀ ਕੁੱਖੋਂ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇਕ ਭੈਣ ਤੋਂ ਛੋਟੇ ਸਨ। ਆਪ ਜੀ ਦਾ ਨਾਉਂ ਤਿਆਗ ਮਲ ਰੱਖਿਆ ਗਿਆ। ਆਪ ਜੀ ਨੇ 9 ਸਾਲ ਤੱਕ ਦੀ ਉਮਰ ਅੰਮ੍ਰਿਤਸਰ ਵਿਖੇ ਗੁਜ਼ਾਰੀ। ਆਪ ਸੰਤ ਸੁਭਾਅ ਅਤੇ ਗੰਭੀਰ ਵਿਚਾਰਾਂ ਵਾਲੇ ਨਿੱਡਰ ਅਤੇ ਤਿਆਗੀ ਸਨ। ਗੁਰਮਤਿ ਦੀ ਵਿਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ, ਘੋੜ ਸਵਾਰੀ ਵਿਚ ਵੀ ਨਿਪੁੰਨ ਸਨ। ਗੁਰੂ ਹਰਗੋਬਿੰਦ ਜੀ ਵਲੋਂ ਲੜੀ ਕਰਤਾਰਪੁਰ ਦੀ ਜੰਗ ਵਿਚ ਆਪ ਨੇ ਤੇਗ ਦੇ ਅਜਿਹੇ ਜੌਹਰ ਵਿਖਾਏ ਕਿ ਤੇਗ ਬਹਾਦਰ ਜੀ ਦਾ ਖਿਤਾਬ ਹਾਸਲ ਕਰ ਲਿਆ। ਆਪ ਜੀ ਦਾ ਵਿਆਹ ਕਰਤਾਰਪੁਰ, ਜਲੰਧਰ ਨਿਵਾਸੀ ਲਾਲ ਚੰਦ ਜੀ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਇਨਾਂ ਦੀ ਕੁੱਖੋਂ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਹੋਇਆ।

ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵਸੇ ਗਰਾਮ ਬਕਾਲੇ' ਦਾ ਇਸ਼ਾਰਾ ਕੀਤਾ। ਇਸ ਨੂੰ ਇਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਗਏ। ਮੱਖਣ ਸ਼ਾਹ ਲੁਬਾਣਾ ਸਿੱਖ ਨੇ ਭੇਦ ਖੋਲਿਆ ਤਾਂ 20 ਮਾਰਚ, 1665 ਨੂੰ ਆਪ ਗੁਰੂ ਪ੍ਰਗਟ ਹੋਏ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭੇ ਅਤੇ ਅਨੰਦਪੁਰ ਨਗਰ ਵਸਾਇਆ। ਸਮੇਂ ਦੇ ਮੁਗਲ ਹਾਕਮ ਔਰੰਗਜੇਬ ਨੇ ਜਬਰੀ ਧਰਮ ਪਰਿਵਰਤਨ ਦੀ ਖੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਨੂੰ ਜਬਰੀ ਮੁਸਲਮਾਨ ਬਣਾਉਣ ਲਈ ਤਸ਼ੱਦਦ ਢਾਹੁੰਦਾ ਸੀ। ਉਸ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਫਰਿਆਦ ਕੀਤੀ ਕਿ ਸਾਡੇ ਧਰਮ ਦੀ ਰੱਖਿਆ ਕਰੋ। ਤਦ ਗੁਰੂ ਜੀ ਨੇ ਸਰਕਾਰੀ ਜ਼ੁਲਮ ਵਿਰੁਧ ਆਵਾਜ਼ ਉਠਾਈ। ਉਨਾਂ ਕਿਹਾ ਕਿ ਨਾ ਕਿਸੇ ਨੂੰ ਡਰਾਉ, ਨਾ ਕਿਸੇ ਤੋਂ ਡਰੋ। ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫਤਾਰ ਕਰ ਲਿਆ ਗਿਆ। ਗੁਰੂ ਜੀ ਦੇ ਸਾਥੀਆਂ ਭਾਈ ਮਤੀ ਦਾਸ, ਭਾਈ ਦਿਆਲਾ ਤੇ ਭਾਈ ਸਤੀ ਦਾਸ ਜੀ ਨੂੰ ਵੀ ਗੁਰੂ ਜੀ ਦੇ ਨਾਲ ਜੇਲ ਵਿਚ ਰੱਖਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਜੀ ਨੂੰ ਮੁਸਲਮਾਨ ਬਣਨ ਦੇ ਲਾਲਚ, ਫਿਰ ਡਰਾਵੇ ਅਤੇ ਕਤਲ ਕਰਨ ਦੀ ਧਮਕੀ ਦਿੱਤੀ ਗਈ। ਮੌਤ ਦਾ ਦਹਿਸ਼ਤ ਵਿਖਾਉਣ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜ ਕੇ ਸ਼ਹੀਦ ਕੀਤਾ। ਪਰ ਗੁਰੂ ਜੀ ਅਡੋਲ ਰਹੇ। ਇਹ ਅਣਮਨੁੱਖੀ ਤਸ਼ੱਦਦ ਵੀ ਗੁਰੂ ਜੀ ਦੇ ਨਿਸ਼ਚੇ ਨੂੰ ਡੋਗ ਨਾ ਸਕਿਆ।

ਅੰਤ ਨਵੰਬਰ 11, 1675 ਨੂੰ ਚਾਂਦਨੀ ਚੌਕ ਦਿੱਲੀ ਵਿਚ ਸੀਸ ਕੱਟ ਕੇ ਸ਼ਹੀਦ ਕੀਤਾ। ਜਿੱਥੇ ਗੁਰਦੁਆਰਾ ਸੀਸ ਗੰਜ ਦਿੱਲੀ ਸੁਸ਼ੋਭਿਤ ਹੈ। ਔਰੰਗਜੇਬ ਦਾ ਹੁਕਮ ਸੀ ਕਿ ਗੁਰੂ ਜੀ ਨੂੰ ਖਤਮ ਕਰਕੇ ਜਿਸਮ ਦੇ ਟੁਕੜਿਆਂ ਨੂੰ ਸ਼ਹਿਰ ਵਿਚ ਲਟਕਾਇਆ ਜਾਵੇ। ਔਰੰਗਜੇਬ ਦੇ ਇਸ ਜ਼ੁਲਮ ਨੂੰ ਵੇਖ ਕੇ ਲੋਕ ਕਰਾਹ ਉਠੇ ਕਿ ਇਕ ਸੰਤ ਨੂੰ ਕਿਵੇਂ ਸ਼ਹੀਦ ਕੀਤਾ ਹੈ। ਲੋਕਾਂ ਵਿਚ ਭਗਦੜ ਮਚ ਗਈ। ਸ਼ਰਧਾਲੂ ਸਿੱਖ ਭਾਈ ਜੈਤਾ (ਜੀਵਨ ਸਿੰਘ ਰੰਗਰੇਟਾ) ਨੇ ਗੁਰੂ ਜੀ ਦੇ ਸੀਸ ਨੂੰ ਸਾਂਭ ਕੇ ਅਨੰਦਪੁਰ ਸਾਹਿਬ ਪਹੁੰਚਾਇਆ। ਉਥੇ ਸੀਸ ਦਾ ਸਸਕਾਰ ਕੀਤਾ ਜਿੱਥੇ ਗੁਰਦੁਆਰਾ ਸੀਸਗੰਜ ਅਨੰਦਪੁਰ ਸਾਹਿਬ ਸੁਸ਼ੋਭਿਤ ਹੈ। ਭਾਈ ਜੈਤਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗਲ਼ ਨਾਲ ਲਾ ਕੇ ਰੰਗਰੇਟਾ ਗੁਰੂ ਕਾ ਬੇਟਾ ਵਰ ਦਿੱਤਾ। ਭਾਈ ਲੱਖੀ ਸ਼ਾਹ ਵਣਜਾਰਾ ਅਤੇ ਭਾਈ ਉਦੋ ਜੀ ਨੇ ਵਿਉਂਤ ਲਗਾ ਕੇ ਗੁਰੂ ਜੀ ਦਾ ਧੜ ਇਕ ਰੂੰ ਦੇ ਲੱਦੇ ਗੱਡੇ ਵਿਚ ਬੜੀ ਜੁਗਤ ਨਾਲ ਸੰਭਾਲ ਲਿਆ। ਵਣਜਾਰਾ ਨੇ ਧੜ ਦਾ ਸਸਕਾਰ ਆਪਣਾ ਘਰ ਸਾੜ ਕੇ ਕੀਤਾ, ਜਿੱਥੇ ਗਰਦੁਆਰਾ ਰਕਾਬ ਗੰਜ ਦਿੱਲੀ ਸ਼ੁਸੋਭਿਤ ਹੈ। ਨਵੰਬਰ 11, 1675 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਸਵੇਂ ਗੁਰੂ ਵਜੋਂ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਲਈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰ : ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 59 ਸ਼ਬਦ ਅਤੇ ਸਲੋਕ 15 ਰਾਗਾਂ ਵਿਚ ਦਰਜ ਹਨ। ਕਿ ਇਹ ਜੱਗ ਦੀ ਰਚਨਾ ਪ੍ਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿਚ ਉਹ ਆਪ ਹੀ ਵਸਦਾ ਹੈ।

ਕਾਹੇ ਰੇ ਮਨ ਖੋਜਨ ਜਾਈ। ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ।

ਸੁੱਖ ਦੀ ਪ੍ਰਾਪਤੀ ਲਈ ਯਤਨ ਕਰਦਾ ਹੋਰ ਦੁੱਖ ਭੋਗਦਾ ਹੈ। ਉਹੀ ਹੁੰਦਾ ਹੈ ਜੋ ਹਰੀ ਨੂੰ ਭਾਉਂਦਾ ਹੈ।

**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨਾ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥**

ਦੁਨਿਆਵੀ ਸੁੱਖਾਂ ਵਿਚ ਫਸਿਆ ਮਨੁੱਖ ਪ੍ਰਮਾਤਮਾ ਨੂੰ ਭੁੱਲ ਜਾਂਦਾ ਹੈ। ਸਾਰੇ ਸੁੱਖ ਪ੍ਰਮਾਤਮਾ ਦੇ ਹੀ ਦਿੱਤੇ ਹੋਏ ਹਨ। ਦੁਨਿਆਵੀ ਪਦਾਰਥਾਂ ਨੇ ਹੱਥੋਂ ਖੁਸ ਜਾਣਾ ਹੈ ਜਿਸ ਵੇਲੇ ਕਾਲ ਨੇ ਗਲ਼ ਫਾਹੀ ਪਾ ਕੇ ਲੈ ਜਾਣਾ ਹੈ। ਮਨ ਮਾਇਆ ਮਧਿ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ। ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਤ। ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸ ਨਹਿ ਉਚਰੈ। ਆਪ ਜਪੁ ਤਪ ਅਤੇ ਕੁਰਬਾਨੀ ਦੇ ਪੁੰਜ ਸਨ।

---

# ਭਗਤ ਧੰਨਾ ਜੀ

- ਰਮੇਸ਼ ਬੱਗਾ ਚੋਹਲਾ
94631-32719

ਮੱਧ ਕਾਲ ਵਿਚ ਉੱਭਰੀ ਭਗਤੀ ਲਹਿਰ ਨੇ ਮਨੁੱਖ ਦੇ ਅਧਿਆਤਮਕ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ। ਇਸ ਲਹਿਰ ਨਾਲ ਜੁੜੇ ਭਗਤ ਆਪਣੀ ਭਗਤੀ-ਭਾਵਨਾ ਸਦਕਾ ਅਕਾਲ ਪੁਰਖ ਦੀ ਕਿਰਪਾ ਦੇ ਵਿਸ਼ੇਸ਼ ਪਾਤਰ ਰਹੇ। ਇਲਾਕਾਈ ਅਤੇ ਭਾਸ਼ਾਈ ਹੱਦਬਸਤ ਤੋਂ ਉਪਰ ਉੱਠ ਕੇ ਵਿਚਰਨ ਵਾਲੇ ਇਹ ਮਹਾਂਪੁਰਖ ਆਪਣੀ ਸਰਬ ਕਲਿਆਣੀ ਸੋਚ ਸਦਕਾ ਆਪਸੀ ਭਾਈਚਾਰੇ ਅਤੇ ਬਰਾਬਰਤਾ ਦੇ ਹਾਮੀ ਰਹੇ। ਅਥਾਹ ਸ਼ਰਧਾ ਅਤੇ ਦ੍ਰਿੜ ਇਰਾਦੇ ਦੇ ਮਾਲਕ ਇਨ੍ਹਾਂ ਭਗਤਾਂ ਨੇ ਆਪਣੀ ਰੂਹ ਨੂੰ ਰੱਬੀ ਰੰਗ ਵਿਚ ਰੰਗ ਕੇ ਅਜਿਹੇ ਵੱਡਮੁੱਲੇ ਅਤੇ ਪਵਿੱਤਰ ਬਚਨ ਉਚਾਰਨ ਕੀਤੇ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਕੋਈ ਵੀ ਵਿਅਕਤੀ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੁਹੇਲਾ ਬਣਾ ਸਕਦਾ ਹੈ। ਸਮਾਜਿਕ ਅਤੇ ਸਭਿਆਚਾਰਕ ਵਖਰੇਵੇਂ ਦੇ ਬਾਵਜੂਦ ਇਨ੍ਹਾਂ ਭਗਤਾਂ ਦੀ ਟੇਕ ਹਮੇਸ਼ਾ ਅਕਾਲ ਪੁਰਖ ਤੇ ਰਹੀ। ਇਸ ਟੇਕ ਸਦਕਾ ਹੀ ਇਹ ਭਗਤ ਉਸ ਪਰਮ ਪਿਤਾ ਨਾਲ ਇਕਸੁਰ ਹੁੰਦੇ ਰਹੇ। ਸੋਚ ਪੱਖੋਂ ਉੱਚੇ ਅਤੇ ਵਿਹਾਰ ਪੱਖੋਂ ਸੁੱਚੇ ਇਨ੍ਹਾਂ ਭਗਤਾਂ ਦੀ ਚਾਲ ਸੰਸਾਰੀਆਂ ਨਾਲੋਂ ਕੁੱਝ ਨਿਰਾਲੀ ਬਣੀ ਰਹੀ। ਇਸ ਚਾਲ ਦੀ ਗਵਾਹੀ ਤੀਸਰੇ ਗੁਰੂ ਅਮਰਦਾਸ ਜੀ ਆਪਣੀ ਬਾਣੀ ਆਨੰਦ ਸਾਹਿਬ ਦੀ 14ਵੀਂ ਪਾਉੜੀ ਵਿਚ ਇਸ ਤਰ੍ਹਾਂ ਭਰਦੇ ਹਨ:

ਭਗਤਾ ਕੀ ਚਾਲ ਨਿਰਾਲੀ

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥ (ਅੰਗ-918)

ਇਸ ਨਿਰਾਲੀ ਚਾਲ ਕਾਰਨ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਆਉਂਦਾ ਰਿਹਾ ਹੈ। ਇਨ੍ਹਾਂ ਬਿਖਮ ਮਾਰਗ ਦੇ ਪਾਂਧੀ ਭਗਤਾਂ ਨੂੰ ਜਦੋਂ ਕਦੇ ਸੰਸਾਰੀ ਲੋਕਾਂ ਨੇ ਸਤਾਉਣ ਜਾਂ ਅਜਮਾਉਣ ਦਾ ਕੋਈ ਕੋਝਾ ਯਤਨ ਕੀਤਾ ਤਾਂ ਆਪਣੇ ਪਿਆਰੇ ਭਗਤਾਂ ਦੀ ਬਾਂਹ ਪ੍ਰਭੂ ਨੇ ਅੱਗੇ ਹੋ ਕੇ ਆਪ ਫੜੀ। ਇਸ ਗੱਲ ਨੂੰ ਤਸਦੀਕ ਕਰਦੇ ਹੋਏ ਗੁਰੂ ਰਾਮਦਾਸ ਜੀ ਇੰਝ ਫੁਰਮਾਉਂਦੇ ਹਨ:

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥

ਸਿਦਕਦਿਲੀ ਅਤੇ ਸਮਰਪਣ ਦੀ ਭਾਵਨਾ ਨਾਲ ਕੀਤੀ ਪ੍ਰੇਮਾ-ਭਗਤੀ ਜਦੋਂ ਆਪਣੀ ਸਿਖ਼ਰ ਛੋਹ ਜਾਂਦੀ ਹੈ ਤਾਂ ਉਸ ਵੇਲੇ ਰੱਬ ਨੂੰ ਵੀ ਇਨ੍ਹਾਂ ਭਗਤਾਂ ਦੀ ਗੁਲਾਮੀ ਕਰਨੀ ਪੈ ਜਾਂਦੀ ਹੈ। ਅਜਿਹੀ ਹੀ ਗੁਲਾਮੀ ਰੱਬ ਨੂੰ ਧੰਨੇ ਭਗਤ ਦੀ ਵੀ ਕਰਨੀ ਪਈ ਸੀ ਜਦੋਂ ਉਸ ਨੇ ਆਪਣੇ ਭੋਲੇਪਨ ਅਤੇ ਦ੍ਰਿੜ ਵਿਸ਼ਵਾਸ ਨਾਲ ਉਸ ਨੂੰ ਆਪਣਾ ਸੱਜਣ ਬਣਾ ਲਿਆ ਸੀ।

ਜੱਟਕੀ ਜ਼ਿੱਦ ਤੇ ਅਟੱਲ ਭਰੋਸਤਾ ਨਾਲ ਰੱਬੀ ਬਖ਼ਸ਼ਿਸ਼ ਦਾ ਪਾਤਰ ਬਣਨ ਵਾਲੇ ਅਤੇ ਇਸ ਬਖ਼ਸ਼ਿਸ਼ ਦੀ ਬਦੌਲਤ ਆਪਣੇ ਖੇਤਾਂ ਦੇ ਨੱਕੇ ਮੁੜਵਾਉਣ ਵਾਲੇ ਭਗਤ ਧੰਨਾ ਜੀ ਦਾ ਜਨਮ 20 ਅਪਰੈਲ 1416 ਨੂੰ ਰਾਜਸਥਾਨ ਦੇ ਟਾਂਕ ਇਲਾਕੇ ਦੇ ਪਿੰਡ ਧੁਆਨ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਭਾਈ ਭੋਲਾ ਅਤੇ ਮਾਤਾ ਦਾ ਨਾਂ ਧੰਨੋ ਸੀ। ਭਗਾਤ ਧੰਨਾ ਦਾ ਸ਼ੁਮਾਰ ਉਨ੍ਹਾਂ ਸਿਦਕਵਾਨਾਂ ਵਿਚ ਕੀਤਾ ਜਾਂਦਾ ਹੈ ਜਿਹੜੇ ਆਪਣਾ ਹੱਥ ਕਾਰ (ਕਿਰਤ) ਵੱਲ ਅਤੇ ਦਿਲ ਯਾਰ (ਪ੍ਰਭੂ) ਵੱਲ ਲਗਾਈ ਰੱਖਦੇ ਹਨ। ਇਸ ਲਗਨ ਸਦਕਾ ਉਨ੍ਹਾਂ ਨੇ ਉਸ ਪਰਮ ਪਿਤਾ ਦੇ ਨਾ ਸਿਰਫ ਦਰਸ਼ਨ ਹੀ ਕੀਤੇ ਸਗੋਂ ਉਸ ਨੂੰ ਆਪਣੇ ਕੰਮ-ਕਾਜ ਦਾ ਹਿੱਸਾ ਵੀ ਬਣਾ ਲਿਆ। ਭਗਤ ਧੰਨਾ ਜੀ ਨਾਲ ਜੁੜੇ ਸਾਖੀ-ਸਾਹਿਤ ਨੂੰ ਪੜ੍ਹਨ ਤੋਂ ਬਾਅਦ ਜਿਹੜੀਆਂ ਗੱਲਾਂ ਪ੍ਰਮੁੱਖ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀਆਂ ਹਨ, ਉਨ੍ਹਾਂ ਅਨੁਸਾਰ ਬਚਪਨ ਸਮੇਂ ਤੋਂ ਧਾਰਮਿਕ ਰੁਚੀਆਂ ਰੱਖਣ ਵਾਲੇ ਭਗਤ ਧੰਨਾ ਜੀ ਦਾ ਜੀਵਨ ਬਹੁਤ ਹੀ ਸਾਦਾ ਅਤੇ ਸੰਘਰਸ਼ਮਈ ਸੀ। ਇੱਕ ਦਿਨ ਉਨ੍ਹਾਂ ਨੇ ਇੱਕ ਪੰਡਿਤ ਨੂੰ ਠਾਕੁਰ ਦੀ ਪੂਜਾ ਕਰਦੇ ਹੋਏ ਬੜੇ ਧਿਆਨ ਨਾਲ ਦੇਖਿਆ। ਦੇਖਣ ਮਗਰੋਂ ਭਗਤ ਜੀ ਦੇ ਮਨ ਵਿਚ ਵੀ ਪੂਜਾ ਦੀ ਇੱਛਾ ਪ੍ਰਚੰਡ ਹੋ ਗਈ। ਆਪਣੀ ਇਸ ਪ੍ਰਚੰਡਿਤ ਇੱਛਾ ਕਾਰਨ ਉਨ੍ਹਾਂ ਨੇ ਉਸ ਪੰਡਿਤ ਤੋਂ ਠਾਕੁਰ ਦੀ ਮੰਗ ਕੀਤੀ। ਬਦਲੇ ਵਿਚ ਉਸ ਪੰਡਿਤ ਨੇ ਭਗਤ ਜੀ ਨੂੰ ਕੁੱਝ ਦੁਨਿਆਵੀ ਵਸਤਾਂ ਦਕਸ਼ਣਾ ਦੇ ਰੂਪ ਵਿਚ ਦੇਣ ਲਈ ਕਿਹਾ, ਜੋ ਭਗਤ ਜੀ ਨੇ ਸਹਿਜ ਨਾਲ ਹੀ ਦੇਣੀਆਂ ਪ੍ਰਵਾਨ ਕਰ ਲਈਆਂ। ਇਸ ਸਮਝੌਤੇ ਤੋਂ ਬਾਅਦ ਉਸ ਚੁਸਤ ਅਤੇ ਲਾਲਚੀ ਪੰਡਿਤ ਨੇ ਇਕ ਸਾਧਾਰਨ ਪੱਥਰ ਭਗਤ ਧੰਨਾ ਜੀ ਦੇ ਸਪੁਰਦ ਕਰ ਦਿੱਤਾ। ਸਿਦਕੀ ਭਾਵਨਾ ਅਤੇ ਸੱਚੀ ਲਗਨ ਵਾਲੇ ਭਗਤ ਨੇ ਉਸ ਸਾਧਾਰਨ ਪੱਥਰ (ਭਗਵਾਨ ਸਮਝ ਕੇ) ਦਾ ਇਸ਼ਨਾਨ ਕਰਾ ਕੇ ਉਸ ਦੀ ਪੂਜਾ ਕੀਤੀ ਅਤੇ ਉਸ ਨੂੰ ਪ੍ਰਸ਼ਾਦੇ-ਪਾਣੀ ਨੂੰ ਭੋਗ ਲਗਾਉਣ ਲਈ ਕਿਹਾ। ਪੱਥਰ ਵੱਲੋਂ ਕੋਈ ਹੁੰਗਾਰਾ ਨਾ ਮਿਲਦਾ ਦੇਖ ਕੇ ਭਗਤ ਜੀ ਨੇ ਆਪ ਵੀ ਕੁੱਝ ਖਾਣ ਤੋਂ ਇਨਕਾਰ ਕਰ ਦਿੱਤਾ। ਭਗਤ ਧੰਨਾ ਜੀ ਦੇ ਇਸ ਹੱਠ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਤੇਰ੍ਹਵੀਂ ਪਾਉੜੀ ਵਿਚ ਇਸ ਤਰ੍ਹਾਂ ਭਰੀ ਹੈ:

ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।
ਹਉਂ ਭੀ ਮੁਹੁ ਨ ਜਠਾਲਸਾਂ ਤੂ ਰੁਠਾ ਮੈ ਕਿਹੁ ਨਾ ਸੁਖਾਵੈ।
ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ।

ਗੁਰੂ ਅਰਜਨ ਦੇਵ ਜੀ ਬਸੰਤ ਰਾਗ ਦੇ ਇੱਕ ਸ਼ਬਦ ਵਿਚ ਜਿਥੇ ਹੋਰ ਬਹੁਤ ਸਾਰੇ ਭਗਤਾਂ ਦੀ ਕਰੜੀ ਕਮਾਈ ਦਾ ਜ਼ਿਕਰ ਕਰਦੇ ਹਨ, ਉਥੇ ਹੀ ਭਗਤ ਧੰਨਾ ਜੀ ਨੂੰ ਧੰਨੈ ਸੇਵਿਆ ਬਾਲ ਬੁਧਿ ਕਹਿ ਕੇ ਉਨ੍ਹਾਂ ਦੇ ਪ੍ਰਭੂ-ਮਿਲਾਪ ਦਾ ਹਵਾਲਾ ਵੀ ਦਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਅੰਗ 487 ਉਪਰ ਸੁਸ਼ੋਭਿਤ ਆਪਣੇ ਇਕ ਹੋਰ ਪਾਵਨ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਵਿਚ ਪੰਜਵੇਂ ਗੁਰੂ ਫਰਮਾਉਂਦੇ ਹਨ:

ਇਹ ਬਿਧਿ ਸੁਨਿ ਕੇ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥

ਗੁਰੂ ਅਰਜਨ ਦੇਵ ਇਨ੍ਹਾਂ ਪੰਕਤੀਆਂ ਰਾਹੀਂ ਇਹ ਸੰਕੇਤ ਦੇ ਰਹੇ ਹਨ ਕਿ ਭਗਤ ਧੰਨਾ ਜੀ ਨੇ ਇਸ ਗੱਲ ਨੂੰ ਭਲੀ-ਭਾਂਤ ਸਮਝ ਲਿਆ ਸੀ ਕਿ ਪਰਮਾਤਮਾ ਨੂੰ ਹਿਰਦੇ ਵਿਚ ਵਸਾਉਣ ਨਾਲ ਜਿਥੇ ਉਸ ਤੋਂ ਪੂਰਵਕਾਲੀ ਭਗਤਾਂ (ਨਾਮਦੇਵ, ਰਵਿਦਾਸ ਅਤੇ ਸੈਣ ਆਦਿ) ਨੇ ਰੱਬੀ ਪਿਆਰ ਨੂੰ ਹਾਸਲ ਕਰ ਲਿਆ ਸੀ, ਤਾਂ ਭਗਤੀ ਦੀ ਇਹ ਵਿਧੀ ਉਸ ਨੂੰ ਵੀ ਪਰਮੇਸ਼ਰ ਤੱਕ ਪਹੁੰਚਾ ਸਕਦੀ ਹੈ। ਉਸ ਦੀ ਇਸ ਸਮਰਪਣ ਦੀ ਭਾਵਨਾ ਵਾਲੀ ਭਗਤੀ ਨੇ ਉਸ ਨੂੰ ਪ੍ਰਭੂ ਦੇ ਦਰਸ਼ਨ-ਦੀਦਾਰੇ ਕਰਵਾ ਦਿੱਤੇ। ਗੱਲ ਸਿਰਫ ਦਰਸ਼ਨ-ਦੀਦਾਰੇ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਪ੍ਰਭੂ ਨੇ ਆਪਣੇ ਪਿਆਰੇ ਅਤੇ ਨਿਆਰੇ ਭਗਤ ਦੇ ਕਾਰਜ ਵੀ ਆਪਣੇ ਜ਼ਿੰਮੇ ਲੈ ਲਏ। ਗੋਪਾਲ ਵੱਲੋਂ ਨਿਭਾਏ ਜਾ ਰਹੇ ਇਸ ਜ਼ਿੰਮੇ ਨੂੰ ਦੇਖ ਕੇ ਹੀ ਭਗਤ ਧੰਨਾ ਜੀ ਉਚਾਰਦੇ ਹਨ:

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥1॥ ਰਹਾਉ॥

ਭਗਤ ਧੰਨਾ ਜੀ ਦੀ ਧੰਨਤਾ ਇਸ ਗੱਲ ਵਿਚ ਵੀ ਹੈ ਕਿ ਜਿਥੇ ਕੁੱਝ ਧਾਰਮਿਕ ਰਹਿਬਰ ਔਰਤ ਨੂੰ ਭਗਤੀ-ਮਾਰਗ ਲਈ ਬਾਧਾ ਮਹਿਸੂਸਦੇ ਹਨ, ਉੱਥੇ ਉਹ ਧੜੱਲੇ ਨਾਲ ਆਖ ਰਹੇ:

ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥

ਔਰਤ ਜਾਤੀ ਅਤੇ ਕਿਰਤ ਪ੍ਰਤੀ ਅਜਿਹੀ ਸਤਿਕਾਰਤ ਤੇ ਨੇਕ ਸੋਚ ਰੱਖਣ ਵਾਲੇ ਭਗਤ ਧੰਨਾ ਜੀ ਦਾ ਸਤਿਕਾਰ ਕਰਦਿਆਂ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਸਾਹਿਬ 'ਚ ਭਗਤ ਧੰਨਾ ਦੇ ਤਿੰਨ ਪਵਿੱਤਰ ਸ਼ਬਦ ਸ਼ਾਮਿਲ ਕੀਤੇ।

ਭਗਤੀ ਲਹਿਰ ਦੇ ਪ੍ਰਮੁੱਖ ਭਗਤ ਧੰਨਾ ਜੀ ਆਪਣੀ ਧਾਰਮਿਕ ਤੇ ਸਮਾਜਿਕ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ 15 ਦਸੰਬਰ 1502 ਨੂੰ ਪਰਲੋਕ ਸਿਧਾਰ ਗਏ। ਉਨ੍ਹਾਂ ਦੀ ਭਗਤੀ-ਭਾਵਨਾ ਜਿਥੇ ਪਖੰਡਵਾਦ ਤੋਂ ਨਿਰਲੇਪ ਹੈ, ਉੱਥੇ ਸੱਚੀ ਤੇ ਸੁੱਚੀ ਕਿਰਤ ਕਰਦਿਆਂ ਕਰਤਾਰ ਨਾਲ ਜੁੜਨ ਦੀ ਉੱਤਮ ਮਿਸਾਲ ਵੀ ਹੈ।

# ਗੁਰਦੁਆਰਾ ਪੰਜਾ ਸਾਹਿਬ

**- ਪਰਮਿੰਦਰ ਪਾਲ ਸਿੰਘ ਖਾਲਸਾ**

ਗੁਰਦੁਆਰਾ ਪੰਜਾ ਸਾਹਿਬ, ਨਨਕਾਣਾ ਸਾਹਿਬ ਤੋਂ 420 ਕਿਲੋਮੀਟਰ ਤੇ ਲਾਹੌਰ ਤੋਂ 350 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਰੇਲ ਗੱਡੀ ਰਾਹੀਂ ਪੰਜਾ ਸਾਹਿਬ ਵੱਲ ਜਾਂਦਿਆਂ ਗੁੱਜਰਾਂਵਾਲਾ, ਰਾਵਲਪਿੰਡੀ, ਇਸਲਾਮਾਬਾਦ ਤੇ ਹੋਰ ਕਈ ਸ਼ਹਿਰ ਰਸਤੇ ਵਿੱਚ ਆਉਂਦੇ ਹਨ। ਪੰਜਾ ਸਾਹਿਬ ਦਾ ਪਹਿਲਾ ਨਾਂ ਹਸਨ ਅਬਦਾਲ ਸੀ। ਇਸ ਸ਼ਹਿਰ ਦੀ ਧਰਤੀ 'ਤੇ ਗੁਰੂ ਨਾਨਕ ਦੇਵ ਜੀ ਨੇ 1521 ਈਸਵੀ ਵਿੱਚ ਚਰਨ ਪਾਏ ਸਨ। ਜਦੋਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਇਸ ਜਗ੍ਹਾ 'ਤੇ ਪੁੱਜੇ ਤਾਂ ਇੱਥੇ ਪਾਣੀ ਦੀ ਬਹੁਤ ਘਾਟ ਸੀ। ਜਦੋਂ ਭਾਈ ਮਰਦਾਨੇ ਨੂੰ ਪਿਆਸ ਮਹਿਸੂਸ ਹੋਈ ਤਾਂ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਉੱਪਰ ਪਹਾੜੀ 'ਤੇ ਜਾ ਕੇ ਪਾਣੀ ਪੀ ਆਉਣ। ਉਸ ਵੇਲੇ ਪਹਾੜੀ 'ਤੇ ਮੁਸਲਮਾਨ ਪੀਰ ਵਲੀ ਕੰਧਾਰੀ ਰਹਿੰਦਾ ਸੀ, ਜਿਸ ਨੇ ਬਹੁਤ ਸਾਰਾ ਪਾਣੀ ਇਕੱਠਾ ਕੀਤਾ ਹੋਇਆ ਸੀ ਤੇ ਸਾਰੇ ਇਲਾਕੇ ਨੂੰ ਉਹੀ ਪਾਣੀ ਦਿੰਦਾ ਸੀ। ਜਦੋਂ ਭਾਈ ਮਰਦਾਨਾ 3-4 ਕਿਲੋਮੀਟਰ ਦਾ ਸਫ਼ਤ ਤੈਅ ਕਰ ਕੇ ਉੱਪਰ ਪਹਾੜੀ 'ਤੇ ਵਲੀ ਕੰਧਾਰੀ ਕੋਲ ਪੁੱਜੇ ਤਾਂ ਉਨ੍ਹਾਂ ਉਸ ਕੋਲੋਂ ਪਾਣੀ ਦੀ ਮੰਗ ਕੀਤੀ। ਇਸ 'ਤੇ ਉਹ ਕਹਿਣ ਲੱਗਾ ਕਿ ਉਸ ਕੋਲ ਅਜੇ ਸਮਾਂ ਨਹੀਂ ਹੈ, ਕੁਝ ਸਮਾਂ ਰੁਕ ਕੇ ਆਉਣਾ। ਭਾਈ ਮਰਦਾਨਾ ਵਾਪਸ ਆ ਗਏ। ਗੁਰੂ ਨਾਨਕ ਦੇਵ ਜੀ ਦੇ ਕਹਿਣ 'ਤੇ ਭਾਈ ਮਰਦਾਨਾ ਦੂਜੀ ਵਾਰ ਗਏ ਪਰ ਵਲੀ ਕੰਧਾਰੀ ਨੇ ਪਾਣੀ ਨਹੀਂ ਦਿੱਤਾ। ਜਦੋਂ ਗੁਰੂ ਜੀ ਦੇ ਕਹਿਣ 'ਤੇ ਭਾਈ ਮਰਦਾਨਾ ਤੀਜੀ ਵਾਰ ਵਲੀ ਕੰਧਾਰੀ ਕੋਲ ਗਏ ਤਾਂ ਉਸ ਨੇ ਗੁੱਸੇ ਵਿੱਚ ਆ ਕੇ ਉਨ੍ਹਾਂ ਨੂੰ ਮੰਦਾ-ਚੰਗਾ ਬੋਲਿਆ ਤੇ ਕਿਹਾ, "ਜੇ ਤੇਰਾ ਬਾਬਾ ਇਨਾ ਵੱਡਾ ਪੀਰ ਹੈ ਤਾਂ ਉਹ ਪਾਣੀ ਆਪ ਕਿਉਂ ਨਹੀਂ ਪੈਦਾ ਕਰ ਲੈਂਦਾ।" ਭਾਈ ਮਰਦਾਨਾ ਨਿਰਾਸ਼ ਹੋ ਕੇ ਮੁੜ ਆਏ ਤੇ ਗੁਰੂ ਨਾਨਕ ਦੇਵ ਜੀ ਨੂੰ ਸਾਰੀ ਗੱਲ ਦੱਸੀ।।ਗੁਰੂ ਜੀ ਉਨ੍ਹਾਂ ਨੂੰ ਇੱਕ ਪੱਥਰ ਪਾਸੇ ਕਰਨ ਲਈ ਕਿਹਾ। ਜਦੋਂ ਭਾਈ ਮਰਦਾਨੇ ਨੇ ਪੱਥਰ ਪਾਸੇ ਕੀਤਾ ਤਾਂ ਉੱਥੇ ਪਾਣੀ ਦਾ ਚਸ਼ਮਾ ਫੁੱਟ ਪਿਆ। ਭਾਈ ਮਰਦਾਨੇ ਨੇ ਰੱਜ ਕੇ ਪਾਣੀ ਪੀਤਾ ਤੇ ਇਸ ਦੇ ਨਾਲ ਹੀ ਵਲੀ ਕੰਧਾਰੀ ਵੱਲੋਂ ਇਕੱਠਾ ਕੀਤਾ ਸਾਰਾ ਪਾਣੀ ਥੱਲੇ ਆ ਗਿਆ। ਉਸ ਨੇ ਗੁੱਸੇ ਵਿੱਚ ਆ ਕੇ ਇੱਕ ਵੱਡਾ ਪੱਥਰ ਹੇਠਾਂ ਨੂੰ ਰੇੜ ਦਿੱਤਾ। ਪੱਥਰ ਨੂੰ ਆਉਂਦਾ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਂਹ ਉੱਚੀ ਕਰ ਕੇ ਪੰਜੇ ਨਾਲ ਰੋਕ ਦਿੱਤਾ। ਹੁਣ ਵਲੀ ਕੰਧਾਰੀ ਦਾ ਸਾਰਾ ਭਰਮ ਟੁੱਟ ਚੁੱਕਾ ਸੀ ਤੇ ਉਹ ਹੇਠਾਂ ਆ ਕੇ ਗੁਰੂ ਜੀ ਦੇ ਚਰਨੀਂ ਡਿੱਗਾ ਤੇ ਮੁਆਫ਼ੀ ਮੰਗ ਕੇ ਸੇਵਕ ਬਣ ਗਿਆ। ਉਸ ਵੱਡੇ ਪੱਥਰ ਵਿੱਚ ਅੱਜ ਵੀ ਗੁਰੂ ਜੀ ਦਾ ਪੰਜਾ ਮੌਜੂਦ ਹੈ ਤੇ ਸੰਗਤਾਂ ਬੜੇ ਸਤਿਕਾਰ ਨਾਲ ਉਸ ਦੇ ਦਰਸ਼ਨ ਕਰਦੀਆਂ ਹਨ। ਇਸ ਸਥਾਨ ਦੀ ਸੇਵਾ ਪਹਿਲਾਂ ਹਰੀ ਸਿੰਘ ਨਲੂਆ ਨੇ ਕਰਵਾਈ ਸੀ। ਮਹਾਰਾਜਾ ਰਣਜੀਤ ਸਿੰਘ ਵੀ ਇੱਥੇ ਦਰਸ਼ਨ ਕਰਨ ਆਏ ਸਨ। ਇੱਥੇ ਤਿੰਨ ਮੰਜ਼ਿਲਾ ਇਮਾਰਤ ਹੈ। ਪਹਿਲੀ ਮੰਜ਼ਿਲ ਤਲਾਅ ਵਿੱਚ ਘਿਰੀ ਹੋਈ ਹੈ, ਦੂਜੀ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਅਤੇ ਤੀਜੀ ਮੰਜ਼ਿਲ 'ਤੇ ਸੱਚਖੰਡ ਬਣਿਆ ਹੋਇਆ ਹੈ। ਗੁਰਦੁਆਰੇ ਦੀ ਅੰਦਰਲੀ ਹਦੂਦ ਵਿੱਚ ਕਮਰੇ ਤੇ ਬਰਾਂਡੇ ਬਣੇ ਹੋਏ ਹਨ ਜਿਨਾਂ ਵਿੱਚ ਸੰਗਤਾਂ ਨਿਵਾਸ ਕਰਦੀਆਂ ਹਨ।।ਪੰਜਾ ਲੱਗਾ ਹੋਇਆ ਪੱਥਰ ਗੁਰਦੁਆਰੇ ਤੇ ਹੋਰ ਇਮਾਰਤਾਂ ਤੋਂ ਬਹੁਤ ਨੀਵਾਂ ਤਲਾਅ ਵਿੱਚ ਹੈ। ਸੰਗਤਾਂ ਤਲਾਅ ਵਿੱਚ ਇਸ਼ਨਾਨ ਕਰ ਕੇ ਪੰਜਾ ਸਾਹਿਬ ਦੇ ਦਰਸ਼ਨ ਕਰਦੀਆਂ ਹਨ। ਇਸ ਗੁਰਦੁਆਰੇ ਵਿੱਚ ਸਾਲ ਵਿੱਚ ਚਾਰ ਵਾਰ ਸੰਗਤਾਂ ਜੁੜਦੀਆਂ ਹਨ ਤੇ ਵਿਸਾਖੀ 'ਤੇ ਮੇਲਾ ਲੱਗਦਾ ਹੈ। ਗੁਰਦੁਆਰੇ ਵਿੱਚ ਸੰਗਤਾਂ ਦੇ ਠਹਿਰਨ, ਇਸ਼ਨਾਨ ਘਰ ਆਦਿ ਦੀ ਸਹੂਲਤ ਹੈ। ਸੰਗਤ ਵਾਸਤੇ ਖੁੱਲੇ ਲੰਗਰ ਚੱਲਦੇ ਹਨ।



# ਜੰਗ ਜਮਰੌਦ ਦੀ

**- ਡਾ. ਵਨੀਤਾ ਨਲਵਾ**

ਹਰੀ ਸਿੰਘ ਨਲਵਾ ਕੋਲ ਸੁਮੇਰਗੜ ਕਿਲੇ ਵਿੱਚ 10,000 ਫ਼ੌਜ ਸੀ। ਇਹ ਅਫ਼ਗਾਨਾਂ ਦੀ ਫ਼ੌਜ ਤੋਂ ਬਹੁਤ ਘੱਟ ਸੀ। ਸੁਮੇਰਗੜ ਦਾ ਕਿਲਾ ਬੜਾ ਵੱਡਾ ਤੇ ਮਜ਼ਬੂਤ ਸੀ। ਜੇ ਹਰੀ ਸਿੰਘ, ਮਹਾਰਾਜੇ ਦੇ ਆਦੇਸ਼ ਮੁਤਾਬਕ ਚਲਦਾ ਤਾਂ ਉਹ ਆਰਾਮ ਨਾਲ ਇਸ ਕਿਲੇ ਵਿੱਚ ਡਟਿਆ ਰਹਿੰਦਾ ਕਿਉਂਕਿ ਸਾਰੀ ਅਫ਼ਗਾਨ ਫ਼ੌਜ ਇਸ ਕਿਲੇ 'ਤੇ ਕਬਜ਼ਾ ਨਹੀਂ ਸੀ ਕਰ ਸਕਦੀ। ਇਸ ਤੋਂ ਇਲਾਵਾ ਹਰੀ ਸਿੰਘ ਨੇ ਆਪਣਾ ਤੋਪਖ਼ਾਨਾ ਅਲੀ ਮਰਦਾਨ ਦੀ ਛੋਟੀ ਪਹਾੜੀ ਉਪਰ ਤਾਇਨਾਤ ਕੀਤਾ ਹੋਇਆ ਸੀ। ਉਹਨੇ ਸੁਮੇਰਗੜ ਨੂੰ ਸੰਭਾਲਣ ਵਾਸਤੇ 600 ਬੰਦੇ ਪਿੱਛੇ ਛੱਡੇ ਅਤੇ ਬਾਕੀ ਫ਼ੌਜ ਲੈ ਕੇ ਜਮਰੌਦ ਵੱਲ ਮਹਾਂ ਸਿੰਘ ਦੀ ਮਦਦ ਵਾਸਤੇ ਕੂਚ ਕੀਤਾ। ਹਰੀ ਸਿੰਘ ਨਲਵਾ, ਦੋਸਤ ਮੁਹੰਮਦ ਦੀ ਫ਼ੌਜ ਨੂੰ 'ਖ਼ੈਬਰ' ਦੇ ਮੂੰਹ 'ਤੇ ਹੀ ਦਲੇਰੀ ਤੇ ਬਹਾਦਰੀ ਨਾਲ ਟੱਕਰ ਲੈ ਕੇ ਰੋਕਣਾ ਚਾਹੁੰਦਾ ਸੀ। ਉਸ ਦੀ ਮਸ਼ਹੂਰੀ ਇੱਕ ਸਫ਼ਲ ਕਮਾਂਡਰ ਦੇ ਤੌਰ 'ਤੇ ਸੀ ਅਤੇ ਉਹਦੇ ਮੈਦਾਨ ਵਿੱਚ ਆਉਣ ਨਾਲ ਹੀ ਜੰਗ ਦਾ ਰੁਖ਼ ਬਦਲ ਜਾਣਾ ਸੀ। ਹਰੀ ਸਿੰਘ ਨਲਵੇ ਨੂੰ ਪਤਾ ਸੀ ਕਿ ਉਹ ਸੁਮੇਰਗੜ ਵਿੱਚ ਟਿਕ ਕੇ ਲਾਹੌਰ ਤੋਂ ਆਉਣ ਵਾਲੀਆਂ ਫ਼ੌਜਾਂ ਦਾ ਇੰਤਜ਼ਾਰ ਕਰਨ ਲੱਗ ਪਿਆ ਤਾਂ ਅਫ਼ਗਾਨ ਜਮਰੌਦ ਦੇ ਕਿਲੇ ਵਿੱਚ ਬੈਠੇ ਖ਼ਾਲਸਾ ਰਾਜ ਦੇ ਬੰਦੇ ਕਤਲ ਕਰਕੇ ਆਲੇ-ਦੁਆਲੇ ਦੇ ਪਿੰਡ ਤਬਾਹ ਕਰ ਦੇਣਗੇ ਤੇ ਵਸਨੀਕਾਂ ਨੂੰ ਕਤਲ ਕਰ ਦੇਣਗੇ। ਜੇ ਅਜਿਹਾ ਹੋਇਆ ਤਾਂ ਅਫ਼ਗਾਨਾਂ ਲਈ 'ਅਟਕ' ਦਾ ਰਾਹ ਖੁੱਲ ਜਾਵੇਗਾ। ਅਫ਼ਗਾਨ, ਖ਼ਾਲਸਾ ਫ਼ੌਜ ਵੱਲੋਂ ਵੱਡੀਆਂ ਕੁਰਬਾਨੀਆਂ ਦੇ ਕੇ ਜਿੱਤੇ ਹੋਏ ਨਾਰਥ ਵੈਸਟ ਫ਼ਰੰਟੀਅਰ ਦੇ ਇਲਾਕੇ ਨੂੰ ਮੁੜ ਆਪਣੇ ਕਬਜ਼ੇ ਵਿੱਚ ਕਰ ਲੈਣਗੇ।

ਜਰਨੈਲ ਹਰੀ ਸਿੰਘ ਨੇ ਮੌਕੇ ਦੇ ਹਾਲਾਤ ਭਲੀ-ਭਾਂਤ ਸਮਝ ਕੇ, ਜਮਰੌਦ ਜਾ ਕੇ ਅਫ਼ਗਾਨਾਂ ਨਾਲ ਟੱਕਰ ਲੈਣੀ ਖ਼ਾਲਸਾ ਰਾਜ ਦੇ ਹੱਕ ਵਿੱਚ ਠੀਕ ਸਮਝੀ। ਹਰੀ ਸਿੰਘ ਨਲਵੇ ਦਾ ਦਬਦਬਾ, ਦਲੇਰੀ, ਬਹਾਦਰੀ ਤੇ ਫ਼ੌਜੀ ਸੂਝ-ਬੂਝ ਤੋਂ ਅਫ਼ਗਾਨ ਘਬਰਾਉਂਦੇ ਸਨ। ਉਹ ਖ਼ਾਲਸਾ ਫ਼ੌਜ ਦੇ ਇਸ ਨਿਰਭੈ ਜਰਨੈਲ ਤੋਂ ਕਈ ਵਾਰੀ ਮਾਤ ਖਾ ਚੁੱਕੇ ਸਨ। ਹਰੀ ਸਿੰਘ ਨਲਵਾ ਜਮਰੌਦ, ਪਿਸ਼ਾਵਰ ਅਤੇ ਨਾਰਥ ਵੈਸਟ ਫ਼ਰੰਟੀਅਰ ਵਾਲੇ ਇਲਾਕੇ ਦੀ ਖ਼ਾਲਸਾ ਰਾਜ ਲਈ ਅਹਿਮੀਅਤ ਸਮਝਦਾ ਸੀ। ਉਹਨੂੰ ਪਤਾ ਸੀ ਕਿ ਸਾਹਮਣੇ ਅਫ਼ਗਾਨਾਂ ਦੀ ਬਹੁਤ ਵੱਡੀ ਫ਼ੌਜ ਹੈ ਜੋ ਖ਼ਾਲਸਾ ਫ਼ੌਜ ਤੋਂ ਕਈ ਗੁਣਾ ਵੱਧ ਹੈ। ਇਸ ਵੇਲੇ ਮਰਨ-ਮਾਰਨ ਤੇ ਕੁਰਬਾਨੀ ਦਾ ਸਮਾਂ ਆ ਗਿਆ ਹੈ। ਜਰਨੈਲ ਹਰੀ ਸਿੰਘ ਨਲਵਾ ਜਾਨ ਤਲੀ 'ਤੇ ਰੱਖ ਕੇ ਖ਼ਾਲਸਾ ਫ਼ੌਜ ਨਾਲ ਲੈ ਜਮਰੌਦ ਵੱਲ ਚੱਲ ਪਿਆ। ਉਹ ਲਾਹੌਰ ਦੇ ਹਾਲਾਤ ਨੂੰ ਸਮਝਦਾ ਸੀ ਤੇ ਉਹਨੂੰ ਪਤਾ ਸੀ ਕਿ ਨੌਨਿਹਾਲ ਸਿੰਘ ਦੀ ਸ਼ਾਦੀ ਦੇ ਜਸ਼ਨਾਂ ਉਪਰੰਤ ਤੁਰਨ ਵਾਲੀ ਫ਼ੌਜ ਜਮਰੌਦ ਪਹੁੰਚਣ ਤਕ ਅਫ਼ਗਾਨ ਇਲਾਕੇ ਜਿੱਤ ਕੇ ਆਪਣੇ ਅਧੀਨ ਕਰ ਚੁੱਕੇ ਹੋਣਗੇ। ਇਸ ਕਰਕੇ ਹੁਣ ਹੀ ਸਮਾਂ ਹੈ ਪਠਾਣ ਫ਼ੌਜਾਂ ਨਾਲ ਟੱਕਰ ਲੈ ਕੇ ਉਨ੍ਹਾਂ ਨੂੰ ਰੋਕਣ ਦਾ।

ਅਫ਼ਗਾਨ 30 ਅਪਰੈਲ 1837 ਦੀ ਸਵੇਰ ਨੂੰ ਜਮਰੌਦ ਦਾ ਕਿਲਾ ਘੇਰ ਕੇ ਸਮਝ ਰਹੇ ਸਨ ਕਿ ਜਿੱਤ ਉਨ੍ਹਾਂ ਦੀ ਹੈ ਕਿ ਅਚਾਨਕ ਲੜਾਈ ਦੇ ਮੈਦਾਨ ਵਿੱਚ ਹਰੀ ਸਿੰਘ ਨਲਵਾ ਪੁੱਜ ਗਿਆ। ਹਰੀ ਸਿੰਘ ਨਲਵੇ ਕੋਲ ਸੱਤ ਬਟਾਲੀਅਨ ਇਨਫ਼ੈਂਟਰੀ ਸੀ ਤੇ 4,500 ਘੁੜਸਵਾਰ ਸਨ। ਉਸ ਕੋਲ ਵੱਖ-ਵੱਖ ਆਕਾਰ ਦੀਆਂ 25 ਤੋਪਾਂ ਸਨ। ਇਸ ਫ਼ੌਜ ਵਿੱਚ ਦੋ ਬਟਾਲੀਅਨ ਅਤੇ 4,000 ਘੁੜਸਵਾਰ ਜਮਾਂਦਾਰ ਖ਼ੁਸ਼ਾਲ ਸਿੰਘ ਦੇ ਸਨ ਜਿਨਾਂ ਬਾਰੇ ਉਹਨੂੰ ਭਰੋਸਾ ਨਹੀਂ ਸੀ ਕਿਉਂਕਿ ਜਮਾਂਦਾਰ ਉਹਦੇ ਖ਼ਿਲਾਫ਼ ਸੀ।

ਜਰਨੈਲ ਹਰੀ ਸਿੰਘ ਨਲਵੇ ਦੀਆਂ ਫ਼ੌਜਾਂ ਨੇ ਦੁਸ਼ਮਣ ਦੀਆਂ ਤਿੰਨ ਤੋਪਾਂ ਕਬਜ਼ੇ ਵਿੱਚ ਲੈ ਲਈਆਂ ਅਤੇ ਅਫ਼ਗਾਨਾਂ ਦੇ ਪੈਰ ਮੁਕੰਮਲ ਤੌਰ 'ਤੇ ਉਖਾੜ ਦਿੱਤੇ। ਮੁੱਲਾਂ ਮੁਹੰਮਦ ਖ਼ਾਨ, ਨਾਇਬ ਅਮੀਰ ਅਖੂੰਡਜ਼ਾਦਾ ਅਤੇ ਨਾਇਬ ਜ਼ਰੀਨ ਖ਼ਾਨ ਦੇ ਪੈਰ ਉੱਖੜ ਗਏ। ਉਨ੍ਹਾਂ ਦੀ ਫ਼ੌਜ ਜ਼ਖ਼ਮੀ ਅਫ਼ਗਾਨ ਸਰਦਾਰਾਂ ਨੂੰ ਮੈਦਾਨ ਵਿੱਚ ਹੀ ਛੱਡ ਕੇ ਤਿੱਤਰ-ਬਿੱਤਰ ਹੋ ਗਈ। ਬਾਕੀ ਅਫ਼ਗਾਨ ਡਵੀਜ਼ਨਾਂ ਵਿੱਚ ਵੀ ਭਾਜੜ ਪੈ ਗਈ। ਸਿਰਫ਼ ਮੁਹੰਮਦ ਅਫ਼ਜ਼ਲ ਖ਼ਾਨ ਮੈਦਾਨ ਵਿੱਚ ਟਿਕਿਆ ਰਿਹਾ। ਦੋਸਤ ਮੁਹੰਮਦ ਦਾ ਛੋਟਾ ਪੁੱਤਰ ਮੁਹੰਮਦ ਹੈਦਰ ਖ਼ਾਨ ਮੈਦਾਨ ਵਿੱਚੋਂ ਭੱਜ ਗਿਆ। ਦੋਸਤ ਮੁਹੰਮਦ ਦੇ ਦੂਜੇ ਪੁੱਤਰ ਤੇ ਨਵਾਬ ਜੱਬਾਰ ਖ਼ਾਨ ਹਾਲੇ ਪਹਾੜਾਂ



ਵਿੱਚ ਲੁਕੇ ਹੋਏ ਸਨ। ਪਹਾੜੀਆਂ ਵਿੱਚ ਲੁਕਿਆ ਹੋਇਆ ਮੁਹੰਮਦ ਅਕਬਰ ਖ਼ਾਨ ਆਪਣੇ ਸਾਹਮਣੇ ਸਿੱਖ ਫ਼ੌਜ ਦੀ ਟੁਕੜੀ ਦੇਖ ਕੇ ਲੜਨ ਨੂੰ ਵਧਿਆ ਪਰ ਟਿਕ ਨਾ ਸਕਿਆ। ਇਸ ਘਮਾਸਾਨ ਲੜਾਈ ਵਿੱਚ ਖ਼ਾਲਸਾ ਫ਼ੌਜ ਦੀ ਮੁੱਢਲੀ ਜਿੱਤ ਹੋਈ। ਮਿਸਰ ਹਰੀ ਚੰਦ ਲਿਖਦਾ ਹੈ:

**ਜ਼ੋਏ- ਜ਼ਾਹਰਾ ਰਹੇ ਨਾ ਜ਼ਰਾ ਕਾਇਮ, ਐਸਾ ਸਿੱਖਾਂ ਪਠਾਣਾਂ ਨੂੰ ਡੇਗਿਆ ਜੀ।**
**ਹਰੀ ਸਿੰਘ ਸਰਦਾਰ ਤਲਵਾਰ ਫੜਕੇ, ਮੂੰਹ ਸੈਆਂ ਪਠਾਣਾਂ ਦਾ ਰੇਗਿਆ ਜੀ।**
**ਅਫ਼ਜ਼ਲ ਖ਼ਾਨ ਪਠਾਣ ਦਲੇਰ ਯਾਰੋ, ਮੂੰਹ ਫੇਰ ਕੇ ਲੜਨ ਤੋਂ ਸੰਗਿਆ ਜੀ।**
**ਕਾਦਰਯਾਰ ਉਹ ਛਡ ਮੈਦਾਨ ਗਿਆ, ਦਰਾ ਜਾ 'ਖ਼ੈਬਰ' ਵਾਲਾ ਲੰਘਿਆ ਜੀ।।।**

**(Misr Hari Chand urf Qadaryaar, late AIth cent: Siharfi Teeji, AHB)**

ਉਸ ਦਿਨ ਦੀ ਜੰਗ ਦੇ ਹਾਲਾਤ ਬਾਰੇ ਕਈ ਵੇਰਵੇ ਮਿਲਦੇ ਹਨ। ਇੱਕ ਵੇਰਵੇ ਅਨੁਸਾਰ ਜਿਸ ਵੇਲੇ ਜਰਨੈਲ ਹਰੀ ਸਿੰਘ ਨਲਵਾ ਆਪਣੀਆਂ ਫ਼ੌਜਾਂ ਨੂੰ ਵੰਗਾਰ ਕੇ ਹੌਸਲਾ ਦੇ ਕੇ ਮੁੜ ਲੜਾਈ ਵਿੱਚ ਪਹੁੰਚਿਆ ਤਾਂ ਉਸ ਵੇਲੇ ਦੋ ਗੋਲੀਆਂ ਨਲਵਾ ਸਰਦਾਰ ਨੂੰ ਲੱਗੀਆਂ— ਇੱਕ ਵੱਖੀ ਵਿੱਚ ਤੇ ਦੂਜੀ ਪੇਟ ਵਿੱਚ। ਸਰਦਾਰ ਅਤਿ ਦਾ ਜ਼ਖ਼ਮੀ ਹੋ ਗਿਆ ਤੇ ਘੋੜਾ ਮੋੜ ਕੇ ਕਿਲੇ ਨੂੰ ਆ ਗਿਆ। ਉੱਥੇ ਮਹਾਂ ਸਿੰਘ ਤੇ ਬਾਕੀਆਂ ਨੇ ਰਲ ਕੇ ਘੋੜੇ ਤੋਂ ਉਤਾਰਿਆ ਤੇ ਦੇਖ-ਭਾਲ ਸ਼ੁਰੂ ਕੀਤੀ। ਉਹਦੇ ਜ਼ਖ਼ਮ ਖ਼ਤਰੇ ਵਾਲੇ ਸਨ ਤੇ ਬਹੁਤ ਖ਼ੂਨ ਵਗ ਰਿਹਾ ਸੀ। ਮੈਦਾਨ-ਏ-ਜੰਗ ਤੋਂ ਕਿਲੇ ਵਿੱਚ ਪਹੁੰਚ ਕੇ ਜਰਨੈਲ ਬਹੁਤ ਦੇਰ ਨਹੀਂ ਜੀ ਸਕਿਆ। ਮਰਨ ਤੋਂ ਪਹਿਲਾਂ ਉਹਨੇ ਮਹਾਂ ਸਿੰਘ ਨੂੰ ਸਖ਼ਤ ਹਦਾਇਤ ਕੀਤੀ ਕਿ ਉਸ ਦੀ ਮੌਤ ਦੀ ਖ਼ਬਰ ਬਾਹਰ ਨਾ ਨਿਕਲਣ ਦੇਵੇ ਜਦੋਂ ਤਕ ਲਾਹੌਰ ਤੋਂ ਫ਼ੌਜਾਂ ਮਦਦ ਲਈ ਨਹੀਂ ਪਹੁੰਚ ਜਾਂਦੀਆਂ ਸਨ। ਮਰਨ ਉਪਰੰਤ ਹਰੀ ਸਿੰਘ ਨਲਵਾ ਦਾ ਉਸੇ ਰਾਤ ਹੀ ਕਿਲੇ ਵਿੱਚ ਸਸਕਾਰ ਕਰ ਦਿੱਤਾ ਗਿਆ। ਅਫ਼ਗਾਨਾਂ ਨੇ ਮੰਨਿਆ ਕਿ ਖ਼ਾਲਸਾ ਫ਼ੌਜ ਵੱਲੋਂ ਉਹ ਉਸ ਦਿਨ ਪਛਾੜੇ ਗਏ। ਖ਼ਾਲਸਾ ਫ਼ੌਜ ਦੀ ਜਿੱਤ ਵਿੱਚ ਉਨ੍ਹਾਂ ਦੇ ਕਮਾਂਡਰ ਹਰੀ ਸਿੰਘ ਨਲਵੇ ਨੂੰ ਸ਼ਹਾਦਤ ਪ੍ਰਾਪਤ ਹੋਈ। ਜਰਨੈਲ ਹਰੀ ਸਿੰਘ ਦੀ ਸ਼ਹਾਦਤ ਬਾਰੇ ਕਵੀ ਲਿਖਦਾ ਹੈ:

**ਜਾਂ ਕੋ ਸੁਨ ਨਾਮ, ਓ ਬਹਾਦੁਰੀ ਕੇ ਕਾਮ,**
**ਦੇਖ ਨੀਤ ਪ੍ਰੀਤ ਸ਼ਾਮ, ਸਭ ਮੁਗ਼ਲ ਠਹਿਰਾਏ ਜਾਤ।**
**ਧਿਆਵਤ ਜੀਆ ਤੇ, ਜੋਊ ਬੀਰ ਸੁਨ ਪਾਤੇ,**
**ਉਪਮਾ ਦੁਸ਼ਮਨ ਭੀ ਗਾਤੇ, ਦੇਖ ਸੁਧ ਵਿਸਰਾਏ ਜਾਤ।**
**ਦਸਮ ਗੁਰੂ ਜੀ ਪਿਆਰੇ, ਬੀਰ ਰਸ ਕੇ ਸੰਵਾਰੇ,**
**ਸੱਤ ਧਰਮ ਰਖਵਾਰੇ, ਕਰੁਨਾ ਰਸੁ ਵਰਸਾਏ ਜਾਤ।**
**ਗਏ ਜਗਤ ਹੂੰ ਕੋ ਛੋੜ, ਏਸ ਠੌਕਰੇ ਕੋ ਫ਼ੋੜ,**
**ਮਹਾਰਾਜ ਹਰਿਦੇ ਤੋੜ, ਹਰੀ ਹਰ ਪਦ ਪਾਏ ਜਾਤ।।।**

(Amar Singh, 1903: 142)

ਇਹ ਸਫ਼ਲਤਾ ਏਨੀ ਵੱਡੀ ਸੀ ਕਿ ਹਰੀ ਸਿੰਘ ਨਲਵਾ ਨੂੰ ਮਾਰਨ ਲਈ ਦੋ ਅੰਗਰੇਜ਼ ਤੇ ਇੱਕ ਅਮਰੀਕੀ ਇਸ ਦਾ ਸਿਹਰਾ ਆਪਣੇ ਸਿਰ ਬੰਨਾਉਂਦੇ ਹਨ। ਅੰਗਰੇਜ਼ ਕੰਪਨੀ ਦੀ ਮਿਲਟਰੀ ਦਾ ਅਫ਼ਸਰ 'ਫ਼ਾਸਟ' ਲਿਖਦਾ ਹੈ ਕਿ ਉਹਨੇ ਅਕਬਰ ਖ਼ਾਨ ਨੂੰ ਖ਼ਬਰ ਦਿੱਤੀ ਸੀ ਕਿ ਪਿਸ਼ਾਵਰ ਵੱਲ ਸਿੱਖ ਫ਼ੌਜ ਦੀ ਗਿਣਤੀ ਥੋੜੀ ਹੈ ਤੇ ਉਹ ਇਸ ਮੌਕੇ ਦਾ ਫਾਇਦਾ ਉਠਾ ਸਕਦਾ ਹੈ। ਇੱਕ ਅਮਰੀਕੀ 'ਮਿਸਟਰ ਹਾਰਲਨ' ਨੇ ਸੰਨ 1831 ਵਿੱਚ ਖ਼ਾਲਸਾ ਸਰਕਾਰ ਦੀ ਨੌਕਰੀ ਹਾਸਲ ਕੀਤੀ ਪਰ ਉਹ ਬਹੁਤ ਦਗਾਬਾਜ਼ੀ ਤੇ ਬਦਤਮੀਜ਼ੀ ਕਰਦਾ ਸੀ। ਮਹਾਰਾਜਾ ਸਾਹਿਬ ਨੇ ਹੁਕਮ ਦਿੱਤਾ ਕਿ ਇਸ ਨੂੰ ਨੰਗੇ ਪੈਰ ਸ਼ਹਿਰ ਵਿੱਚੋਂ ਬਾਹਰ ਕੱਢ ਦੇਵੋ। ਇਸ ਅਮਰੀਕੀ ਨੇ ਕਾਬੁਲ ਜਾ ਕੇ ਦੋਸਤ ਮੁਹੰਮਦ ਕੋਲ ਨੌਕਰੀ ਕਰ ਲਈ ਅਤੇ ਸੌਂਹ ਖਾਧੀ ਕਿ ਉਹ ਅਫ਼ਗਾਨ ਫ਼ੌਜ ਲਿਜਾ ਕੇ ਖ਼ਾਲਸਾ ਸਰਕਾਰ ਤੋਂ ਬਦਲਾ ਲਵੇਗਾ। ਜਮਰੌਦ ਦੀ ਲੜਾਈ ਤੋਂ ਬਾਅਦ ਉਸ ਨੇ ਸ਼ੇਖੀ ਮਾਰੀ ਕਿ ਉਸ ਨੇ ਆਪਣਾ ਬਦਲਾ ਲੈ ਲਿਆ ਹੈ।

ਖ਼ਾਲਸਾ ਫ਼ੌਜ ਨੇ ਆਪਣੇ ਨਾਲੋਂ ਘੱਟੋ-ਘੱਟ ਪੰਜ ਗੁਣਾਂ ਅਫ਼ਗਾਨ ਫ਼ੌਜ ਦਾ ਮੁਕਾਬਲਾ ਕੀਤਾ ਅਤੇ ਧੋਖੇ ਤੇ ਸਾਜ਼ਿਸ਼ਾਂ ਦੇ ਬਾਵਜੂਦ ਜਮਰੌਦ ਤੇ ਪਿਸ਼ਾਵਰ ਹੱਥੋਂ ਨਹੀਂ ਜਾਣ ਦਿੱਤੇ। ਹਰੀ ਸਿੰਘ ਨਲਵਾ ਦੇ ਨਾਂ ਦੇ ਡਰ ਨੇ ਅਫ਼ਗਾਨਾਂ ਨੂੰ ਦੋ ਹਫ਼ਤੇ ਤਕ ਅੱਗੇ ਵਧਣ ਤੋਂ ਰੋਕੀ ਰੱਖਿਆ। ਇਸ ਤੋਂ ਬਾਅਦ ਅਫ਼ਗਾਨ ਆਪਣੀ ਸਾਰੀ ਫ਼ੌਜ ਅੱਗੇ ਲਿਜਾਣ ਦੀ ਬਜਾਏ ਪਿੱਛੇ ਪਰਤ ਗਏ। ਖ਼ਾਲਸਾ ਕੈਂਪ ਤੇ ਅਫ਼ਗਾਨ ਕੈਂਪ ਵਿੱਚ ਵੀ ਸਾਜ਼ਿਸ਼ਾਂ ਸਨ।

24 ਅਪ੍ਰੈਲ ਨੂੰ ਗੁਰੂ ਅੰਗਦ ਦੇਵ ਜੀ ਪ੍ਰਕਾਸ਼ ਗੁਰਪੁਰਬ ‘ਤੇ ਵਿਸ਼ੇਸ਼

# ਸ੍ਰੀ ਗੁਰੂ ਅੰਗਦ ਦੇਵ ਜੀ ਜੀਵਨ ਅਤੇ ਸ਼ਖ਼ਸ਼ੀਅਤ

- ਵਿਕਰਮਜੀਤ ਸਿੰਘ ਤਿਹਾੜਾ

98555 34961

ਸ੍ਰੀ ਗੁਰੂ ਅੰਗਦ ਦੇਵ ਜੀ ਦੂਜੇ ਸਿੱਖ ਗੁਰੂ ਹੋਏ, ਜਿੰਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਅੱਗੇ ਵਧਾਇਆ। ਗੁਰੂ ਨਾਨਕ ਸਾਹਿਬ ਦਾ ਮਾਰਗ ਨਿਵੇਕਲਾ ਹੈ, ਜੋ ਸੰਸਾਰ ਨੂੰ ਭਰਮਾਂ ਅਤੇ ਸੰਸਿਆਂ ਵਿੱਚੋਂ ਕੱਢ ਕੇ ਸੱਚ ਨਾਲ ਜੋੜਨਾ ਵਾਲਾ ਹੈ। ਜਿਸ ਵਿੱਚ ਫੋਕਟ ਕਰਮ-ਕਾਂਢਾਂ ਅਤੇ ਦਿਖਾਵਿਆ ਲਈ ਕੋਈ ਥਾਂ ਨਹੀਂ। ਜਿਸ ਵਿੱਚ ਮਨੁੱਖ ਲਈ ਮਨੁੱਖਤਾ ਦਾ ਅਹਿਸਾਸ ਹੈ ਅਤੇ ਮਨੁੱਖੀ ਕਦਰਾਂ-ਕੀਮਤਾਂ ਲਈ ਸਤਿਕਾਰ। ਇਕ ਪ੍ਰਮਾਤਮਾ ਦੀ ਹੋਂਦ ਵਿੱਚ ਵਿਸ਼ਵਾਸ ਨਾਲ ਏਕਤਾ ਅਤੇ ਉਸ ਦੀ ਭਗਤੀ ਦੁਆਰਾ ਜੀਵਨ ਮੁਕਤੀ ਦਾ ਮਾਰਗ ਪ੍ਰਾਪਤ ਹੈ। ਐਸੇ ਮਹਾਨ ਉਦੇਸ਼ ਦੀ ਪ੍ਰਾਪਤੀ ਵਿੱਚ ਗੁਰੂ ਅੰਗਦ ਦੇਵ ਜੀ ਨੇ ਅਹਿਮ ਯੋਗਦਾਨ ਪਾਇਆ। ਗੁਰੂ ਨਾਨਕ ਸਾਹਿਬ ਦਾ ਅੰਗ ਹੋਣਾ ਅਤੇ ਵਾਰਿਸ ਬਣਨਾ ਉਹਨਾਂ ਦੇ ਹਿੱਸੇ ਆਇਆ ਜੋ ਉਹਨਾਂ ਦੀ ਮਹਾਨ ਜੀਵਨ ਸ਼ੈਲੀ ਅਤੇ ਜਾਚ ਦਾ ਤੱਤ ਹੈ। ਇਸ ਲਈ ਉਹਨਾਂ ਦਾ ਜੀਵਨ-ਦਰਸ਼ਨ ਮਨੁੱਖ ਨੂੰ ਜੀਵਨ ਦੇ ਸਹੀ ਅਰਥਾਂ ਤੋਂ ਜਾਣੂ ਕਰਵਾਉਂਦਾ ਹੈ।

ਮਾਰਚ 1504 ਈ. ਨੂੰ ਮੱਤੇ ਦੀ ਸਰਾਂ (ਸਰਾਏ ਨਾਂਗਾ) ਵਿੱਚ ਪਿਤਾ ਸ੍ਰੀ ਫੇਰੂ ਮੱਲ ਜੀ ਦੇ ਘਰ ਭਾਈ ਲਹਿਣਾ ਜੀ ਦਾ ਪ੍ਰਕਾਸ਼ ਹੋਇਆ । ਉਹਨਾਂ ਦੇ ਨਾਮ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਕੁਝ ਲੈਣ ਅਤੇ ਖੱਟਣ ਲਈ ਇਸ ਸੰਸਾਰ ਵਿੱਚ ਆਏ ਸਨ ।ਸਾਰਾ ਪਰਿਵਾਰ ਮੱਤੇ ਕੀ ਸਰਾਂ ਤੋਂ ਹਰੀਕੇ, ਹਰੀਕੇ ਤੋਂ ਸੰਘਰ ਅਤੇ ਸੰਘਰ ਤੋਂ ਖਡੂਰ ਸਾਹਿਬ ਆ ਵੱਸਿਆ ।ਭਾਈ ਲਹਿਣਾ ਜੀ ਦਾ ਵਿਆਹ ਸੰਘਰਕੋਟ ਵਾਸੀ ਸ੍ਰੀ ਦੇਵੀ ਚੰਦ ਦੀ ਧੀ ਮਾਤਾ ਖੀਵੀ ਜੀ ਨਾਲ ਹੋਇਆ ।ਪਿਤਾ ਫੇਰੂਮੱਲ ਜੀ ਦੇਵੀ ਦੇ ਉਪਾਸ਼ਕ ਸਨ ਅਤੇ 1523 ਈ. ਵਿੱਚ ਪਿਤਾ ਫੇਰੂ ਮੱਲ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਭਾਈ ਲਹਿਣਾ ਜੀ ਦੇਵੀ ਦੇ ਦਰਸ਼ਨਾਂ ਨੂੰ ਸੰਗ ਲੈ ਕੇ ਜਾਣ ਲੱਗੇ । ਏਨੀ ਘਾਲਣਾ ਤੋਂ ਬਾਅਦ ਅਜੇ ਵੀ ਉਹਨਾਂ ਨੂੰ ਸਕੂਨ ਨਹੀਂ ਸੀ ਮਿਲਿਆ । ਇੱਕ ਦਿਨ ਭਾਈ ਜੋਧ ਜੀ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਬਾਣੀ ਸੁਣੀ । ਰੂਹ ਨੂੰ ਝੰਜੋੜ ਕੇ ਰੱਖ ਦਿੱਤਾ । ਚੈਨ ਮਿਲਿਆ ਅਤੇ ਨਵੇਂ ਸਫਰ ਦੀ ਸ਼ੁਰੂਆਤ ਆਰੰਭ ਹੋ ਗਈ । ਗੁਰੂ ਨਾਨਕ ਸਾਹਿਬ ਦੀ ਬਾਣੀ ਨੇ ਰੂਹ ਨੂੰ ਮੌਲਣ ਲਗਾ ਦਿੱਤਾ । ਹੁਣ ਉਹਨਾਂ ਨੂੰ ਇੱਕੋ ਤਾਂਘ ਰਹਿ ਗਈ ਸੀ ਕਿ ਗੁਰੂ ਸਾਹਿਬ ਜੀ ਦੇ ਦਰਸ਼ਨ ਹੋ ਜਾਣ ? ਸਬੱਬ ਬਣਿਆ ਇਕ ਦਿਨ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਦੀਦਾਰ ਲਈ ਕਰਤਾਰਪੁਰ ਜਾ ਪਹੁੰਚੇ । ਗੁਰੂ ਨਾਨਕ ਸਾਹਿਬ ਆਪ ਅੱਗੋ ਲੈਣ ਲਈ ਆਏ।

ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨਾਂ ਨਾਲ ਉਹ ਨਿਹਾਲ ਹੋ ਗਏ ਅਤੇ ਉਹਨਾਂ ਦੇ ਹੀ ਹੋ ਕੇ ਰਹਿ ਗਏ ।ਉਹਨਾਂ ਗੁਰੂ ਨਾਨਕ ਸਾਹਿਬ ਨੂੰ ਸਮਝਿਆ, ਉਹਨਾਂ ਦੇ ਉਦੇਸ਼ (ਮਿਸ਼ਨ) ਨੂੰ ਜਾਣਿਆ ਅਤੇ ਉਸ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ। ਕਈ ਪਰੀਖਿਆਵਾਂ ਵੀ ਹੋਈਆਂ। ਜਿਵੇਂ ਨਦੀਂਨ ਦੀ ਪੰਡ ਚੁੱਕਣਾ, ਮੁਰਦਾ ਖਾਣਾ, ਅੱਤ ਦੀ ਸਰਦੀ ’ਚ ਕੱਪੜੇ ਧੋਣਾ, ਚਿੱਕੜ ’ਚੋਂ ਕੌਲ ਕੱਢਣਾ ਆਦਿ ਉਹ ਸਫ਼ਲ ਹੋਏ। ਉਹ ਗੁਰੂ ਨਾਨਕ ਸਾਹਿਬ ਦੇ ਸੱਚੇ ਸੇਵਕ ਬਣੇ। ਗੁਰੂ ਨਾਨਕ ਸਾਹਿਬ ਜੀ ਵੀ ਇਨਕਲਾਬੀ ਸਨ। ਉਹਨਾਂ ਜਾਣ ਲਿਆ ਕਿ ਇਹ ਸੇਵਕ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਹੈ। ਉਹਨਾਂ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਣ ਵਾਲਾ। ਉਹਨਾਂ ਪਰੰਪਰਾ ਅਨੁਸਾਰ ਆਪਣਾ ਉਤਰਾਧਿਕਾਰੀ ਆਪਣੇ ਪੁੱਤਰ ਨੂੰ ਨਹੀਂ ਚੁਣਿਆ। ਕਿਉਂ ਕਿ ਜੋ ਯੋਗ ਹੈ ਉਹ ਅਧਿਕਾਰੀ ਹੈ। ਇਹ ਚੱਲਦੇ ਵਹਾਅ ਦਾ ਰੁੱਖ ਮੋੜਨਾ ਸੀ। ਇਹੀ ਸਿੱਖੀ ਹੈ। ਇਹ ਗੁਰੂ ਨਾਨਕ ਸਾਹਿਬ ਦਾ ਧਰਮ ਹੈ ਕਿ ਤੋੜ ਦਿਓ ਬੰਧਨਾਂ ਨੂੰ ਅਤੇ ਤੋੜ ਦਿਓ ਪੈਰੀਂ ਪਈਆਂ ਉਹਨਾਂ ਜ਼ੰਜ਼ੀਰਾਂ ਨੂੰ ਜਿੰਨਾਂ ਨੇ ਮਨੁੱਖ ਨੂੰ ਮਨੁੱਖ ਤੋਂ ਦੂਰ ਕੀਤਾ ਹੋਇਆ। ਗੁਰੂ ਜੀ ਨੇ ਉਸ ਨੂੰ ਚੁਣਿਆ ਜੋ ਯੋਗ ਸੀ। ਜੋ ਹੱਕਦਾਰ ਸੀ ਅਤੇ ਲੈਣ ਵਾਲਾ ਸੀ-। ਭਾਈ ਲਹਿਣਾ। ਜਿੰਨਾਂ ਨੂੰ ਗੁਰੂ ਨਾਨਕ ਸਾਹਿਬ ਨੇ ਗੁਰਿਆਈ ਦੇ ਕੇ ਗੁਰੂ ਅੰਗਦ ਬਣਾ ਦਿੱਤਾ। ਭਾਵ ਉਹਨਾਂ ਦਾ ਅੰਗ। ਸਰੀਰ ਬਦਲ ਗਿਆ। ਜੋਤ ਉਹੀ ਰਹੀ। ਉਦੇਸ਼ ਵੀ ਉਹੀ। ਭਾਈ ਲਹਿਣਾ ਤੋਂ ਗੁਰੂ ਅੰਗਦ ਬਣ ਗੁਰੂ ਨਾਨਕ ਸਾਹਿਬ ਹੀ ਵਿਚਰੇ। ਉਹਨਾਂ ਨੇ ਵੀ ਸਿੱਖੀ ਦੇ ਮਹਾਨ ਉਦੇਸ਼ ਦੀ ਪ੍ਰਾਪਤੀ ਲਈ ਮਹਾਨ ਕਾਰਜਾਂ ਨੂੰ ਕੀਤਾ। ਸਾਨੂੰ ਸਾਡੇ ਅੱਖਰਾਂ ਵਿੱਚ ਸਮਝਾਇਆ। ਗੁਰਮੁਖੀ ਲਿਪੀ ਉਹਨਾਂ ਦੀ ਮਹਾਨ ਦੇਣ ਹੈ। ਜਿੰਨਾਂ ਨੂੰ ਤੁਸੀਂ ਹੁਣ ਪੜ੍ਹ ਰਹੇ ਹੋ ਇਹ ਉਹੀ ਅੱਖਰ ਨੇ। ਪਰੰਪਰਾ ਨੂੰ ਤੋੜ ਗਿਆਨ ਨੂੰ ਲੋਕ ਭਾਸ਼ਾ ਰਾਹੀਂ ਲੋਕਾਂ ਲਈ ਪ੍ਰਗਟ ਕਰ ਦਿੱਤਾ। ਸਿੱਖੀ ਦਾ ਉਪਦੇਸ਼ ਲੁਕਾਈ ਲਈ ਹੈ, ਉਹ ਲੁਕਾਈ ਤੱਕ ਪਹੁੰਚਿਆ। ਗੁਰੂ ਅੰਗਦ ਦੇਵ ਜੀ ‘ਬਾਲ ਬੋਧ’ ਤਿਆਰ ਕਰ ਆਪ ਖਡੂਰ ਸਾਹਿਬ ਦੀ ਪਾਵਨ ਧਰਤੀ ’ਤੇ ਗੁਰਮੁਖੀ ਦੀ ਵਿਦਿਆ ਦਿੰਦੇ। ਲੰਗਰ ਪ੍ਰਥਾ ਦਾ ਵਿਕਾਸ, ਮੱਲ ਅਖਾੜੇ ਦੀ ਸਥਾਪਨਾ, ਸਿੱਧਾਂ ਨਾਲ ਗੋਸ਼ਟਿ ਅਤੇ ਜਨਮ ਸਾਖੀ ਨੂੰ ਲਿਖਵਾਉਣਾ ਉਹਨਾਂ ਦੇ ਅਹਿਮ ਕਾਰਜ ਸਨ। ਇਹ ਗੁਰੂ ਅੰਗਦ ਸਾਹਿਬ ਦੀ ਕਰਾਮਾਤ ਸੀ ਕਿ ਖਡੂਰ ਸਾਹਿਬ ਦੀ ਧਰਤੀ ’ਤੇ ਕੁਦਰਤੀ ਨੂਰ ਵਰਸਣ ਲੱਗਾ।

ਸੋ ਇਸ ਤਰਾਂ ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਨੂੰ ਅੱਗੇ ਵਧਾਇਆ। ਉਹਨਾਂ ਨਵੀਆਂ ਸੰਸਥਾਵਾਂ ਦੀ ਸਥਾਪਨਾ ਨਾਲ ਇਕ ਆਦਰਸ਼ਿਕ ਮਨੁੱਖ ਅਤੇ ਸਮਾਜ ਦੀ ਸਿਰਜਣਾ ਦਾ ਅਹਿਮ ਕਾਰਜ ਕੀਤਾ। ਉਹਨਾਂ ਦਾ ਪ੍ਰਕਾਸ਼ ਗੁਰਪੁਰਬ ਮੱਤੇ ਕੀ ਸਰਾਂ, ਸ੍ਰੀ ਖਡੂਰ ਸਾਹਿਬ ਅਤੇ ਸਮੁੱਚੇ ਵਿਸ਼ਵ ਵਿੱਚ ਸਿੱਖ ਪੰਥ ਵੱਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਉਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥”

(ਵਾਰਾਂ ਭਾਈ ਗੁਰਦਾਸ ਜੀ)

*ਅਸਿਸਟੈਂਟ ਪ੍ਰੋ., ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ
ਆਫ਼ ਰਿਲੀਜੀਅਸ ਸਟੱਡੀਜ਼,
ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ

# ਸਿੱਖ ਰਾਜ ਦੀ ਪਹਿਲੀ ਰਾਜਧਾਨੀ ਸ੍ਰੀ ਹਰਗੋਬਿੰਦਪੁਰ

- ਦਲਬੀਰ ਸੱਖੋਵਾਲੀਆ

ਰਿਆੜਕੀ ਇਲਾਕੇ ਦੇ ਸਿਰ ਵਜੋਂ ਜਾਣਿਆ ਜਾਂਦਾ ਸ੍ਰੀ ਹਰਗੋਬਿੰਦਪੁਰ ਸਿੱਖ ਇਤਿਹਾਸ ਦੀਆਂ ਅਨੇਕਾਂ ਅਨਮੋਲ ਨਿਸ਼ਾਨੀਆਂ ਨੂੰ ਆਪਣੀ ਬੁੱਕਲ ਵਿੱਚ ਸਮੋਈ ਬੈਠਾ ਹੈ। ਧਾਰਮਿਕ ਅਤੇ ਇਤਿਹਾਸਕ ਪੱਖ ਤੋਂ ਇਸ ਨਗਰ ਦਾ ਆਪਣਾ ਸਥਾਨ ਹੈ। ਨਗਰ ਨੇ ਮੁਗ਼ਲ ਕਾਲ ਦੌਰਾਨ ਕਈ ਉਤਰਾਅ-ਚੜਾਅ ਦੇਖੇ ਪਰ ਸਿੱਖ ਰਾਜ ਸਮੇਂ ਸਰਦਾਰ ਜੱਸਾ ਸਿੰਘ ਰਾਮਗੜੀਆ ਨੇ ਸ੍ਰੀ ਹਰਗੋਬਿੰਦਪੁਰ ਨੂੰ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਬਣਾਇਆ। ਨਗਰ ਦੇ ਚੁਫ਼ੇਰੇ ਮਜ਼ਬੂਤ ਦੀਵਾਰ ਅਤੇ ਦਰਵਾਜ਼ੇ ਸੁਰੱਖਿਆ ਦੇ ਪੱਖ ਤੋਂ ਆਪਣੀ ਮਿਸਾਲ ਆਪ ਸਨ। ਸਿੱਖ ਰਾਜ ਦੀ ਇਸ ਪਹਿਲੀ ਰਾਜਧਾਨੀ ਦੀ ਇਮਾਰਤ ਅਤੇ ਹੋਰ ਗੌਰਵਮਈ ਥਾਵਾਂ ਹੁਣ ਢਹਿ-ਢੇਰੀ ਹੋ ਰਹੀਆਂ ਹਨ। ਭਾਵੇਂ ਸਰਕਾਰ ਨੇ ਕਈ ਇਤਿਹਾਸਕ ਥਾਵਾਂ ਨੂੰ ਸੰਵਾਰਨ ਦੇ ਯਤਨ ਕੀਤੇ ਪਰ ਸ੍ਰੀ ਹਰਗੋਬਿੰਦਪੁਰ ਨੂੰ ਅਣਡਿੱਠ ਕੀਤਾ ਗਿਆ। ਰਾਜਧਾਨੀ ਦੀ ਇਮਾਰਤ ਅਤੇ ਨਗਰ ਵਿਚਲੀਆਂ ਹੋਰ ਪੁਰਾਤਨ ਨਿਸ਼ਾਨੀਆਂ ਦਾ ਵਜੂਦ ਬਚਾਉਣਾ ਸਮੇਂ ਦੀ ਲੋੜ ਹੈ।

ਇਸ ਨਗਰ ਦਾ ਮੁੱਢ ਗੁਰੂ ਅਰਜਨ ਦੇਵ ਜੀ ਨੇ ਬੰਨਿਆ। ਉਨਾਂ ਨੇ ਆਪਣੇ ਪੁੱਤਰ ਸ੍ਰੀ ਹਰਿਗੋਬਿੰਦ ਸਾਹਿਬ ਦੇ ਨਾਂ ‘ਤੇ ਇਸ ਦਾ ਨਾਂ ਰੱਖਿਆ। ਇਹ ਬਾਬਾ ਬੁੱਢਾ, ਭਾਈ ਗੁਰਦਾਸ, ਮਾਤਾ ਗੰਗਾ ਅਤੇ ਭਾਈ ਬਿਧੀਚੰਦ ਜੀ ਸਮੇਤ ਹੋਰ ਮਹਾਂਪੁਰਸ਼ਾਂ ਦੀ ਚਰਨ-ਛੂਹ ਪ੍ਰਾਪਤ ਸਥਾਨ ਹੈ। ਪੰਜ ਪਿਆਰਿਆਂ ‘ਚੋਂ ਇੱਕ ਭਾਈ ਦਇਆ ਸਿੰਘ ਦੀ ਵੰਸ਼ ਜੁਲਕਾ ਪਰਿਵਾਰ ਹੈ, ਜੋ ਇੱਥੇ ਰਹਿੰਦਾ ਹੈ। ਸ੍ਰੀ ਹਰਗੋਬਿੰਦਪੁਰ ਵਿਸ਼ਵ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਦੀ ਜਨਮ ਭੋਇੰ ਹੈ।

ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸੰਮਤ 1644 ਵਿੱਚ ਇਹ ਨਗਰ ਵਸਾਇਆ ਸੀ। ‘ਗੁਰ ਪ੍ਰਤਾਪ ਸੂਰਜ ਗ੍ਰੰਥ’ ਮੁਤਾਬਕ ਇਹ ਨਗਰ ਛੇਵੇਂ ਗੁਰੂ ਨੇ ਵਸਾਇਆ। ਨਾਮਵਰ ਲੇਖਕ ਸੁਜਾਨ ਰਾਏ ਭੰਡਾਰੀ ਨੇ ਇਸ ਨਗਰ ਦੀ ਪ੍ਰਸਿੱਧੀ ਨੂੰ ਇਸ ਤਰਾਂ ਬਿਆਨ ਕੀਤਾ ਹੈ: ‘ਹੈਬਤ ਪੱਟੀ ਦੁਆਰਾ ਬਾਰੀ ਵਿੱਚ ਇੱਕ ਪਰਗਨਾ ਹੈ, ਇਸ ਅੰਦਰ ਹਰਗੋਬਿੰਦਪੁਰ ਇੱਕ ਨਗਰ ਹੈ। ਜਿੱਥੇ ਵਧੀਆ ਬਾਗ਼ ਤੇ ਪਾਵਨ ਸਰੋਵਰ ਬਣੇ ਹੋਏ ਹਨ। ਵਿਸਾਖੀ ਨੂੰ ਮੇਲਾ ਲੱਗਦਾ ਹੈ। ਇੱਥੋਂ ਤੱਕ ਕਿ ਨਗਰ ਦੇ ਘੋੜਿਆਂ ਦੀ ਚਾਲ-ਢਾਲ ਇਰਾਕੀ ਘੋੜਿਆਂ ਦੇ ਬਰਾਬਰ ਦੱਸੀ ਗਈ ਹੈ। ਕਈਆਂ ਦੇ ਮੁੱਲ ਤਾਂ ਦਸ-ਦਸ ਹਜ਼ਾਰ ਤੱਕ ਪੁੱਜ ਜਾਂਦੇ ਹਨ।‘ ਕਈ ਲੇਖਕਾਂ ਨੇ ਇਸ ਦਾ ਨਾਂ



ਸ੍ਰੀ ਹਰਗੋਬਿੰਦਪੁਰ ਲਿਖਿਆ ਹੈ, ਜਦੋਂਕਿ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਨਾਂ ਸ੍ਰੀ ਗੋਬਿੰਦਪੁਰ ਰੱਖਿਆ। ਭਾਈ ਕਾਨ ਸਿੰਘ ਨਾਭਾ ਨੇ ਮਹਾਨ ਕੋਸ਼ ‘ਚ ਛੇਵੇਂ ਗੁਰੂ ਦੇ ਦੂਜੀ ਜੰਗ ਦੌਰਾਨ ਇੱਥੇ ਨਿਵਾਸ ਕਰਨ ਬਾਰੇ ਲਿਖਿਆ ਹੈ। ਇਨਾਂ ਲਿਖਤਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਹਰਗੋਬਿੰਦਪੁਰ ਪਿੰਡ ਸੀ। ਇੱਥੇ ਗੁਰੂ ਅਰਜਨ ਦੇਵ ਜੀ ਦੀ ਜ਼ਮੀਨ ਸੀ। ਮੌਜੂਦਾ ਨਗਰ ਕਿਸੇ ਸਮੇਂ ਰੋਹੀਲਾ ਨਾਂ ਦੇ ਮੁਸਲਮਾਨ ਪਠਾਣਾਂ ਦਾ ਪਿੰਡ ਦੱਸਿਆ ਜਾਂਦਾ ਸੀ। ਗ਼ੈਰ ਮੁਸਲਮਾਨਾਂ ਵਿਰੁੱਧ ਵਧੀਕੀਆਂ ਦੀਆਂ ਸ਼ਿਕਾਇਤਾਂ ਛੇਵੇਂ ਗੁਰੂ ਨੂੰ ਮਿਲਦੀਆਂ ਰਹਿੰਦੀਆਂ ਸਨ। ਇੱਕ ਦਿਨ ਛੇਵੇਂ ਗੁਰੂ ਨੇ ਆਪਣੇ ਪਿਤਾ ਗੁਰੂ ਅਰਜਨ ਦੇਵ ਜੀ ਨੂੰ ਖ਼ਰੀਦੀ ਜ਼ਮੀਨ ‘ਗੋਬਿੰਦਪੁਰ’ ਦੇਖਣ ਦੀ ਇੱਛਾ ਪ੍ਰਗਟਾਈ। ਇਸ ਤੋਂ ਪਹਿਲਾਂ ਹੀ ਭਗਵਾਨ ਦਾਸ ਘਿਰੜ ਨੇ ਇਸ ਜ਼ਮੀਨ ‘ਤੇ ਕਬਜ਼ਾ ਕਰ ਲਿਆ ਸੀ। ਇਹ ਘਿਰੜ ਖੱਤਰੀ, ਚੰਦੂ ਦਾ ਰਿਸ਼ਤੇਦਾਰ ਦੱਸਿਆ ਜਾਂਦਾ ਹੈ। ਇਸ ਨੇ ਪੰਜਵੇਂ ਗੁਰੂ ਨੂੰ ਲਾਹੌਰ ‘ਚ ਸ਼ਹੀਦ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਚੰਦੂ ਦੀ ਸ਼ਹਿ ‘ਤੇ ਘਿਰੜ ਵੱਲੋਂ ਜ਼ਮੀਨ ‘ਤੇ ਕੀਤੇ ਕਬਜ਼ੇ ਨੂੰ ਹਟਵਾਉਣ ਲਈ ਪਹਿਲਾਂ ਛੇਵੇਂ ਗੁਰੂ ਨੇ ਆਪਣਾ ਏਲਚੀ ਭੇਜਿਆ ਪਰ ਗੁਰੂ ਜੀ ਦੀ ਤਜਵੀਜ਼ ਨੂੰ ਘਿਰੜ ਨੇ ਰੱਦ ਕਰ ਦਿੱਤਾ। ਸਿੱਟੇ ਵਜੋਂ ਹੋਈ ਜੰਗ ਵਿੱਚ ਘਿਰੜ ਮਾਰਿਆ ਗਿਆ। ਗੁਰੂ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਲੋੜ ਮੁਤਾਬਕ ਸੇਵਾਵਾਂ ਲੈਣ ਲਈ ਕੋਲ ਰੱਖਿਆ ਹੋਇਆ ਸੀ। ਸੰਮਤ 1687 ‘ਚ ਇਹ ਯੁੱਧ 14 ਦਿਨ ਤੇ 14 ਰਾਤਾਂ ਤੱਕ ਚੱਲਦਾ ਰਿਹਾ। ਇਸ ਯੁੱਧ ਵਿੱਚ ਅਬਦੁੱਲਾ ਖ਼ਾਂ ਦੀ ਹਾਰ ਹੋਈ। ਉਸ ਦੇ ਤਕਰੀਬਨ 1400 ਫ਼ੌਜੀ ਮਾਰੇ ਗਏ। ਇਸ ਲੜਾਈ ਵਿੱਚ ਜਿੱਥੇ ਨਗਰ ਢਹਿ-ਢੇਰੀ ਹੋ ਗਿਆ, ਉੱਥੇ ਗੁਰੂ ਜੀ ਦੇ ਵਫ਼ਾਦਾਰ ਭਾਈ ਮੇਦਨ, ਉਨਾਂ ਦੇ ਪੁੱਤਰ ਭਾਈ ਬਿਹਾਰੀ, ਭਾਈ ਧਰੂਹਾਂ, ਭਾਈ ਨਾਨੂੰ, ਭਾਈ ਪਰਾਗਦਾਸ, ਭਾਈ ਮੱਥਰਾਭੱਟ ਸਮੇਤ ਹੋਰਾਂ ਨੇ ਸ਼ਹੀਦੀ ਪਾਈ। ਗੁਰੂ ਜੀ ਨੇ ਸ਼ਹੀਦਾਂ ਦੇ ਸਸਕਾਰ ਕਰਕੇ ਅਸਥੀਆਂ ਬਿਆਸ ਦਰਿਆ ‘ਚ ਜਲ ਪ੍ਰਵਾਹ ਕਰ ਦਿੱਤੀਆਂ। ਯੁੱਧ ਦੇ ਮੈਦਾਨ ‘ਚ ਗੁਰੂ ਜੀ ਦੀਆਂ ਫ਼ੌਜਾਂ ਖ਼ਿਲਾਫ਼ ਲੜੀ ਫ਼ੌਜ ਦੇ ਸੈਨਾਪਤੀ ਅਬਦੁੱਲਾ ਖ਼ਾਂ, ਉਸ ਦੇ ਪੁੱਤਰਾਂ ਅਤੇ ਪੰਜ ਸੈਨਾਪਤੀਆਂ ਦੀਆਂ ਕਬਰਾਂ ਇੱਕ ਥਾਂ ‘ਤੇ ਬਣਾਈਆਂ ਗਈਆਂ। ਲੜਾਈ ਤੋਂ ਪਿੱਛੋਂ ਜਿੱਥੇ ਗੁਰੂ ਜੀ ਨੇ ਆਰਾਮ ਕੀਤਾ, ਉੱਥੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ। ਛੇਵੇਂ ਗੁਰੂ ਢਹਿ-ਢੇਰੀ ਹੋਏ ਨਗਰ ਨੂੰ ਆਬਾਦ ਕਰਨ ਲਈ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਆਏ। ਉਸ ਸਮੇਂ ਗੁਰੂ ਜੀ ਦੀ ਰਿਹਾਇਸ਼ ਵਾਲੇ ਸਥਾਨ ‘ਤੇ ਗੁਰਦੁਆਰਾ ‘ਗੁਰੂ ਕੇ ਮਹਿਲ‘ ਹੈ। ਉਂਜ ਇਸ ਨੂੰ ਮੰਜੀ ਸਾਹਿਬ ਵੀ ਆਖਦੇ ਹਨ। ਰਾਮਗੜੀਆ ਮਿਸਲ ਦੇ ਮੁਖੀ ਜੱਸਾ ਸਿੰਘ ਰਾਮਗੜੀਆ ਨੇ ਸਿੱਖ ਰਾਜ ਦੌਰਾਨ ਸ੍ਰੀ ਹਰਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ। ਹੁਣ ਇਹ ਇਮਾਰਤ ਬਹੁਤ ਹੀ ਤਰਸਯੋਗ ਹਾਲਤ ‘ਚ ਹੈ। ਇਸ ਦਾ ਜ਼ਿਆਦਾਤਰ ਹਿੱਸਾ ਢਹਿ ਚੁੱਕਿਆ ਹੈ। ਬਚੇ ਕਮਰਿਆਂ ਦੀ ਹਾਲਤ ਵੀ ਚੰਗੀ ਨਹੀਂ ਹੈ। ਦਰਿਆ ਬਿਆਸ ਕੰਢੇ ਵਸਾਇਆ ਇਹ ਨਗਰ ਭੂਗੋਲਿਕ ਪੱਖ ਤੋਂ ਬੜੀ ਅਹਿਮੀਅਤ ਰੱਖਦਾ ਹੈ। ਰਾਜਧਾਨੀ ਦੇ ਮੁੱਖ ਦਰਵਾਜ਼ੇ ਨੂੰ ਛੱਡਕੇ ਕੁਝ ਕਮਰਿਆਂ ਦੇ ਦਰਵਾਜ਼ੇ ਬੰਦ ਹਨ। ਇੱਥੇ ਘੋੜਿਆਂ ਨੂੰ ਬੰਨਣ ਅਤੇ ਚਾਰੇ ਲਈ ਪੁਖਤਾ ਪ੍ਰਬੰਧ ਕੀਤੇ ਗਏ ਸਨ। ਕਿਧਰੇ ਮਸ਼ਾਲਾਂ ਅਤੇ ਦੀਵੇ ਬਾਲਣ ਲਈ ਛੱਡੀ ਜਗਾ ਦਾ ਕਲਾਤਮਕ ਹੁਨਰ ਦੇਖਣ ਨੂੰ ਮਿਲਦਾ ਹੈ। ਦੋ ਮੰਜ਼ਿਲੀ ਇਮਾਰਤ ਦੇ ਉਪਰਲੇ ਹਿੱਸੇ ਦੀ ਛੱਤ ਬਿਲਕੁਲ ਤਬਾਹ ਹੋ ਗਈ ਹੈ। ਇਮਾਰਤ ਦੇ ਕੁਝ ਹਿੱਸੇ ਵਿੱਚ ਘਾਹ ਤੇ ਹੋਰ ਝਾੜੀਆਂ-ਬੂਟੀਆਂ ਉੱਗੀਆਂ ਹੋਈਆਂ ਹਨ। ਇਸ ਵਿਚਲੇ ਦੋ ਕਮਰੇ ਚੰਗੀ ਹਾਲਤ ‘ਚ ਹਨ। ਮਜ਼ਬੂਤ ਇੱਟਾਂ ਅਤੇ ਮੋਟੇ ਸ਼ਤੀਰ ਨਾਲ ਤਿਆਰ ਕਰਵਾਈ ਗਈ।

ਰਾਜਧਾਨੀ ਬਣਾਉਣ ਦੇ ਮੱਦੇਨਜ਼ਰ ਨਗਰ ਦੇ ਚਾਰ-ਚੁਫੇਰੇ ਇੱਕ ਮਜ਼ਬੂਤ ਦੀਵਾਰ ਬਣਾਈ ਗਈ। ਇਹ ਫ਼ਸੀਲ ਏਨੀ ਸੁਰੱਖਿਅਤ ‘ਤੇ ਖੁੱਲੀ ਸੀ ਕਿ ਇਸ ‘ਤੇ ਦੋ ਰੱਥ ਇੱਕੋ ਸਮੇਂ ਚੱਲ ਸਕਦੇ ਸਨ। ਅੱਜ ਇਸ ਦੇ ਖੰਡਰ ਹੀ ਦੇਖਣ ਨੂੰ ਮਿਲਦੇ ਹਨ। ਰਾਮਗੜੀਆ ਮਿਸਲ ਦੇ ਸਰਦਾਰ ਨੇ ਪੰਜ ਦਰਵਾਜ਼ੇ ਲਾਹੌਰੀ ਦਰਵਾਜ਼ਾ, ਸਾਹਮਣਾ ਦਰਵਾਜ਼ਾ, ਮੋਰੀ ਦਰਵਾਜ਼ਾ, ਘਿਰੜ ਦਰਵਾਜ਼ਾ ਅਤੇ ਮਿਆਣੀ ਦਰਵਾਜ਼ਾ ਬਣਵਾਏ ਸਨ। ਨਗਰ ਦੀ ਸੁਰੱਖਿਆ ਲਈ ਦਰਵਾਜ਼ੇ ਰਾਤ ਸਮੇਂ ਬੰਦ ਕਰ ਦਿੱਤੇ ਜਾਂਦੇ ਸਨ। ਚਾਰ ਦਰਵਾਜ਼ਿਆਂ ਦੀ ਹੋਂਦ ਤਾਂ ਹਮੇਸ਼ਾਂ ਲਈ ਖ਼ਤਮ ਹੋ ਗਈ ਹੈ। ਲਾਹੌਰੀ ਦਰਵਾਜ਼ਾ ਵੀ ਢਹਿਣ ਕਿਨਾਰੇ ਹੈ। ਸ੍ਰੀਹਰਗੋਬਿੰਦਪੁਰ ਵਿਚਲੀਆਂ ਅਨਮੋਲ ਨਿਸ਼ਾਨੀਆਂ ਖ਼ਤਮ ਹੋਣ ਕੰਢੇ ਹਨ। ਇਨਾਂ ਦੀ ਸੰਭਾਲ ਲਈ ਸਰਕਾਰ ਅਤੇ ਹੋਰ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

## ਕਾਂਡ 13

- ਬਲਦੇਵ ਸਿੰਘ ਬੁੱਧ ਸਿੰਘ ਵਾਲਾ

ਕਿਸੇ ਨੂੰ ਦੋ ਦਿਨ ਕਿਸੇ ਨੂੰ ਚਾਰ ਦਿਨ ਖੜ੍ਹੇ ਰੱਖਣ ਨਾਲ ਲੱਤਾਂ ਆਕੜ ਗਈਆਂ। ਬੈਠਿਆ ਨਹੀਂ ਸੀ ਜਾਂਦਾ ਅਤੇ ਪਿੱਠੂ ਪ੍ਰੇਡ ਕਰਵਾ ਕਰਵਾ ਕੇ ਫੌਜੀਆਂ ਨੇ ਧਰਮੀ ਫੌਜੀਆਂ ਦੀ ਬੁਰੀ ਹਾਲਤ ਕਰ ਦਿੱਤੀ!

'ਸਾਨੂੰ ਰੋਜ ਰੋਜ ਕੁੱਟਣ ਨਾਲੋਂ ਮਾਰ ਕਿਉਂ ਨੀ ਦਿੰਦੇ?' ਕੇਵਲ ਨੇ ਤੰਗ ਆ ਕੇ ਇੱਕ ਭਈਏ ਹੌਲਦਾਰ ਨੂੰ ਕਿਹਾ।

'ਮਾਰੇਂਗੇ ਤੁਮਕੋ ਮਾਰੇਂਗੇ ਭਈਆ, ਮਗਰ ਐਸੇ ਨਹੀਂ ਤੁਮਕੋ ਭੁੱਖੇ ਪਿਆਸੇ ਰੱਖ-ਰੱਖ ਮਾਰੇਂਗੇ ਜੈਸੇ ਪਾਕਿਸਤਾਨੀ ਕਉਏ ਕੋ ਮਾਰਤੇ ਹੈਂ' ਭਈਏ ਨੇ ਜਵਾਬ ਦਿੱਤਾ। ਕਿਉਂਕਿ ਸਾਰੇ ਹੀ ਰੋਜ਼ ਰੋਜ਼ ਦੀ ਕੁੱਟਮਾਰ ਤੇ ਤਸੀਹਿਆਂ ਤੋਂ ਤੰਗ ਆ ਚੁੱਕੇ ਸਨ। ਰੋਟੀ ਵੀ ਰੱਜਵੀਂ ਨਹੀਂ ਦਿੰਦੇ ਸਨ। ਕਈ ਵਾਰ ਤਾਂ ਇੱਕ ਇੱਕ ਕੱਪ ਪਾਣੀ ਤੇ ਗੁਜ਼ਾਰਾ ਕਰਨਾ ਪੈਂਦਾ। ਕਈ ਫੌਜੀਆਂ ਨੇ ਖੁਦਕਸ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਅਸਫਲ। ਛੇ ਛੇ ਮਹੀਨੇ ਦਾਲ ਚੌਲ ਖਾਕੇ ਕਈਆਂ ਦਾ ਤਾਂ ਬਾਦੀ ਨਾਲ ਮੂੰਹ ਪੱਕ ਗਿਆ! ਰੋਟੀ ਤਾਂ ਇਹ ਭੁੱਲ ਹੀ ਗਏ ਸਨ! ਇੱਕ ਦਿਨ ਕੇਵਲ ਤਾਰਾਂ ਦੇ ਕੋਲ ਖੜ੍ਹਾ ਸੀ ਤਾਂ ਇੱਕ ਸਿੱਖ ਫੌਜੀ ਕੋਲ ਦੀ ਜਾ ਰਿਹਾ ਸੀ ਇਸਨੂੰ ਪਤਾ ਸੀ ਕਿ ਭਗੌੜੇ ਫੌਜੀ ਇੱਸ ਕੈਂਪ ਵਿੱਚ ਹਨ। ਉਹ ਅੱਗ ਪਿੱਛਾ ਦੇਖਕੇ ਕੇਵਲ ਕੋਲ ਖੜ੍ਹਾ ਹੋ ਗਿਆ ਤੇ ਬੋਲਿਆ-

'ਕੀ ਹਾਲ ਆ ਬਾਈ'

'ਹਾਲ ਤੁਸੀਂ ਦੇਖ ਹੀ ਰਹੇ ਹੋ'

'ਮੈਨੂੰ ਕੋਈ ਸੇਵਾ ਦੱਸੋ ਜੇ ਮੈਂ ਕਰ ਸਕਦਾ ਹੋਇਆ ਤਾਂ?'

'ਕੀ ਦੱਸਾਂ ਬਾਈ ਛੇ ਸੱਤ ਮ੍ਹੀਨੇ ਹੋਗੇ ਚੌਲ ਖਾਂਦਿਆਂ ਸਾਡਾ ਤਾਂ ਮੂੰਹ ਵੀ ਪੱਕ ਗਿਆ' ਕੇਵਲ ਨੇ ਕਿਹਾ।

'ਦੇਖੋ ਬਾਈ ਜੀ ਸੱਜਰੀ ਰੋਟੀ ਤਾਂ ਮੇਰੇ ਵੱਸ ਦੀ ਗੱਲ ਨੀ, ਹਾਂ ਬਚੀਆਂ ਖੁਚੀਆਂ ਬੇਹੀਆਂ ਰੋਟੀਆਂ ਹੁੰਦੀਆਂ ਉਹ ਮੈਂ ਚੋਰੀ ਤਾਰਾਂ ਉੱਤੋਂ ਦੀ ਸਿੱਟ ਜਾਇਆ ਕਰੂੰਗਾ ਖਾਧੀਆਂ ਗਈਆਂ ਤਾਂ ਖਾ ਲਿਓ' ਉਸ ਆਦਮੀ ਨੇ ਕਿਹਾ ਕਿਉਂਕਿ ਉਹ ਲੰਗਰ ਕਮਾਂਡਰ ਸੀ ਅਤੇ ਕੁਛ ਰੋਟੀਆ ਆਮ ਹੀ ਬਚ ਜਾਂਦੀਆਂ ਸਨ। ਦੂਜੇ ਦਿਨ ਤੋਂ ਕੁਛ ਵੱਧ ਰੋਟੀਆਂ ਪਕਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਹਫਤਾ ਜੋੜਦਾ ਰਹਿੰਦਾ ਅਤੇ ਹਫਤੇ ਬਾਅਦ ਮੌਕਾ ਤਾੜ ਕੇ ਰੋਟੀਆਂ ਵਾਲੀ ਬੋਰੀ ਤਾਰਾਂ ਉੱਤੋਂ ਅੰਦਰ ਸਿੱਟ ਦਿੰਦਾਂ ਅਤੇ ਕੇਵਲ ਹੋਣੀ ਚੱਕ ਲੈਂਦੇ, ਹਫਤਾ ਦੀਆਂ ਬੇਹੀਆਂ ਸੁੱਕੀਆਂ ਦੁਖਤ ਦੇ ਸੱਕ ਵਰਗੀਆਂ ਰੋਟੀਆਂ ਦਾਲ ਵਿੱਚ ਡਬੋ ਕੇ ਖਾ ਲੈਂਦੇ ਅਤੇ ਬਹੁਤ ਸੁਆਦ ਲਗਦੀਆਂ। ਕਈ ਮਹੀਨੇ ਸਖਤ ਸਜ਼ਾ ਤੇ ਬੇਹੀਆਂ ਸੁੱਕੀਆ ਰੋਟੀਆਂ ਖਾ ਕੇ ਬਤੀਤ ਕੀਤੇ!

'ਗਿਆਨੀ ਤੂੰ ਵੀ ਕਈ ਵਾਰ ਲੰਗਰ ਕਮਾਂਡਰ ਨਾਲ ਰੋਟੀਆਂ ਕੱਚੀਆਂ ਪੱਕੀਆਂ ਆਖਕੇ ਲੜਦਾ ਹੁੰਦਾ ਸੀ ਹੁਣ ਦੇਖਿਆ ਸੁਆਦ'? ਮੀਕੇ ਨੇ ਗਿਆਨੀ ਨੂੰ ਕਿਹਾ ਜਦੋਂ ਗਿਆਨੀ ਦਾਲ ਵਿੱਚ ਰੋਟੀ ਡੁਬੋ ਕੇ ਖਾ ਰਿਹਾ ਸੀ, ਕਿਉਂਕਿ ਗਿਆਨੀ ਹਰ ਵਕਤ ਦਾਲ ਰੋਟੀ ਵਿੱਚ ਨੁਕਸ ਕੱਢਦਾ ਹੁੰਦਾ ਸੀ।

'ਚੁੱਪ ਕਰ ਯਾਰ ਭੀੜਾਂ ਤਾਂ ਰਾਜੇ ਰਾਣਿਆਂ ਤੇ ਵੀ ਪੈ ਜਾਂਦੀਆ ਜਿਵੇ ਸੱਦਾਮ, ਜੁਲਫਕਾਰ ਅਲੀ 'ਭੁੱਟੋ' ਤੇ ਪ੍ਰਵੇਜ਼ 'ਮੁਸ਼ਰਫ' ਪਈਆਂ ਸੀ' ਗਿਆਨੀ ਨੇ ਕਿਹਾ, ਇਹ ਸੁਣਕੇ ਮੀਕਾ ਚੁੱਪ ਹੋ ਗਿਆ।

ਅਚਾਨਕ ਤਬਦੀਲੀ ਆ ਗਈ! ਪਿੱਠੂ ਪ੍ਰੇਡ ਬੰਦ ਕਰ ਦਿੱਤੀ ਤੇ ਰੋਟੀ ਵੀ ਰੱਜਵੀਂ ਦੇਣ ਲੱਗ ਪਏ।

'ਕੀ ਗੱਲ ਮੀਕਿਆ ਹੁਣ ਸਾਲੇ ਆਪਾਂ ਨੂੰ ਰੋਟੀ ਰੱਜਵੀਂ ਦੇਣ ਲੱਗ ਪੇ?' ਕੇਵਲ ਨੇ ਕਿਹਾ।

'ਚਾਹੇ ਰੋਟੀ ਆਪਾਂ ਨੂੰ ਚੰਗੀ ਦੇਣ ਜਾਂ ਮਾੜੀ ਕਰਨਾ ਏਨ੍ਹਾ ਆਪਾਂ ਨੂੰ ਹਲਾਲ ਈ ਆ!' ਦਰਸ਼ਨ ਨੇ ਕਿਹਾ।

'ਫੇਰ ਤੂੰ ਕ੍ਹੈਨਾ ਮੈਨੂੰ ਬਾਮ੍ਹਣ ਕ੍ਹੈਂਦੇ ਆ ਹੋਰ ਤੈਨੂੰ ਕੀ ਕਹੀਏ ਕਿਤੇ ਚੰਗਾ ਟੇਵਾ ਵੀ ਲਾ ਦਿਆ ਕਰ ਕਿਸੇ ਵੇਲੇ ਦੀ ਗੱਲ ਪੂਰੀ ਹੋ ਜਾਂਦੀ ਆ ਪਰ ਮਾੜੀ ਗੱਲ ਤਾਂ ਰੱਬ ਛੇਤੀ ਸੁਣਦਾ' ਕਾਮਰੇਡ ਨੇ ਕਿਹਾ।

'ਕਾਮਰੇਡਾ ਤੇਰਾ ਵੀ ਖੂਹ ਦੀਆਂ ਟਿੰਡਾਂ ਵਾਂਗੂੰ ਪਤਾ ਨੀ ਲਗਦਾ ਕਿਤੇ ਕ੍ਹੈਨਾ ਰੱਬ ਹੈਨੀ ਕਿਤੇ ਕ੍ਹੈਨਾ ਰੱਬ ਹੈਗਾ' ਦਰਸ਼ਨ ਮੋੜਵਾਂ ਜਵਾਬ ਦਿੱਤਾ।

'ਰੱਬ ਵਾਲੀ ਗੱਲ ਬਾਦ 'ਚ' ਦੇਖਾਂਗੇ ਹੁਣ ਏਹ ਸੋਚੋ ਕਿ ਗੱਲ ਕਿੱਧਰ ਨੂੰ ਜਾ ਰਹੀ ਆ?' ਗਿਆਨੀ ਨੇ ਕਿਹਾ।

'ਗੱਲ ਦਾ ਪਤਾ ਆਪੇ ਲੱਗ ਜੂ ਪ੍ਹੈਲਾਂ ਇੱਕ ਬੰਦਾ ਕੇਤਲੀ ਚਾਹ ਦੀ ਭਰਕੇ ਲਿਆਓ ਚਾਹ ਪੀ ਕੇ ਸੋਚਦੇ ਆਂ' ਮੀਕੇ ਨੇ ਕਿਹਾ।

'ਚਾਹ ਮੈਂ ਲਿਆਉਨਾ ਨਾਲੇ ਲੰਗਰ ਕਮਾਂਡਰ ਤੋਂ ਕੋਈ ਭੇਤ ਭੂਤ ਲੈ ਕੇ ਔਨਾ' ਕਾਮਰੇਡ ਨੇ ਕਿਹਾ।

'ਭੇਤ ਲਿਆਈ ਪਰ ਭੂਤ ਨਾ ਲਿਆਈਂ' ਕੇਵਲ ਨੇ ਕਿਹਾ।

'ਕੋਈ ਨੀ ਜੇ ਭੂਤ ਲੈ ਆਇਆ ਤਾਂ ਆਪਣਾ ਦਰਸ਼ਨ ਕੱਢਦੇ ਆਸਤੇ ਆ' ਗਿਆਨੀ ਨੇ ਕਿਹਾ।

'ਓ ਸਣਦਾੜ੍ਹੀਆ ਜਿਆ ਗਿਆਨੀਆਂ ਮੈਥੋਂ ਕਿਤੇ ਤੂੰ ਖੌਂਸੜੇ ਨਾ ਖਾ ਲੀਂ?' ਦਰਸ਼ਨ ਨੇ ਕਿਹਾ। ਕਾਮਰੇਡ ਚਲਾ ਗਿਆ ਕੋਈ ਪੰਦਰਾਂ ਮਿੰਟਾਂ ਬਾਅਦ ਆਇਆ। ਸਾਰਿਆਂ ਦੀਆਂ ਨਜ਼ਰਾਂ ਕਾਮਰੇਡ ਤੇ ਸਨ ਆਖਰ ਆ ਗਿਆ। ਸਾਰਿਆਂ ਨੇ ਆਪੋ ਆਪਣੇ ਕੱਪਾਂ ਵਿੱਚ ਚਾਹ ਪੁਆਈ ਤੇ ਪੀਣ ਲੱਗ ਪਏ ਚਾਹ ਸੁਆਦ ਸੀ ਵਿੱਚ ਲੈਚੀਆਂ ਤੇ ਲੌਂਗ ਪਾਏ ਸਨ।

'ਚਾਹ ਤਾਂ ਕੰਡੇ ਆਲੀ ਆ ਕਾਮਰੇਡਾ' ਦਰਸ਼ਨ ਨੇ ਕਿਹਾ।

'ਚਾਹ ਤਾਂ ਕੰਡੇ ਆਲੀ ਆ ਗੱਲ ਵੀ ਕੰਡੇ ਵਾਲੀ ਸੁਣੋ' ਕਾਮਰੇਡ ਨੇ ਕਿਹਾ, ਸਾਰੇ ਕਾਮਰੇਡ ਦੇ ਦੁਆਲੇ ਹੋ ਗਏ। ਗੱਲ ਕੀ ਕਾਮਰੇਡ ਨੂੰ ਘੇਰ ਲਿਆ।

'ਹਾਂ ਵਈ ਦੱਸ ਕੋਈ ਲੰਗਰ ਗੱਪ ਕੰਮਰੇਡਾ' ਦਰਸ਼ਨ ਨੇ ਟਿੱਚਰ ਨਾਲ ਕਿਹਾ।

'ਓ ਪੰਡਤਾ ਤੂੰ ਬੰਦਾ ਬਣ ਜਾ ਬੰਦਾ ਜੇ ਤੂੰ ਮੈਨੂੰ ਕੰਮਰੇਡ ਕਹੇਂਗਾ ਤਾਂ ਤੈਨੂੰ ਸਰਾਧ ਖਾਣੀ ਜਾਤ ਕਹੂੰਗਾ'

'ਅੱਗੇ ਤੋਂ ਨੀਂ ਕ੍ਹੈਂਦਾ ਕਾਮਰੇਡ ਸਾਬ੍ਹ ਹੁਣ ਦੱਸ ਕੀ ਖ਼ਬਰ ਲਿਆਂਦੀ ਆ ਲੰਗਰ 'ਚੋਂ' ਵੈਸੇ ਤਾਂ ਜੱਟ ਆਪ ਭੁੱਖੇ ਮਰਦੇ ਆ ਸਰਾਧ ਖੁਆਉਣ ਜੋਗੇ ਕਿੱਥੇ?' ਦਰਸ਼ਨ ਨੇ ਕਿਹਾ।

'ਖਬਰ ਤਾਂ ਬ੍ਹੌਤ ਚੰਗੀ ਆ ਬੱਸ ਵਾਪਸ ਬੈਰਕਾਂ 'ਚ' ਜਾਣ ਦੀ ਤਿਆਰੀ ਕਰੋ'

'ਹੈਂ'! ਸਾਰਿਆਂ ਨੇ ਚਾਹ ਦੇ ਕੱਪ ਥੱਲੇ ਰੱਖ ਕੇ ਕਿਹਾ।

'ਹਾਂ ਬੱਸ ਤਿਆਰੀ ਕਿੱਥੇ'

'ਪਰ ਆਡਰ ਤਾਂ ਆਇਆ ਨੀ ਕਿਤੇ ਲੰਗਰ ਗੱਪ ਤਾਂ ਨੀ'?

'ਆਡਰ ਵੀ ਆਜੂ ਪਰ ਏਹ ਲੰਗਰ ਗੱਪ ਨੀ ਹੈ, ਹਾਂ ਸੁਣੀ ਜਰੂਰ ਲੰਗਰ ਚੋਂ ਆ'

'ਓਹ ਤਾਂ ਠੀਕ ਆ ਆਪਾਂ ਕਿਸੇ ਨਾਲ ਗੱਲ ਕਰ ਸਕਦੇ ਆਂ ਗੱਲਾਂ ਤਾਂ ਲੰਗਰ 'ਚੋਂ' ਈ ਸੁਣੀਆਂ!' ਕੇਵਲ ਨੇ ਕਿਹਾ।

'ਹਾਂ ਵਈ ਏਹ ਤਾਂ ਠੀਕ ਆ' ਸਾਰੇ ਰੱਬ ਦਾ ਸ਼ੁਕਰ ਕਰਨ ਲੱਗੇ। ਸਾਰੇ ਕਾਹਲੇ ਸਨ ਕਿ ਛੇਤੀ ਕੋਈ ਸਰਕਾਰੀ ਆਡਰ ਆਵੇ ਕਿਉਂਕਿ ਲੰਗਰ ਗੱਪ ਸਹੀ ਵੀ ਹੋ ਸਕਦੀ ਆ ਤੇ ਗਲਤ ਵੀ। ਸੂਰਜ ਢਲ ਗਿਆ ਸ਼ਾਮ ਨੂੰ ਰੋਲ ਕਾਲ ਦੀ ਸੀਟੀ ਵੱਜੀ ਗਿਣਤੀ ਹੋਈ। ਸਾਰੇ ਪੂਰੇ ਸਨ ਤੇ ਭੱਜਣਾ ਵੀ ਕਿਸ ਨੇ ਸੀ। ਸੂਬੇਦਾਰ ਫਾਈਲ ਲੈ ਕੇ ਆ ਗਿਆ।

'ਹਾਂ ਵਈ ਜੋ ਕੁਸ਼ ਥੋੜੇ ਨਾਲ ਹੋਇਆ ਬ੍ਹੌਤ ਮਾੜਾ ਹੋਇਆ ਪਰ ਸਿਆਣੇ ਕ੍ਹੈਂਦੇ ਆ ਕਿ ਜੇਕਰ ਸੁਬ੍ਹਾ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਉਸਨੂੰ ਭੁੱਲਿਆ ਨੀ ਕ੍ਹੈਂਦੇ' ਸੂਬੇਦਾਰ ਨੇ ਸਾਰਿਆਂ ਵੱਲ ਖੁਸ਼ੀ ਨਾਲ ਦੇਖਦੇ ਹੋਏ ਕਿਹਾ। ਸਾਰਿਆਂ ਨੇ ਸਾਹ ਰੋਕ ਲਏ ਤੇ ਲੱਗੇ ਰੱਬ ਨੂੰ ਧਿਆਉਣ ਵੈਸੇ ਤਾਂ ਹਰ ਵਕਤ ਰੱਬ ਨੂੰ ਯਾਦ ਕਰਦੇ ਪਰ ਅੱਜ ਰੱਬ ਤੇ ਓਟ ਸੀ ਕਿ ਕੋਈ ਚੰਗੀ ਖ਼ਬਰ ਹੋਵੇ।

'ਜਵਾਨੋ ਕੱਲ ਜਾਂ ਪਰਸੋਂ ਨੂੰ ਅਕਾਲੀਆਂ ਦੀ ਤੇ ਕਾਂਗਰਸ ਦੀ ਗੱਲਬਾਤ ਹੋਣ ਵਾਲੀ ਹੈ ਜਿਸ ਵਿੱਚ ਕਾਂਗਰਸ ਦਰਬਾਰ ਸਾਹਿਬ ਤੇ ਕੀਤੇ ਗਏ ਹਮਲੇ ਵਾਸਤੇ ਮੁਆਫ਼ੀ ਮੰਗਣ ਵਾਲੀ ਹੈ ਅਤੇ ਉਸ ਵਿੱਚ ਹੋਰ ਮਸਲਿਆਂ ਤੋਂ ਇਲਾਵਾ ਤੁਹਾਡੇ ਵਾਸਤੇ ਵੀ ਗੱਲਬਾਤ ਜਰੂਰ ਹੋਵੇਗੀ। ਗੱਲਬਾਤ ਕੀ ਤੁਹਾਡਾ ਰੱਸਾ ਲਾਹ ਦਿੱਤਾ ਜਾਵੇਗਾ ਤੇ ਤੁਸੀਂ ਸਾਰੇ ਆਪੋ ਆਪਣੀਆਂ ਡਿਊਟੀਆਂ ਤੇ ਚਲੇ ਜਾਵੋਗੇ। ਦੋ ਚਾਰ ਦਿਨ ਵਾਸਤੇ ਤੁਸੀਂ ਸਾਡੇ ਮਹਿਮਾਨ ਹੋ! ਜਾਣ ਤੋਂ ਪਹਿਲਾਂ ਵੱਡਾ ਖਾਣਾ ਹੋਵੇਗਾ। ਪੰਜਾਬੀ ਫ਼ਿਲਮ ਦਿਖਾਈ ਜਾਵੇਗੀ, ਬੱਸ ਜਾਣ ਦੀ ਤਿਆਰੀ ਕਰੋ ਤੇ ਪ੍ਰਮਾਤਮਾਂ ਦਾ ਸ਼ੁਕਰ ਕਰੋ' ਆਖ ਕੇ ਸੂਬੇਦਾਰ ਨੇ ਫਾਈਲ ਬੰਦ ਕਰ ਦਿੱਤੀ।

'ਜੋ ਬੋਲੇ ਸੋ ਨਿਹਾਲ, ਬੋਲੇ ਸੋ ਨਿਹਾਲ' ਦੇ ਜੈਕਾਰੇ ਆਕਾਸ਼ ਵਿੱਚ ਗੂੰਜਣ ਲੱਗ ਪਏ।

'ਲਾਈਨ ਤੋੜ' ਹੌਲਦਾਰ ਨੇ ਕਿਹਾ ਤਾਂ ਸਾਰੇ ਬੈਰਕਾਂ ਵਿੱਚ ਖੁਸ਼ੀ ਖੁਸ਼ੀ ਚਲੇ ਗਏ।

'ਹੁਣ ਆਪਣਾ ਪਿੱਛਾ ਤਾਂ ਰੱਬ ਨੇ ਕਸਾਈਆਂ ਤੋਂ ਛੁਡਾ ਦਿੱਤਾ ਪਰ ਯਾਰ ਯਕੀਨ ਜਿਆ ਨੀ ਔਂਦਾ' ਪੰਡਤ ਨੇ ਕਿਹਾ।

'ਏਵੇਂ ਹੁੰਦਾ ਸਰਦਾਰ ਦਰਸ਼ਣ ਸਿੰਹਾਂ ਯਕੀਨ ਤਾਂ ਮੈਨੂੰ ਵੀ ਨੀ ਔਂਦਾ ਕਿਉਂਕਿ ਕੈਦ 'ਚ' ਰ੍ਹੈਣ ਦੀ ਆਦਤ ਜੀ ਪੈਗੀ ਆ' ਮੀਕੇ ਨੇ ਕਿਹਾ।

'ਓਹ ਕਿਵੇਂ?' ਕੇਵਲ ਨੇ ਪੁੱਛਿਆ।

'ਇੱਕ ਮਰਾਸੀ ਛੰਨ 'ਚ' ਰ੍ਹੈਂਦਾ ਸੀ, ਛੰਨ ਨੀਵੀਂ ਸੀ ਤੇ ਉਹ ਝੁੱਕ ਕੇ ਛੰਨ ਵਿੱਚ ਵੜਦਾ ਸੀ ਤੇ ਝੁਕ ਕੇ ਨਿਕਲਦਾ ਸੀ। ਕੋਈ ਕਨੇਡਾ ਚਲਾ ਗਿਆ ਕੋਠੀ 'ਚ' ਉਸੇ ਮਰਾਸੀ ਨੂੰ ਬਿਠਾ ਗਿਆ। ਕੋਠੀ ਦੇ ਬਾਰ ਬ੍ਹੌਤ ਉੱਚੇ ਸੀ ਪਰ ਮਰਾਸੀ ਫਿਰ ਵੀ ਝੁੱਕ ਕੇ ਅੰਦਰ ਵੜਦਾ ਸੀ ਕਿਉਂਕਿ ਉਸਨੂੰ ਆਦਤ ਪਈ ਸੀ। ਏਸੇ ਕਰਕੇ ਆਪਾਂ ਨੂੰ ਵੀ ਆਦਤ ਪਈ ਆ ਜਕੀਨ ਤਾਂ ਨੀ ਔਂਦਾ' ਮੀਕੇ ਨੇ ਕਿਹਾ।

'ਲਓ ਵਈ ਨੀਲੀ ਛਤਰੀ ਵਾਲੇ ਨੇ ਸੁਣਲੀ' ਕੇਵਲ ਨੇ ਕਿਹਾ।

'ਚਲੋ ਫਿਰ ਇਸ ਖੁਸ਼ੀ 'ਚ' ਗਾਣਾ ਵਜਾਣਾ ਚੁਟਕਲੇ ਹੋ ਜਾਣ?' ਦਰਸ਼ਨ ਨੇ ਕਿਹਾ।

'ਹਾਂ ਹਾਂ ਵਈ ਠੀਕ ਆ ਮਹਿਫਲ ਜੰਮੀ ਆ ਫਿਰ ਤਾਂ ਆਪਾਂ ਕੋਈ ਕਿਤੇ ਚਲਿਆ ਜਾਣਾਂ, ਕੋਈ ਕਿਤੇ ਚਲਿਆ ਜਾਣਾਂ ਮਨੋਰੰਜਨ ਹੋ ਜਾਏ, ਕਾਮਰੇਡ ਨੇ ਵੀ ਹਾਂ 'ਚ' ਹਾਂ ਮਿਲਾਈ। ਕੇਵਲ ਖੜ੍ਹਾ ਹੋ ਕੇ ਸ਼ੁਰੂ ਹੋ ਗਿਆ।

'ਮੈਂ ਮੇਰੇ ਦੋਸਤ ਦੀ ਗੱਲ ਦੱਸਦਾਂ-ਇੱਕ ਫੌਜੀ ਪ੍ਰੇਡ ਤੋਂ 28 ਸਕਿੰਟ ਲੇਟ ਹੋ ਗਿਆ। ਅਫਸਰ ਨੇ ਕਿਹਾ ਤੂੰ ਲੇਟ ਐਂ ਪਰ ਉਹ ਕ੍ਹੈਂਦਾ ਜੀ ਮੇਰੀ ਘੜੀ ਮੁਤਾਬਕ ਮੈਂ ਸਹੀ ਆਂ। ਅਫਸਰ ਕ੍ਹੈਂਦਾ-

'ਓਏ ਮੂਰਖਾ ਘੜੀਆਂ ਦੇ ਟਾਈਮ ਤੇ ਮੂਰਖਾਂ ਦੇ ਵਿਚਾਰ ਕਦੇ ਨੀ ਰਲਦੇ?'

'ਕ੍ਹੈਂਦਾ ਜੀ ਏਹ ਤਾਂ ਮੈਨੂੰ ਪਤਾ ਨੀ ਪਰ ਮੇਰੀ ਘੜੀ ਸਹੀ ਆ'

'ਘੜੀਆਂ ਤੇ ਬੁੜ੍ਹੀਆਂ ਸਾਥ ਨੀ ਦਿੰਦੀਆਂ' ਅਫਸਰ ਨੇ ਪ੍ਰੇਮ ਨਾਲ ਸਮਝਾਇਆ ਕਿ ਮੰਨ ਜਾਵੇ ਆਖ ਦੇਵੇ ਮੈਂ ਲੇਟ ਆਂ ਸੌਰੀ!

'ਤੁਸੀਂ ਗਲਤ ਕਿਹਾ ਜੀ ਕਿ ਬੁੜ੍ਹੀਆਂ ਸਾਥ ਨੀ ਦਿੰਦੀਆਂ, ਪਰ ਤੀਵੀਆਂ ਸਾਥ ਦਿੰਦੀਆ ਮਿਸਾਲ ਦੇ ਤੌਰ ਤੇ ਹੀਰ ਰਾਂਝੇ ਦੀ ਖਾਤਰ ਮਰਗੀ, ਸੋਹਣੀ ਮਹੀਂਵਾਲ ਦੀ ਖਾਤਰ ਮਰਗੀ, ਸੱਸੀ ਪੁਨੂੰ ਦੀ ਖਾਤਰ ਮਰਗੀ' ਜਵਾਨ ਨੇ ਕਿਹਾ।

'ਸਾਹਿਬਾਂ ਬਾਰੇ ਕੀ ਖਿਆਲ ਆ? ਅਫਸਰ ਨੇ ਕਿਹਾ।

'ਸਾਬ੍ਹ ਸ੍ਹੈਬਾਂ ਦਾ ਛੱਡੋ, ਪੰਜੇ ਉਂਗਲਾਂ ਬਰਾਬਰ ਨੀ ਹੁੰਦੀਆਂ, ਪੁਰਾਣੇ ਜ਼ਮਾਨੇ 'ਚ' ਪਤਨੀਆਂ ਪਤੀ ਦੇ ਨਾਲ ਸਤੀ ਹੋ ਜਾਂਦੀਆਂ ਸਨ ਪਰ ਮੈਂ ਲੇਟ ਨੀ' ਜਵਾਨ ਨੇ ਕਿਹਾ। ਅਫਸਰ ਗੁੱਸਾ ਖਾ ਗਿਆ ਉਸਨੇ ਕਿਹਾ-

'ਸੂਬੇਦਾਰ ਸਾਹਬ ਜਵਾਨ ਕਿੰਨਾ ਲੇਟ ਆ? ਅਫਸਰ ਨੇ ਪੁੱਛਿਆ।

'ਜੀ 28 ਸਕਿੰਟ' ਸੂਬੇਦਾਰ ਨੇ ਫਟਾ-ਫਟ ਜਵਾਬ ਦਿੱਤਾ

'ਇਸਨੂੰ 28 ਦਿਨ ਵਾਸਤੇ ਅੰਦਰ ਕਰੋ' ਅਫਸਰ ਨੇ ਕਿਹਾ ਦੂਜੇ ਦਿਨ ਜਵਾਨ ਨੂੰ 28 ਦਿਨ ਦੀ ਹੋਗੀ। ਕੇਵਲ ਨੇ ਕਿਹਾ।

'ਕੰਜਰ ਮੰਨ ਜਾਂਦਾ' ਮੀਕੇ ਨੇ ਕਿਹਾ ਪਰ ਕੇਵਲ ਨੇ ਬਿਆਨ ਜਾਰੀ ਰੱਖਿਆ-

'ਓਹ ਸੀ 'ਮੈਂ ਨਾ ਮਾਨੂੰ' ਉਸਨੂੰ ਸਜ਼ਾ ਹੋਗੀ ਭਾਈ ਗਰਮੀਆਂ ਦਾ ਮਹੀਨਾ ਉਸਦੇ ਪਿੱਠੂ ਲਾਇਆ ਨਾਇਕ ਉਸਨੂੰ ਭਜਾ ਭਜਾ ਕੇ ਸਜ਼ਾ ਦੇ ਰਿਹਾ ਸੀ। ਉੱਧਰੋਂ ਉਸਦਾ ਪਿਓ ਹਜ਼ੂਰ ਸਾਹਬ ਜਾ ਰਿਹਾ ਸੀ। ਸੋਚਿਆ ਆਵਦੇ ਮੁੰਡੇ ਨੂੰ ਮਿਲ ਜਾਵਾਂ ਉਹ ਸਬੱਬ ਨਾਲ ਮਿਲਣ ਆ ਗਿਆ। ਉਸਨੇ ਦੇਖਿਆ ਮੇਰੇ ਮੁੰਡੇ ਦਾ ਬੁਰਾ ਹਾਲ ਹੈ ਉਸ ਨੇ ਆਵਦੇ ਮੁੰਡੇ ਨੂੰ ਪੁੱਛਿਆ-

'ਕੀ ਗੱਲ ਹੋਗੀ ਪੁੱਤ? ਤੈਨੂੰ ਕਿਵੇਂ ਛੱਲੀਆਂ ਦੇ ਚੋਰ ਵਾਂਗੂੰ ਭਜਾਈ ਫਿਰਦੇ ਆ?'

'ਬਾਪੂ ਇਹ ਮੈਂ ਕੋਰਸ ਕਰ ਰਿਹਾਂ ਪਾਸ ਹੋਣ ਤੋਂ ਬਾਅਦ ਤਰੱਕੀ ਮਿਲੂਗੀ' ਮੁੰਡੇ ਨੇ ਝੱਟ ਹਾਜ਼ਰ ਜਵਾਬ ਦਿੱਤਾ ਬਾਪੂ ਖੁਸ਼ ਹੋ ਗਿਆ। ਉੱਧਰੋਂ ਨਾਇਕ ਨੇ ਸੋਚਿਆ ਇਸਦਾ ਬਾਪੂ ਮਿਲਣ ਵਾਸਤੇ ਆਇਆ ਹੈ ਇਸਨੂੰ ਛੱਡ ਦਿੰਨਾ ਨਈਂ ਤਾਂ ਇਸਦੀ ਬੇਜ਼ਤੀ ਆ। ਨਾਇਕ ਨੇ ਛਾਂਵੇਂ ਬਾਪੂ ਕੋਲ ਬਿਠਾ ਦਿੱਤਾ ਤਾਂ ਬਾਪੂ ਝੱਟ ਬੋਲ ਪਿਆ-

'ਛੋਟਿਆ ਇਸਨੂੰ ਬਿਠਾ ਕਾਹਤੋਂ ਦਿੱਤਾ ਤੂੰ ਏਨੂੰ ਬਿਠਾ ਨਾ ਦੱਬ ਕੇ ਦਵੱਲ ਕਿਤੇ ਏਹ ਕੋਰਸ 'ਚੋਂ' ਫੇਲ੍ਹ ਨਾ ਹੋ ਜਾਏ' ਕੇਵਲ ਦੀ ਗੱਲ ਤੇ ਸਾਰੇ ਹੱਸ ਪਏ। ਉੱਧਰੋਂ ਕੈਪਟਨ ਵੀ ਆ ਗਿਆ। ਨਾਇਕ ਨੇ ਕੈਪਟਨ ਨੂੰ ਸਲੂਟ ਮਾਰਿਆ।

'ਕੀ ਹਾਲ ਆ ਬਾਬਾ ਜੀ?' ਕੈਪਟਨ ਨੇ ਮੁੰਡੇ ਦੇ ਪਿਓ ਨੂੰ ਪੁੱਛਿਆ।

'ਠੀਕ ਆ ਸੂਬੇਦਾਰ ਸਾਬ' ਮੁੰਡੇ ਦੇ ਪਿਓ ਨੇ ਹੱਥ ਜੋੜ ਕੇ ਕਿਹਾ। ਪਰ ਸੂਬੇਦਾਰ ਕਹਿਣ ਤੇ ਕੈਪਟਨ ਨੂੰ ਗੁੱਸਾ ਆ ਗਿਆ ਕਿ ਮੈਂ ਕੈਪਟਨ ਇਹ ਮੈਨੂੰ ਸੂਬੇਦਾਰ ਆਖੀ ਜਾਂਦਾ। ਕੈਪਟਨ ਬੋਲਿਆ-

'ਬਾਬਾ ਜੀ ਮੈਂ ਕੈਪਟਨ ਆਂ ਸੂਬੇਦਾਰ ਨਹੀਂ'

'ਕੋਈ ਨੀ ਕਪਤਾਨ ਜੀ ਰੱਬ ਤੈਨੂੰ ਸੂਬੇਦਾਰ ਵੀ ਬਣਾਊਗਾ' ਬਾਬੇ ਨੇ ਕਿਹਾ ਸਾਰੇ ਹੱਸ ਪਏ। ਰਾਤ ਨੂੰ ਗਾਣੇ ਗਾ ਕੇ ਮਨੋਰੰਜਨ ਕੀਤਾ। ਮੀਕੇ ਨੇ ਕੇਵਲ ਦੇ ਭਰਾ ਬੱਲੇ ਦੀ ਗੱਲ ਸੁਣਾਈ-

'ਭਰਾਵੋ ਇੱਕ ਵਾਰ ਮੈਂ ਤੇ ਕੇਵਲ ਇਕੱਠੇ ਛੁੱਟੀ ਗਏ'

'ਫਿਰ? ਦਰਸ਼ਨ ਨੇ ਅੱਗੇ ਹੋ ਕੇ ਪੁੱਛਿਆ।

'ਕੇਵਲ ਘਰ ਨਹੀਂ ਸੀ ਮੈਂ ਚਾਹ ਪਾਣੀ ਪੀਣ ਤੋਂ ਬਾਅਦ ਏਨ੍ਹਾ ਦੇ ਖੇਤ ਚਲਾ ਗਿਆ। ਖੇਤ ਮੋਟਰ ਵਾਲੀ ਬੈਠਕ 'ਚ' ਬੱਲਾ ਬਿਸਤਰਾ ਠੀਕ ਕਰ ਰਿਹਾ ਸੀ ਕਿਉਂਕਿ ਬੱਲੇ ਨੇ ਵਿਆਹ ਤਾਂ ਕਰਵਾਇਆ ਸੀ ਪਰ ਬੱਲੇ ਦੇ ਪੁੱਠੇ ਕੰਮ ਦੇਖ ਕੇ ਰੰਨ ਪੇਕੀ ਚਲੀ ਗਈ। ਬੱਲੇ ਦੇ ਹਾਣਦਿਆਂ ਦੇ ਜੁਆਕ ਸਨ ਪਰ ਬੱਲਾ ਉੱਠ ਦੀ ਪੂਛ ਵਰਗਾ ਸੀ!'

'ਕੀ ਗੱਲ ਤੂੰ ਰਾਤ ਨੂੰ ਖੇਤ ਗਿਆ ਸੀ? ਕਾਮਰੇਡ ਨੇ ਪੁੱਛਿਆ।

'ਰਾਤ ਨੂੰ ਨੀ ਦਿਨੇ'

'ਮੈਂ ਸੋਚਿਆ ਰਾਤ ਨੂੰ ਪੀਣ ਪੂਣ ਗਿਆ ਹੋਏਂਗਾ' ਕਾਮਰੇਡ ਨੇ ਕਿਹਾ।

'ਗਿਆ ਤਾਂ ਮੈਂ ਪੀਣ ਈ ਸੀ ਪਰ ਦੁਪਹਿਰੇ' ਮੀਕੇ ਨੇ ਕਿਹਾ ਤਾਂ ਸਾਰੇ ਹੱਸ ਪਏ।

'ਭਾਈ ਬਿਸਤਰਾ ਠੀਕ ਕਰਦੇ ਹੋਏ ਮੈਂ ਬੱਲੇ ਨੂੰ ਪੁੱਛਿਆ ਕੀ ਹੋ ਗਿਆ ਬਿਸਤਰੇ ਨੂੰ ਐਵੇਂ ਝਾੜੀ ਜਾਨੈ?'

'ਕੀ ਦੱਸਾਂ ਯਾਰ ਮੈਂ ਆਹ ਚਿੜੇ ਬਾਰੇ ਸੋਚਦਾਂ ਬੱਲੇ ਨੇ ਛੱਤ ਤੇ ਆਲ੍ਹਣਾ ਬਣਾਉਂਦੇ ਹੋਏ ਚਿੜੇ ਨੂੰ ਦੇਖ ਕੇ ਕਿਹਾ ਜੋ ਕਿ ਬਾਹਰੋਂ ਤੀਲੇ ਲਿਆ ਕੇ ਰੱਖਦਾ ਪਰ ਤੀਲੇ ਥੱਲੇ ਡਿੱਗ ਪੈਂਦੇ ਇਸ ਕਾਰਵਾਈ ਨੂੰ ਮੈਂ ਵੀ ਦੇਖ ਰਿਹਾ ਸੀ ਤੇ ਮੈਂ ਵੀ ਬੋਲਿਆ-

'ਸਾਲਿਆ ਚਿੜਿਆਂ ਦਿਆ ਤੀਲੇ ਸਹੀ ਥਾਂ ਤੇ ਨੀ ਰੱਖ ਸਕਦਾ ਜੇ ਏਹ ਥਾਂ ਸਹੀ ਨੀ ਤੇ ਹੋਰ ਕਿਤੇ ਜਾ ਕੇ ਆਲ੍ਹਣਾ ਪਾ ਲੈ ਤੂੰ ਕੇੜ੍ਹਾ ਨਕਸ਼ਾ ਬਨਵਾਉਣੈ?

'ਏਹੋ ਤਾਂ ਮੈਂ ਸੋਚਦਾਂ ਕਿ ਇਸ ਦੇ ਨਾਲਦਿਆਂ ਚਿੜਿਆਂ ਨੇ ਬੱਚੇ ਕੱਢ ਲੇ ਤੇ ਇਸ ਸਾਲੇ ਕੋਲੋਂ ਆਲ੍ਹਣਾ ਨੀ ਬਣਿਆ! ਉੱਪਰ ਦੇਖਦੇ ਹੋਏ ਬੱਲੇ ਨੇ ਕਿਹਾ।

'ਜਿਹੋ ਜਿਆ ਤੂੰ ਉਹੋ ਜਿਆ ਤੇਰਾ ਚਿੜਾ' ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ। ਤਾਂ ਬੱਲੇ ਨੇ ਕੁਨੈਨ ਪੀਤੀ ਵਰਗਾ ਮੂੰਹ ਬਣਾ ਲਿਆ ਤੇ ਮੈਨੂੰ ਪਾਣੀ ਵੀ ਨੀ ਪਿਆਇਆ ਮੈਂ ਵਾਪਸ ਪਿੰਡ ਆ ਗਿਆ। ਮੀਕੇ ਦੀ ਗੱਲ ਸੁਣਕੇ ਸਾਰੇ ਹੱਸ ਪਏ। ਪਰ ਮੀਕਾ ਵੀ ਠੀਕ ਆਖ ਰਿਹਾ ਸੀ ਬੱਲੇ ਦੇ ਹਾਣ ਦੇ ਜੁਆਕ ਜੱਲੇ ਵਾਲੇ ਸਨ ਤੇ ਬੱਲਾ ਚਿੜੇ ਵਾਂਗੂੰ ਛੜਾ ਮਲੰਗ!

ਕਿਸੇ ਨੇ ਕੁਛ ਕਿਸੇ ਕੁਛ ਸੁਣਾਇਆ ਸਾਰੀ ਰਾਤ ਰੌਣਕਾਂ ਲੱਗੀਆਂ ਰਹੀਆਂ ਸਵੇਰੇ ਉੱਠ ਕੇ ਸਾਰਿਆਂ ਨੇ ਪਾਠ ਕੀਤਾ। ਕੋਈ ਚਿੱਠੀ ਲਿਖਣ ਲੱਗ ਪਿਆ। ਦੋ ਤਿੰਨ ਦਿਨ ਮਸਾਂ ਕੱਟੇ।

ਸੀਟੀ ਵੱਜੀ ਸੂਬੇਦਾਰ ਖਾਲੀ ਹੱਥ ਆ ਰਿਹਾ ਸੀ!

'ਮੀਕਿਆ ਸਾਬ੍ਹ ਖਾਲੀ ਹੱਥ ਬਾਹਵਾਂ ਜੀਆਂ ਲਮਕਾ ਕੇ ਤੁਰਿਆ ਔਂਦਾ' ਕੇਵਲ ਨੇ ਕਿਹਾ।

'ਨਾਂ ਹੋਰ ਥੋਡੇ ਵਾਸਤੇ ਸਵੇਰੇ ਸਵੇਰੇ ਰੱਮ ਦੀ ਪੇਟੀ ਲਿਔਣੀ ਸੀ' ਕਾਮਰੇਡ ਨੇ ਕਿਹਾ।

'ਭਰਾਵਾ ਸਾਨੂੰ ਕੁਸ਼ ਨੀ ਚਾਹੀਦਾ ਬੱਸ ਸਾਨੂੰ ਫਰੀ ਕਰਨ' ਦਰਸ਼ਨ ਨੇ ਰੋਣਹਾਕਾ ਹੋ ਕੇ ਕਿਹਾ।

'ਓਏ ਪੰਡਤਾ ਕਿਉਂ ਡਰਦਾਂ ਕੱਲ ਕਾਲੀਆਂ ਨੇ ਗੱਲ ਕਰਲੀ ਆ ਬੱਸ ਸੂਬੇਦਾਰ ਨੇ ਆਖ ਦੇਣਾਂ ਲਾਈਨ ਤੋੜ' ਮੀਕੇ ਨੇ ਕਿਹਾ। ਸਾਰਿਆਂ ਨੇ ਤਾੜੀਆਂ ਮਾਰੀਆਂ।

'ਯਾਰ ਜੇ ਕਾਲੀਆਂ ਨੇ ਆਪਣੇ ਬਾਰੇ ਗੱਲ ਨਾ ਕੀਤੀ?' ਦਰਸ਼ਨ ਨੇ ਕਿਹਾ।

'ਕਿਉਂ ਨਾ ਕਰਨਗੇ ਅਸੀਂ ਕੁਰਬਾਨੀ ਦੇਤੀ ਦਰਬਾਰ ਸੈਬ੍ਹ ਖਾਤਰ ਤੇ ਏਹ ਟਕੇ ਦੀ ਜ਼ੁਬਾਨ ਹਿਲਾ ਕੇ ਗੱਲ ਨਾ ਕਰਨਗੇ?' ਮੀਕੇ ਨੇ ਕਿਹਾ।

'ਤੈਨੂੰ ਯਾਦ ਆ ਨਾ ਕਰਨਲ ਸਾਬ੍ਹ ਨੇ ਆਪਾਂ ਨੂੰ ਕਿਹਾ ਸੀ ਕਿ ਲੀਡਰ, ਪੁਲਸ ਵਾਲੇ ਤੇ ਸੱਪ ਦਾ ਕੋਈ ਭਰੋਸਾ ਨੀ' ਦਰਸ਼ਨ ਨੇ ਪੁੱਛਿਆ।

'ਹਾਂ ਪੂਰੀ ਤਰਾਂ ਜਾਦ ਆ ਅਜੇ ਕੱਲ ਦੀ ਤਾਂ ਗੱਲ ਆ' ਕੇਵਲ ਨੇ ਵਿੱਚੋਂ ਕਿਹਾ।

'ਏਸੇ ਕਰਕੇ ਮੈਨੂੰ ਜਕੀਨ ਜਿਆ ਨੀ ਔਂਦਾ' ਦਰਸ਼ਨ ਕਿਹਾ। ਸਾਰੇ ਗ੍ਰਾਊਂਡ ਵਿੱਚ ਜਾਕੇ ਫਾਲਨ ਹੋ ਗਏ। ਹੌਲਦਾਰ ਨੇ ਸਲੂਟ ਮਾਰਕੇ ਚਾਰਜ ਸੂਬੇਦਾਰ ਨੂੰ ਦੇ ਦਿੱਤਾ। ਸੂਬੇਦਾਰ ਬਹੁਤ ਉਦਾਸ ਸੀ।

'ਮੇਰੇ ਬਹਾਦਰ ਜਵਾਨੋ ਜੋ ਮੈਂ ਥੋਨੂੰ ਦੱਸਣ ਜਾ ਰਿਹਾ ਹਾਂ ਉਹ ਦੱਸਣ ਵਾਸਤੇ ਮੇਰੀ ਜ਼ਬਾਨ ਸਾਥ ਨਹੀਂ ਦੇ ਰਹੀ ਜੋ ਵੀ ਅਗਲਾ ਹੁਕਮ ਹੋਵੇਗਾ ਹੌਲਦਾਰ ਮੇਜਰ ਦੱਸੇਗਾ ਮੈਂ ਸਿਰਫ ਆਖਰੀ ਵਾਰ ਬਹਾਦਰਾਂ ਦੇ ਦਰਸ਼ਨ ਕਰਨ ਆਇਆ ਸੀ ਕਿਉਂਕਿ ਅੱਜ ਹੀ ਰਾਤ ਨੂੰ ਮੇਰੀ ਬਦਲੀ ਗੁਹਾਟੀ ਦੀ ਹੋਗੀ ਸਤਿ ਸ੍ਰੀ ਅਕਾਲ।

ਸੂਬੇਦਾਰ ਦਾ ਗਲ ਭਰ ਆਇਆ ਰੋਣ ਹਾਕਾ ਹੋ ਕੇ ਮਸਾਂ ਬੋਲਿਆ, ਤੇ ਚਲਾ ਗਿਆ ਜਾਂਦਾ ਜਾਂਦਾ ਪਿੱਛੇ ਮੁੜਕੇ ਦੇਖਦਾ ਜਾਂਦਾ ਸੀ। ਕਿਸੇ ਦੀ ਸਮਝ ਵਿੱਚ ਕੁਛ ਨਹੀਂ ਆਇਆ ਪਰ ਉਸਦੀਆਂ ਗੱਲਾਂ ਸੁਣ ਕੇ ਸਾਰੇ ਘਬਰਾ ਜਰੂਰ ਗਏ ਅਤੇ ਘੁਸਰ ਮੁਸਰ ਕਰਨ ਲੱਗ ਪਏ।

'ਯਾਰ ਸਾਬ੍ਹ ਨੂੰ ਕੀ ਹੋ ਗਿਆ ਕਿਤੇ ਏਦ੍ਹਾ ਕੋਈ ਪੁੱਤ ਧੀ ਤਾਂ ਨੀ ਮਰ ਗਿਆ' ਸਾਰੇ ਸੋਚ ਰਹੇ ਸਨ। ਬਿਹਾਰੀ ਹੌਲਦਾਰ ਮੇਜਰ ਸੂਬੇਦਾਰ ਨੂੰ ਥੋੜੀ ਦੂਰ ਛੱਡ ਕੇ ਮੁੱਛਾਂ ਨੂੰ ਵਟਾ ਦੇ ਕੇ ਵਾਪਸ ਆ ਗਿਆ ਇਹ ਸਾਰੇ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਕੀ ਹੋ ਗਿਆ ਮਾਜਰਾ ਕੀ ਹੈ? ਸਮਝ ਕੁਛ ਨਹੀਂ ਆ ਰਿਹਾ ਸੀ ਇੱਕ ਗੱਲ ਸਮਝ ਵਿੱਚ ਆ ਵੀ ਰਹੀ ਸੀ ਕਿ ਸਾਡੇ ਉੱਤੇ ਕੋਈ ਬੰਬ ਫਟਣ ਵਾਲਾ ਹੈ!

'ਸਾਵਧਾਨ' ਹੌਲਦਾਰ ਨੇ ਗਲਾ ਪਾੜ ਕੇ ਕਿਹਾ ਸਾਰੇ ਸਾਵਧਾਨ ਹੋ ਗਏ।

'ਵਿਸ਼ਰਾਮ' ਹੌਲਦਾਰ ਦੇ ਹੁਕਮ ਤੇ ਆਰਾਮ ਨਾਲ ਖੜ੍ਹੇ ਹੋ ਗਏ।

'ਮੇਰੇ ਹੋਤੇ ਹੂਏ ਕੋਈ ਭੀ ਮੂੰਹ ਨਹੀਂ ਖੋਲ੍ਹੇਗਾ! ਦੇਖ ਲੀਆ ਤੁਮ੍ਹਾਰੇ ਖਾਲਸੋਂ ਕਾ ਕਾਰਾ! ਕੱਲ ਕਾਂਗਰਸ ਸੇ ਬਾਤ ਹੁਈ ਅਕਾਲੀਓਂ ਨੇ ਅਪਨੇ ਫਾਇਦੇ ਕੀ ਬਾਤੇਂ ਕੀ ਅਪਨਾ ਲਾਹਾ ਲੇ ਲੀਆ ਔਰ ਤੁਮਕੋ ਛੋੜ ਦੀਆ ਹਮਾਰੇ ਰਹਿਮੋਂ ਕਰਮ ਪਰ! ਅਬ ਹਮ ਚਾਹੇਂ ਤੁਮ ਕੋ ਭੂਖਾ ਪਿਆਸਾ ਰੱਖ ਕਰ ਮਾਰੇਂ, ਜਾਂ ਡੰਡੇ ਸੇ ਮਾਰੇਂ, ਹੈ ਤੁਮਕੋ ਮਾਰਨਾ ਹੀ' ਹੌਲਦਾਰ ਨੇ ਕਿਹਾ।

'ਕਿਆ ਬਾਤ ਹੁਈ ਮੇਜਰ?' ਸਾਰਿਆਂ ਨੇ ਪੁੱਛਿਆ।

'ਅਬ ਭੀ ਬਾਤ ਕਾ ਪਤਾ ਨਹੀਂ ਚਲਾ? ਬ੍ਹੌਤ ਭੋਲੇ ਹੋ ਤੁਮ! ਹਾਂ ਭੋਲੇ ਨਾ ਹੋਤੇ ਤੋ ਅਪਨੀ ਰੋਜ਼ੀ ਰੋਟੀ ਕੋ ਕਿਓਂ ਲਾਤ ਮਾਰਤੇ ਏਕ ਗੁਰਦਵਾਰਾ ਕੀ ਖਾਤਰ?'

'ਫਿਰ ਭੀ ਮੇਜਰ ਹਮ ਨੇ ਆਪਕਾ ਤੋ ਕੁਛ ਭੀ ਨਹੀਂ ਬਿਗਾੜਾ ਸਾਫ ਸਾਫ ਬਤਾਓ?

'ਅਰੇ ਤੁਮ ਲੋਗ ਮੇਰਾ ਬਿਗਾੜ ਭੀ ਕਿਆ ਸਕਤੇ ਹੋ? ਮੈਨੇ ਕਹਾ ਨਾ ਅਬ ਤੁਮ ਲੋਗ ਹਮਾਰੇ ਰਹਿਮੋਂ ਕਰਮ ਪਰ ਹੋ' ਹੌਲਦਾਰ ਨੇ ਕਿਹਾ ਸਾਰਿਆਂ ਨੂੰ ਗੁੱਸਾ ਆਇਆ ਕਿ ਇਹ ਸਾਲੇ ਭਈਏ ਸਾਡੇ ਕੁੱਕੜਾਂ ਵਾਲੇ ਖੁੱਡਿਆਂ ਉਤੇ ਸੌਂਦੇ ਆ ਤੇ ਐਥੇ ਜੈਲਦਾਰ ਬਣਿਆ ਫਿਰਦੇ।

'ਮੇਜਰ ਜੀ ਕੱਲ ਕਾਂਗਰਸ ਸੇ ਅਕਾਲੀਓਂ ਕੀ ਬਾਤ ਹੁਈ?' ਮੀਕੇ ਨੇ ਪੁੱਛਿਆ।

'ਅਰੇ ਵੋਹੀ ਤੋ ਬਤਾ ਰਹਾ ਹੂੰ ਤੁਮ ਲੋਗ ਸਮਝ ਨਹੀਂ ਰਹੇ ਅਕਾਲੀਓਂ ਨੇ ਆਪ ਲੋਗੋਂ ਕੋ ਛੋੜਨੇ ਜਾਂ ਵਾਪਸ ਡਿਊਟੀਓਂ ਪਰ ਜਾਨੇ ਕੇ ਲੀਏ ਕੋਈ ਮਾਂਗ ਨਹੀਂ ਰੱਖੀ ਅਬ ਸੜੋ ਜੇਲ੍ਹੋਂ ਮੇਂ ਹਾਹਾ ਹਾਹਾ ਹਾਹਾ'!

'ਹੈਂ' ਹੈਂ' ਸਾਰਿਆਂ ਹੈਰਾਨ ਹੋ ਕੇ ਪੁੱਛਿਆ।

'ਕਿਆ ਬਾਤ ਕਰਤੇ ਹੋ ਮੇਜਰ? ਕਿਆ ਹਮਾਰਾ ਜ਼ਿਕਰ ਹੀ ਨਹੀਂ ਕੀਆ'?

'ਅਗਰ ਤੁਮ੍ਹਾਰਾ ਜ਼ਿਕਰ ਨਾ ਕੀਆ ਹੋਤਾ ਤੋ ਅੱਛਾ ਥਾ! ਹਮ ਲੋਗ ਉਨ ਪਰ ਦਬਾ ਪਾਤੇ ਕਿ ਭਗੌੜੇ ਫੌਜੀਓਂ ਕਾ ਕਿਆ ਕਰਨਾ ਹੈ? ਦੁਬਾਰਾ ਮੀਟਿੰਗ ਰੱਖਤੇ ਔਰ ਤੁਮ ਲੋਗੋਂ ਕੋ ਆਜ਼ਾਦ ਕਰਵਾਤੇ'

'ਹਮ ਸਮਝੇ ਨਹੀਂ' ਕੇਵਲ ਨੇ ਕਿਹਾ।

'ਤੁਮਾਰਾ ਜ਼ਿਕਰ ਕੀਆ, ਸਿਰਫ ਇਤਨਾ ਹੀ ਕਹਾ ਕਿ ਇਨ ਪਰ ਨਰਮੀਂ ਵਰਤੀ ਜਾਏ ਛੋੜਨੇ ਕੋ ਨਹੀਂ ਕਹਾ!' ਹੌਲਦਾਰ ਨੇ ਕਿਹਾ ਸਿਰ ਘੁਮਾ ਕੇ ਕਿਹਾ, ਤਾਂ ਸਾਰਿਆਂ ਦੇ ਹੱਥਾਂ ਦੇ ਤੋਤੇ ਉੱਡ ਗਏ ਉੱਡਣੇ ਹੀ ਸਨ ਕਿੱਥੇ ਇਹ ਵਾਪਸ ਡਿਊਟੀਆਂ ਤੇ ਜਾਣ ਬਾਰੇ ਸੋਚ ਰਹੇ ਸਨ ਤੇ ਕਿੱਥੇ ਜੇਲ੍ਹਾਂ ਵਿੱਚ ਸੜਨਾ ਉਹ ਵੀ ਪਤਾ ਨਹੀ ਕਿੰਨੇ ਕਿੰਨੇ ਸਾਲ?

'ਕੈਸੀ ਨਰਮੀਂ ਵਰਤੋਗੇ ਆਪ ਲੋਗ?' ਦਰਸ਼ਨ ਨੇ ਪੁੱਛਿਆ।

'ਪੱਕਾ ਪਤਾ ਤੋ ਮੇਰੇ ਕੋ ਭੀ ਨਹੀਂ' ਹੌਲਦਾਰ ਨੇ ਕਿਹਾ ਤਾਂ ਸਾਰੇ ਲੱਗੇ ਅਕਾਲੀਆਂ ਨੂੰ ਗਾਲਾਂ ਕੱਢਣ।

'ਆਪ ਲੋਗ ਬੈਰਕੋਂ ਮੇਂ ਜਾਵੋ ਕੱਲ ਸੇ ਤੁਮਾਰੇ ਕੋਰਟ ਮਾਰਸ਼ਲ ਕੀ ਕਾਰਵਾਈ ਸ਼ੁਰੂ ਹੋਗੀ!' ਹੌਲਦਾਰ ਚਲਾ ਗਿਆ।

'ਦੁਸ਼ਮਨੋਂ ਨੇ ਤੋ ਦੁਸ਼ਮਨੀ ਕੀ ਹੈ, ਅਪਨੋ ਨੇ ਕਿਆ ਕਮੀਂ ਕੀ ਹੈ?' ਕਾਮਰੇਡ ਨੇ ਹੈਰਾਨੀ ਨਾਲ ਕਿਹਾ।

'ਹੁਣ ਯਾਦ ਕਰੋ ਕਰਨਲ ਸਾਬ੍ਹ ਨੇ ਕਿਹਾ ਸੀ ਕਿ ਹੋ ਸਕਦਾ ਦਰਬਾਰ ਸੈਬ੍ਹ ਤੇ ਹਮਲਾ ਅਕਾਲੀਆਂ ਨੇ ਹੀ ਕਰਵਾਇਆ ਹੋਵੇ ਕਾਮਰੇਡ ਨੇ ਗੁੱਸੇ ਨਾਲ ਕਿਹਾ।

'ਹਜੇ ਵੀ ਏਦ੍ਹੇ 'ਚ' ਕੋਈ ਸ਼ੱਕ ਆ, ਸਗੋਂ ਕਾਲੀ ਤਾਂ ਆਪਣੇ ਤੇ ਗੁੱਸੇ ਹੁੰਦੇ ਹੋਣੇ ਆ ਕਿ ਕਿਉਂ ਭੱਜੇ?' ਮੀਕੇ ਨੇ ਕਿਹਾ।

'ਕੇੜ੍ਹੇ ਮੂੰਹ ਨਾਲ ਕਾਲੀ ਕ੍ਹੈਂਦੇ, ਕਿ ਭਗੌੜੇ ਫੌਜੀ ਛੱਡੋ ਭਲਾਂ ਹਮਲਾ ਕਾਲੀਆਂ ਨੇ ਕਰਵਾਇਆ ਹੋਵੇ' ਕਾਮਰੇਡ ਨੇ ਕਿਹਾ। ਸਾਰੇ ਫੌਜੀ ਚਲਦੀਆਂ ਫਿਰਦੀਆਂ ਲਾਸ਼ਾਂ ਵਾਂਗੂੰ ਢਿੱਲੇ ਢਿੱਲੇ ਤੁਰਦੇ ਹੋਏ ਬੈਰਕਾਂ ਵਿੱਚ ਆ ਗਏ।

'ਮੇਰਿਓ ਸਾਲਿਓ ਕਾਲਿਓ ਭ੍ਹੈੜੇ ਥੋੜੀ ਬੜੀ ਏਹ ਤੁਸੀਂ ਕੀ ਕੀਤਾ? ਸਾਡਾ ਖਿਆਲ ਰੱਖਿਆ ਈ ਨੀ, ਸਾਡੇ ਮਾਂ ਬਾਪ ਬਾਲ ਜਿਹੜੇ ਸਿਰਫ ਸਾਡੀ ਤਨਖਾਹ ਤੇ ਹੀ ਪਲਦੇ ਹਨ ਕੀ ਖਾਣਗੇ? ਕੀ ਤੁਸੀਂ ਹਰ ਮਹੀਨੇ ਸਾਡੀ ਬਣਦੀ ਤਨਖਾਹ ਦੇਵੋਗੇ? ਜਵਾਬ ਹੈ ਨਹੀਂ! ਜੇ ਤੁਹਾਨੂੰ ਖਿਆਲ ਹੁੰਦਾ ਕਿ ਸਾਨੂੰ

ਤਨਖਾਹ ਦੇਣੀ ਪਊ ਤਾਂ ਤੁਸੀਂ ਜ਼ਰੂਰ ਸਾਡਾ ਜ਼ਿਕਰ ਕਰਕੇ ਸਾਨੂੰ ਕਾਲ ਕੋਠੜੀਆਂ ਤੋਂ ਬਚਾਉਂਦੇ। ਪਰ ਥੋਨੂੰ ਕੀ ਤੁਸੀਂ ਤਾਂ ਦਿੱਲੀ ਰਸਗੁੱਲੇ ਖਾਕੇ ਕਾਂਗਰਸ ਨਾਲ ਰਾਜ਼ੀਨਾਵਾਂ ਕਰ ਲਿਆ। ਕੋਈ ਨਹੀਂ ਸਾਨੂੰ ਜੇਲ੍ਹਾਂ ਵਿੱਚ ਸੁੱਟਵਾ ਕੇ ਜਿਉਂਦੇ ਤੁਸੀਂ ਵੀ ਨਹੀਂ ਰਹਿ ਸਕਦੇ! ਅਕਾਲੀਓ ਥੋਡਾ ਬੇੜਾ ਗਰਕ ਹੋ ਜਾਏ ਪਹਿਲਾਂ ਤੁਸੀ ਸਾਨੂੰ ਰੇਡੀਓ ਤੇ ਭੱਜਣ ਵਾਸਤੇ ਕਿਹਾ, ਅਸੀਂ ਬੈਰਕਾਂ ਛੱਡ ਕੇ ਜਾਨ ਤਲੀ ਤੇ ਰੱਖਕੇ ਭੱਜੇ ਤਸੀਹੇ ਕੱਟੇ, ਫਾਕੇ ਕੱਟੇ ਤੇ ਤੁਸੀਂ ਟੱਕੇ ਦੀ ਜ਼ਬਾਨ ਹਿਲਾ ਕੇ ਸਾਨੂੰ ਪਿੰਜਰਿਆਂ ਤੋਂ ਅਜ਼ਾਦ ਨਹੀਂ ਕਰਵਾ ਸਕੇ। ਕਾਹਦਾ ਰਾਜ਼ੀਨਾਵਾਂ ਕੀਤਾ ਤੁਸੀਂ? ਕਾਂਗਰਸੀਆਂ ਨਾਲ ਕਿ ਅਗਲੀ ਸਰਕਾਰ ਅਕਾਲੀਆਂ ਦੀ ਬਣੇ!'

ਸਾਰੇ ਆਪੋ ਆਪਣੇ ਮੂੰਹ ਵਿੱਚ ਗਾਲਾਂ ਦਾ ਪਾਠ ਕਰ ਰਹੇ ਸਨ। ਰਾਤ ਨੂੰ ਕਿਸੇ ਨੇ ਰੋਟੀ ਨਹੀਂ ਖਾਧੀ ਲੰਗਰ ਕਮਾਂਡਰ ਤੇ ਹੌਲਦਾਰ ਆਪ ਵੀ ਇਹਨਾਂ ਕੋਲ ਰੋਟੀ ਖੁਆਉਣ ਆਏ ਪਰ ਕਿਸੇ ਦੇ ਬੁਰਕੀ ਅੰਦਰ ਨਹੀਂ ਸੀ ਜਾ ਰਹੀ। ਆਖਰਕਾਰ ਖਾਣਾ ਡੋਲ੍ਹਣਾ ਪਿਆ ਦੂਜੇ ਹਫਤੇ ਕੋਟ ਆਫ ਇੰਨਕੁਆਰੀ ਵਾਸਤੇ ਅਫਸਰ ਆ ਗਏ। ਇੱਕ ਬੈਰਕ ਵਿੱਚ ਬੈਠ ਗਏ ਚਾਰ ਚੁਫੇਰੇ ਰਾਈਫਲਾਂ ਵਾਲੇ ਫੌਜੀ ਸਨ। ਇੱਕ ਮੇਜਰ ਰੈਂਕ ਦੇ ਹਿੰਦੂ ਅਫਸਰ ਨੇ ਕਿਹਾ।

'ਦੇਖੋ ਤੁਮ ਲੋਗੋਂ ਨੇ ਫੌਜ ਮੇਂ ਬਗਾਵਤ ਕੀ ਹੈ ਤੁਮ ਲੋਗੋਂ ਪਰ ਏਕ ਮਹੀਨੇ ਬਾਅਦ ਕੇਸ ਚਲੇਗਾ ਅਗਰ ਤੁਮ ਲੋਗ ਵਕੀਲ ਕਰਨਾ ਹੈ ਤੋ ਕਰ ਸਕਤੇ ਹੋ ਮੇਜਰ ਨੇ ਕਿਹਾ ਤਾਂ ਸਾਰਿਆਂ ਨੇ ਇੱਕ ਵਕੀਲ ਕਰ ਲਿਆ। ਕੋਰਟ ਆਫ ਇੰਕੁਆਰੀ ਚਲੀ ਸਾਰੇ ਅਫਸਰ ਆ ਗਏ ਇੱਕ ਅਧਖੜ ਉਮਰ ਦਾ ਸਿੱਧੀ ਵਕੀਲ ਵੀ ਕਾਲਾ ਕੋਟ ਪਾ ਕੇ ਹੱਥ ਵਿੱਚ ਬੈਗ ਫੜੀ ਨਜ਼ਰ ਦੀਆਂ ਐਨਕਾਂ ਲਾਈ ਆ ਗਿਆ ਆਉਂਦੇ ਨੇ ਸਿਰ ਝੁਕਾ ਕੇ ਫੌਜੀ ਅਫਸਰਾਂ ਦਾ ਸਨਮਾਨ ਕੀਤਾ। ਇੱਕ ਮੇਜਰ ਨੇ ਚਾਰਜਸ਼ੀਟ ਪੜਕੇ ਸੁਣਾਈ-

'ਇਨ ਲੋਗੋਂ ਨੇ ਬਗਾਵਤ ਕੀ ਹੈ ਹਥਿਆਰ ਲੇਕਰ ਫੌਜ ਸੇ ਭਾਗ ਗਏ ਇਸ ਲੀਏ ਇਨ ਪਰ ਬਗਾਵਤ ਕਾ ਇਲਜ਼ਾਮ ਲਗਾਇਆ ਜਾਤਾ ਹੈ'

'ਕਿਸੀ ਕੋ ਕੁਛ ਕਹਿਨਾ ਹੈ ਤੋ ਇਜ਼ਾਜ਼ਤ ਹੈ' ਸੁਣਕੇ ਮੀਕੇ ਹੋਣਾਂ ਦਾ ਵਕੀਲ ਖੜਾ ਹੋ ਗਿਆ।

'ਇਸ ਕੋ ਬਗਾਵਤ ਨਹੀਂ ਕਹਾ ਜਾ ਸਕਤਾ ਕਿਉਂਕਿ ਜਬ ਫੌਜ ਮੇਂ ਕਸਮ ਖਿਲਾਈ ਜਾਤੀ ਹੈ ਕਿ

"ਪਹਿਲੇ ਅਪਨੇ ਧਰਮ ਫਿਰ ਦੇਸ਼ ਕੇ ਲੀਏ ਅਪਨਾ ਬਲੀਦਾਨ ਦੇਨਾ" ਧਰਮ ਕੇ ਲੀਏ ਮਰ ਮਿਟਨਾ ਇਨਕਾ ਫਰਜ਼ ਬਨਤਾ ਥਾ ਇਨ ਲੋਗੋਂ ਨੇ ਕਸਮ ਕੀ ਲਾਜ ਰੱਖੀ! ਜਬ ਕਿਸੀ ਕੇ ਭੀ ਪਵਿੱਤਰ ਅਸਥਾਨ ਪਰ ਹਮਲਾ ਹੋ ਜਾਤਾ ਹੈ ਤੋ ਉਸ ਸੇ ਸਬੰਧ ਰੱਖਨੇ ਵਾਲੇ ਕਾ ਫਰਜ਼ ਬਨਤਾ ਹੈ ਚਾਹੇ ਵੋ ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ! ਅਪਨੇ ਧਰਮ ਅਸਥਾਨ ਕੀ ਰਾਖੀ ਕਰਨੀ ਜਿਸ ਕੀ ਕਸਮ ਖਾਈ ਹੈ! ਯੇ ਬਗਾਵਤ ਨਹੀਂ ਥੀ ਯੇ ਰੋਸ ਪ੍ਰਗਟ ਥਾ ਹਾਂ ਅਗਰ ਇਨ ਲੋਗੋਂ ਨੇ ਕਿਸੀ ਕੀ ਜਾਨ ਲੀ ਹੈ ਤੋ ਯੇ ਗੁਨਾਹਗਾਰ ਹੈਂ ਵਰਨਾਂ ਬੇ-ਕਸੂਰ ਹੈਂ!'

ਜਦੋਂ ਵਕੀਲ ਨੇ ਕਿਹਾ ਤਾਂ ਸਾਰੇ ਫੌਜੀ ਅਫਸਰਾਂ ਨੇ ਮੂੰਹ ਵਿੱਚ ਉਂਗਲਾਂ ਪਾ ਲਈਆਂ ਕਿਉਂਕਿ ਇੱਕ ਸਿਵਲ ਦਾ ਵਕੀਲ ਫੌਜੀ ਅਫਸਰਾਂ ਨੂੰ ਕੀ ਦੁਆਲ ਸੀ। ਉਸਦੀ ਗੱਲ ਦਾ ਕੋਈ ਜਵਾਬ ਨਹੀਂ ਦੇ ਸਕੇ ਉੱਲਟਾ ਉਸਨੂੰ ਘੂਰਨ ਲੱਗ ਪਏ। ਇੱਕ ਜਾਟ ਮੇਜਰ ਨੇ ਦੂਜੇ ਮੇਜਰ ਨਾਲ ਰਮਜ਼ ਮਿਲਾਈ-

'ਆਜ ਕੀ ਕਾਰਵਾਈ ਯਹੀਂ ਪਰ ਖਤਮ ਹੋਤੀ ਹੈ ਪੰਦਰਾਂ ਦਿਨ ਬਾਅਦ ਕਾਰਵਾਈ ਸ਼ੁਰੂ ਹੋਗੀ' ਆਖ ਕੇ ਸਾਰੇ ਅਫਸਰ ਵੀ ਜਾਣ ਲੱਗੇ। ਵਕੀਲ ਨੂੰ ਜਾਟ ਮੇਜਰ ਨੇ ਰੋਕ ਲਿਆ।

'ਵਕੀਲ ਸਾਬ੍ਹ ਚਾਏ ਪੀਕਰ ਜਾਨਾ' ਜਾਟ ਵਕੀਲ ਨੂੰ ਜੀਪ ਵਿੱਚ ਬਿਠਾ ਕੇ ਮੈਸ ਵਿੱਚ ਲੈ ਗਿਆ ਵੇਟਰ ਨੂੰ ਦੋ ਕੱਪ ਚਾਹ ਦਾ ਆਡਰ ਦਿੱਤਾ।

'ਕਿਤਨੇ ਪੈਸੇ ਲੀਏ ਇਨਕਾ ਕੇਸ ਲੜਨੇ ਕੇ ਲੀਏ?' ਜਾਟ ਨੇ ਇੱਕ ਹੱਥ ਵਿੱਚ ਚਾਹ ਦੀ ਪਿਆਲੀ ਤੇ ਦੂਜੇ ਹੱਥ ਦੀਆਂ ਉਂਗਲਾਂ ਵਿੱਚ ਸਿਗਰਟ ਫੜ ਕੇ ਪੁੱਛਿਆ।

'ਪੈਸਾ ਇਨ ਕੇ ਪਾਸ ਕਹਾਂ ਹੈ?'

'ਫਿਰ ਆਪ ਕਿਉਂ ਕੇਸ ਲੜ ਰਹੇ ਹੋ?'

'ਸਾਬ੍ਹ ਮੈਂ ਤੋ ਸੇਵਾ ਕਰ ਰਹਾ ਹੂੰ ਇਨਕਾ ਕੋਈ ਨਹੀਂ ਇਸ ਸ਼ਹਿਰ ਮੇਂ ਮੇਰੇ ਕੋ ਏਕ ਫੌਜੀ ਨੇ ਬਤਾਯਾ ਥਾ ਮੈਂ ਚਲਾ ਆਇਆ' ਵਕੀਲ ਨੇ ਚਾਹ ਦੀ ਚੁਸਕੀ ਲੈਂਦੇ ਹੋਏ ਕਿਹਾ।

'ਦੇਖੋ ਸੇਵਾ ਕਰਨੀ ਤੋ ਮੰਦਰ ਮੇਂ ਕਰੋ ਯੇ ਗੱਦਾਰ, ਨਮਕ ਹਰਾਮ ਔਰ ਭਗੌੜੋਂ ਕਾ ਖਿਆਲ ਛੋੜੋ'

'ਨਹੀਂ ਸਾਬ੍ਹ ਇਨਕਾ ਕੋਈ ਕਸੂਰ ਨਹੀਂ ਕਸੂਰ ਤੋ ਫੌਜ ਕਾ ਹੈ ਫੌਜ ਬਾਹਰ ਸੇ ਆਨੇ ਵਾਲੇ ਹਮਲਾਵਰੋਂ ਕੇ ਸਾਥ ਲੜਨੇ ਕੇ ਲੀਏ ਹੈ ਨਾ ਕਿ ਅੰਦਰੂਨੀ ਕੇ ਲੀਏ! ਆਪ ਲੋਗੋਂ ਅਪਨੇ ਅਪਨੇ ਦੇਸ਼ ਵਾਸੀਓਂ ਕੋ ਮਾਰ ਡਾਲਾ ਜਿਸਕੀ ਰੱਖਛਾ ਕਰਨੀ ਥੀ' ਵਕੀਲ ਦੀ ਦਲੀਲ ਸੁਣ ਕੇ ਜਾਟ ਘਬਰਾ ਗਿਆ ਕੋਈ ਜਵਾਬ ਨਾ ਆਇਆ।

'ਹਮ ਸਬ ਜਾਣਤੇ ਹੈਂ ਹਮਕੋ ਕੁਛ ਨਹੀਂ ਸਿਖਾਨਾ' ਜਾਟ ਨੇ ਗੁੱਸੇ ਹੋ ਕੇ ਕਿਹਾ ਕਿਉਂਕਿ ਵਕੀਲ ਦੀ ਗੱਲ ਦਾ ਜਵਾਬ ਨਹੀਂ ਸੀ। ਜਿਸ ਕੋਲ ਗੱਲ ਦਾ ਜਵਾਬ ਨਾ ਹੋਵੇ ਉਹ ਮਾਰ ਮਰਾਈ ਤੇ ਉੱਤਰ ਆਉਂਦਾ ਹੈ!

'ਮੈਂ ਨਹੀਂ ਕੁਛ ਸਿਖਾਤਾ ਯੇ ਕਾਨੂੰਨ ਕੀ ਕਿਤਾਬ ਦੇਖੋ ਯੇ ਮੈਂਨੇ ਨਹੀਂ ਲਿਖੀ' ਆਖ ਕੇ ਵਕੀਲ ਨੇ ਮੋਟੀ ਸਾਰੀ ਲਾਲ ਰੰਗ ਦੀ ਕਿਤਾਬ ਕੱਢ ਲਈ ਜਿਸਨੂੰ ਦੇਖ ਕੇ ਜਾਟ ਨੂੰ ਹੋਰ ਗੁੱਸਾ ਆ ਗਿਆ।

'ਹਮ ਨੇ ਕੋਈ ਕਿਤਾਬ ਕਤੂਬ ਨਹੀਂ ਦੇਖਨੀ ਹਮ ਕੋ ਕੁਛ ਨਹੀਂ ਸਿਖਾਨਾ, ਔਰ ਕੱਲ ਕੋ ਇਸ ਏਰੀਏ ਮੇਂ ਨਹੀਂ ਆਨਾ' ਜਾਟ ਨੇ ਸਿਗਰਟ ਦਾ ਲੰਮਾ ਕਸ਼ ਲੈ ਕੇ ਕਿਹਾ।

'ਕਿਉਂ?'

'ਕਿਉਂ ਫੌਜ ਮੇਂ ਨਹੀਂ ਪੂਛਾ ਜਾਤਾ'

'ਯੇ ਆਡਰ ਮੇਰੇ ਲੀਏ ਨਹੀਂ ਮੈਂ ਏਕ ਵਕੀਲ ਹੂੰ' ਵਕੀਲ ਨੂੰ ਗੁੱਸਾ ਆ ਗਿਆ ਕਿ ਇਹ ਸੜਿਆ ਜਿਆ ਜਾਟ ਗੱਲ ਕੀਹਦੇ ਨਾਲ ਕਰਦੈ।

'ਮੈਂ ਜ਼ਿਆਦਾ ਬਾਤ ਨਹੀਂ ਕਰਨੀ ਮਾਂਗਤਾ ਅਪਨੀ ਵਕਾਲਤ ਸਿਵਲ ਮੇਂ ਕਰੋ ਫੌਜ ਮੇਂ ਨਹੀਂ ਅਬ ਜਾਓ ਫਿਰ ਇੱਧਰ ਦਿਖਾਈ ਨਹੀਂ ਦੇਨਾ?' ਜਾਟ ਨੇ ਕਿਹਾ।

'ਅਗਰ ਮੈਂ ਆਉਂ ਤੋ?'

'ਤੋ ਹਮਾਰੀ ਏਕ ਗੋਲੀ ਖਰਾਬ ਹੋਗੀ ਔਰ ਕੁਛ ਨਹੀਂ' ਆਖ ਕੇ ਜਾਟ ਹੱਸ ਪਿਆ ਵਕੀਲ ਘਬਰਾ ਗਿਆ ਕਿ ਇਹਨਾ ਪਾਗਲ ਲੱਠਮਾਰਾਂ ਦਾ ਕੀ ਹੈ ਇਹਨਾ ਨੇ ਕਿਹੜਾ ਫੌਜੀ ਏਰੀਏ ਵਿੱਚ ਪੁਲੀਸ ਜਾਂ ਵਕੀਲ ਵੜਨ ਦੇਣਾਂ। ਸੋ ਮਨਾ ਤੇਰੇ ਕਾਨੂੰਨ ਨੂੰ ਕਿਸੇ ਨੇ ਨਹੀਂ ਮੰਨਣਾਂ। ਸੋਚ ਕੇ ਵਕੀਲ ਖੜਾ ਗਿਆ ਤੇ ਬਿਨਾਂ ਹੱਥ ਮਿਲਾਏ ਵਾਪਸ ਚਲਾ ਗਿਆ। ਉਸੇ ਵਕਤ ਕੇਵਲ ਹੋਣਾਂ ਨੂੰ ਮੈਸ ਦੇ ਲਾਗਰੀ ਨੇ ਜੋ ਕਿ ਸਿੱਖ ਸੀ ਖ਼ਬਰ ਪਹੁੰਚਾ ਦਿੱਤੀ ਕਿ ਤੁਹਾਡੇ ਵਕੀਲ ਦੀ ਬੇਇੱਜ਼ਤੀ ਕਰਕੇ ਭਜਾ ਦਿੱਤਾ ਸਾਰੇ ਬਹੁਤ ਪ੍ਰੇਸ਼ਾਨ ਹੋਏ! ਅੱਜ ਪੇਸ਼ੀ ਸੀ ਸਾਰੇ ਆ ਗਏ ਸਾਰੇ ਅਫਸਰ ਹਿੰਦੂ ਸਨ। ਕੱਲ ਵਾਲਾ ਜਾਟ ਮੇਜਰ ਫਿਰ ਬੋਲਿਆ-

'ਤੁਮ ਲੋਗੋਂ ਨੇ ਬਗਾਵਤ ਕੀ ਹੈ ਹਮ ਫਿਰ ਭੀ ਤੁਮ ਲੋਗੋਂ ਪਰ ਰਹਿਮ ਕਰ ਰਹੇ ਹੈਂ ਤੁਮ ਲੋਗੋਂ ਨੇ ਐਸਾ ਜੁਰਮ ਕੀਆ ਹੈ ਕਿ ਤੁਮ ਕੋ ਗੋਲੀ ਕਾ ਆਡਰ ਹੈ'!

'ਤੋ ਮਾਰ ਦੋ ਗੋਲੀ ਸਾਬ੍ਹ ਨਾ ਰਹੇ ਬਾਂਸ ਨਾ ਬਜੇ ਬਾਂਸਰੀ' ਸਾਰਿਆਂ ਨੇ ਕਿਹਾ ਕਿਉਂਕਿ ਇਸੇ ਮੇਜਰ ਨੇ ਹੀ ਵਕੀਲ ਨੂੰ ਭਜਾਇਆ ਇਸ ਮੇਜਰ ਅੱਗੇ ਬਚਾਅ ਵਾਸਤੇ ਮਿੰਨਤ ਕਰਨੀ ਫਜ਼ੂਲ ਸੀ।

'ਹੋ ਸਕਤਾ ਹੈ ਆਪ ਕੀ ਯੇਹ ਖਾਹਸ਼ ਭੀ ਪੂਰੀ ਕਰਦੇਂ' ਮੇਜਰ ਨੇ ਬੇਸ਼ਰਮੀ ਦੀ ਹੱਦ ਪਾਰ ਕਰਦੇ ਹੋਏ ਕਿਹਾ ਤੇ ਇਹ ਗੱਲ ਸਾਰੇ ਫੌਜੀਆਂ ਦੀਆਂ ਛਾਤੀਆਂ ਵਿੱਚਦੀ ਗੋਲੀ ਵਾਂਗੂੰ ਨਿਕਲ ਗਈ। ਸਾਰੇ ਆਸੇ ਪਾਸੇ ਦੇਖ ਰਹੇ ਸਨ ਕਿ ਕੋਈ ਸਿੱਖ ਅਫਸਰ ਹੀ ਆ ਜਾਵੇ ਥੋੜੀ ਬਹੁਤੀ ਤਾਂ ਹਮਦਰਦੀ ਕਰੇ ਰੱਬ ਅੱਗੇ ਅਰਦਾਸਾਂ ਕਰ ਰਹੇ ਸਨ। ਥੋੜੀ ਦੇਰ ਬਾਅਦ ਇੱਕ ਪੱਗ ਵਾਲਾ ਸਿੱਖ ਨਜ਼ਰ ਆਇਆ ਸਾਰਿਆਂ ਨੇ ਸੋਚਿਆ ਕਿ ਰੱਬ ਨੇ ਸੁਣ ਲਈ। ਪਰ ਇਹ ਭੁਲੇਖਾ ਸੀ! ਇਹ ਸਿੱਖ ਪਰ ਉਹੋ ਹੀ ਨਿਰੰਕਾਰੀ ਕਰਨਲ ਸੀ ਜਿਸਨੂੰ ਦੇਖ ਕੇ ਸਾਰਿਆਂ ਨੂੰ ਗੁੱਸਾ ਆਇਆ ਕਰਨਲ ਜ਼ਹਿਰੀਲੀ ਹਾਸੀ ਹੱਸਿਆ। ਉਸ ਦੇ ਆਉਣ ਤੇ ਸਾਰੇ ਖੜੇ ਹੋ ਗਏ। ਉਹ ਬੈਠ ਗਿਆ ਸਾਰੇ ਬੈਠ ਗਏ।

'ਕਾਰਵਾਈ ਸ਼ੁਰੂ ਕੀ ਜਾਏ!' ਨਿਰੰਕਾਰੀ ਕਰਨਲ ਨੇ ਹੁਕਮ ਦਿੱਤਾ। ਪਹਿਲਾਂ ਸਾਰਿਆਂ ਨੇ ਦੋ ਨਾਂ ਲਏ ਗਏ ਸਾਰੇ ਆਪਣੇ ਨਾਂ ਨੰਬਰ ਬੋਲਣ ਤੇ ਹੱਥ ਖੜਾ ਕਰ ਦਿੰਦੇ।

'ਸਾਰੇ ਮੁਜ਼ਰਮ ਹਾਜ਼ਰ ਨੇ!' ਮੇਜਰ ਨੇ ਕਿਹਾ। ਮੁਜ਼ਰਮ ਨਾਂ ਸੁਣ ਕੇ ਸਾਰਿਆਂ ਨੂੰ ਕੰਬਣੀ ਛਿੜ ਗਈ ਕਿ ਅਸੀਂ ਕੀ ਕਿਸੇ ਦੇ ਘਰ ਡਾਕਾ ਮਾਰ ਲਿਆ ਜਾਂ ਕਿਸੇ ਦੀ ਕੁੜੀ ਫੜ ਲਈ। ਸਭ ਤੋਂ ਪਹਿਲਾਂ ਕੇਵਲ ਦਾ ਨਾਂ ਫਿਰ ਮੀਕਾ, ਦਰਸ਼ਨ, ਗਿਆਨੀ, ਸ਼ਿੰਗਾਰੇ ਤੇ ਕਾਮਰੇਡ ਨੂੰ ਪੇਸ਼ ਕੀਤਾ।

'ਆਪ ਲੋਗ ਹਥਿਆਰ ਲੇ ਕਰ ਫੌਜ ਸੇ ਭਾਗੇ ਥੇ?' ਨਿਰੰਕਾਰੀ ਕਰਨਲ ਨੇ ਅੱਖਾਂ ਲਾਲ ਕਰਕੇ ਪੁੱਛਿਆ ਜਿਵੇਂ ਇਸਦੀ ਛੋਟੀ ਫੜ ਲਈ ਹੋਵੇ।

'ਹਾਂ ਜੀ ਮਗਰ. . . . .।'

'ਕੋਈ ਅਗਰ ਮਗਰ ਨਹੀਂ ਮੇਰੇ ਸਵਾਲ ਕਾ ਜਵਾਬ ਹਾਂ ਜਾਂ ਨਾਂਹ ਮੇਂ ਦੇਨਾ ਸਮਝੇ' ਕਰਨਲ ਨੇ ਟੇਬਲ ਤੇ ਜ਼ੋਰ ਦੀ ਹੱਥ ਮਾਰ ਕੇ ਕਿਹਾ।

'ਆਪ ਲੋਗ ਹਥਿਆਰ ਲੇ ਕਰ ਭਾਗੇ ਥੇ?' ਕਰਨਲ ਨੇ ਕਿਹਾ।

'ਹਾਂ ਸਰ'

'ਯੇ ਗਲਤ ਕਾਮ ਕੀਆ'

'ਅਰੇ ਬੋਲੋ ਉਸ ਟਾਈਮ ਤੋ ਗੱਬਰ ਸਿੰਘ ਬਨ ਰਹੇ ਥੇ' ਕਰਨਲ ਨੇ ਕਿਹਾ ਤਾਂ ਸਾਰੇ ਅਫਸਰ ਹੱਸ ਪਏ।

'ਆਜ ਸ਼ੁੱਕਰਵਾਰ ਹੈ ਆਗੇ ਚਾਰ ਛੁੱਟੀਆਂ ਹੈ ਬੁੱਧਵਾਰ ਕੋ ਫਿਰ ਕੇਸ ਚਲੇਗਾ' ਕਰਨਲ ਆਖ ਕੇ ਖੜਾ ਹੋ ਗਿਆ। ਫੌਜੀ ਅਦਾਲਤ ਵਿੱਜੜ ਗਈ। ਇਹਨਾਂ ਨੂੰ ਫੌਜੀ ਗਾਰਡ ਬੈਰਕ ਵਿੱਚ ਲੈ ਗਏ। ਉਸ ਬੈਰਕ ਵਿੱਚ ਰੇਡੀਓ ਵੀ ਰੱਖਿਆ ਸੀ ਜੋ ਹਰ ਵਕਤ ਚਲਦਾ ਰਹਿੰਦਾ ਜਦੋਂ ਬਿਜਲੀ ਚਲੀ ਜਾਂਦੀ ਉਦੋਂ ਬੰਦ ਹੁੰਦਾ ਤੇ ਜਦੋਂ ਆ ਜਾਂਦੀ ਫਿਰ ਚਾਲੂ ਹੋ ਜਾਂਦਾ ਰਾਤ ਨੂੰ ਨੌ ਵਜੇ ਸਾਰੀਆਂ ਲਾਈਟਾਂ ਬੰਦ ਹੋਣ ਤੋਂ ਬਾਅਦ ਆਪੇ ਹੀ ਬੰਦ ਹੋ ਜਾਂਦਾ। ਹੁਣ ਰੇਡੀਓ ਸੁਨਣ ਵਿੱਚ ਫਰਕ ਸੀ ਕਿਉਂਕਿ ਪਹਿਲਾਂ ਇਹ ਸਾਰੇ ਗਾਣੇ ਸੁਣਦੇ ਸਨ ਪਰ ਹੁਣ ਖ਼ਬਰਾਂ। ਪਰ ਕੋਈ ਵੀ ਚੰਗੀ ਖਬਰ ਕਦੇ ਨਹੀਂ ਆਈ ਕਿ ਭਗੌੜੇ ਫੌਜੀ ਛੱਡੋ ਅਕਾਲੀਆਂ ਨੇ ਇਹਨਾ ਬਾਰੇ ਨਹੀਂ ਸੋਚਿਆ ਸਾਰੇ ਸੋਚ ਰਹੇ ਸਨ ਕਿ ਫੌਜ ਵਿੱਚੋਂ ਭੱਜ ਕੇ ਬਹੁਤ ਵੱਡੀ ਗਲਤੀ ਕੀਤੀ। ਪਰ ਹੁਣ ਹੱਥ ਪੱਲੇ ਕੁਛ ਵੀ ਨਹੀਂ ਸੀ ਰਹਿੰਦੀ ਕਸਰ ਫੌਜ ਨੇ ਇਹਨਾ ਦਾ ਜੱਜ ਨਿਰੰਕਾਰੀ ਕਰਨਲ ਲਾ ਕੇ ਕੱਢ ਦਿੱਤੀ ਜੋ ਕਿ ਸਿੱਖਾਂ ਦਾ ਦੁਸ਼ਮਨ ਸੀ। ਸ਼ਾਮ ਦੀ ਰੋਟੀ ਖਾ ਕੇ ਹਟੇ ਸਨ ਕਿ ਇੱਕ ਸੂਬੇਦਾਰ ਆਇਆ ਉਹ ਹਿੰਦੂ ਸੀ ਪਰ ਸਿੱਖਾਂ ਦਾ ਦੋਸਤ ਸੀ ਉਹ ਸਾਰੇ ਭੇਤ ਦਿੰਦਾ ਸੀ ਚੰਗੀ ਜਾਂ ਮਾੜੀ ਗੱਲ ਦੱਸਦਾ ਰਹਿੰਦਾ ਸੀ ਜਦੋਂ ਉਹ ਆਇਆ ਤਾਂ ਸਾਰੇ ਦੁਆਲੇ ਹੋ ਗਏ।

'ਸਾਬ੍ਹ ਕੋਈ ਅੱਛੀ ਸੀ ਖਬਰ ਸੁਨਾਓ' ਮੀਕੇ ਨੇ ਪੁੱਛਿਆ।

'ਕਿਆ ਸੁਨਾਊਂ ਆਪਕਾ ਭਵਿੱਖ ਤੋ ਖਤਰੇ ਮੇਂ ਹੈ ਮਗਰ ਇਤਨਾ ਨਹੀਂ' ਸੂਬੇਦਾਰ ਨੇ ਟੋਪੀ ਉਤਾਰ ਕੇ ਕਿਹਾ।

'ਵੋ ਤੋ ਹਮ ਕੋ ਪਤੇ! ਕੋਈ ਸਜ਼ਾ ਸੁਜ਼ਾ ਕੇ ਬਾਰੇ ਮੇਂ ਬਤਾਓ ਕਿ ਕਿਤਨੀ ਕੁ ਦੇਂਗੇ ਵੋਹੀ ਬਤਾਨੇ ਆਇਆ ਹੂੰ ਕਿ ਆਪ ਘਬਰਾਏ ਨਹੀਂ ਸਿਰਫ ਸਾਲ ਸਾਲ ਜਾਂ ਛੇ ਛੇ ਮਹੀਨੇ ਕੀ ਹੋਗੀ'

'ਮਗਰ ਤੁਮਾਰਾ ਸਿੱਖ ਕਰਨਲ ਹੈ ਨਾ ਵੋ ਤੋ ਚੌਦਾਂ ਚੌਦਾਂ ਸਾਲ ਕੀ ਲਿਖਕੇ ਬੈਠਾ ਹੈ' ਸੂਬੇਦਾਰ ਦੇ ਮੂੰਹੋਂ ਦਸ ਸਾਲ ਸੁਣਕੇ ਸਾਰੇ ਸੁੰਨ ਹੋ ਗਏ।

'ਅਗਰ ਦਸ ਸਾਲ ਕੀ ਕਰ ਦੀ ਤੋ' ਕੇਵਲ ਨੇ ਅੱਗੋ ਹੋ ਕੇ ਪੁੱਛਿਆ।

'ਵੋ ਅਕੇਲਾ ਹੀ ਆਪ ਲੋਗੋਂ ਕੇ ਉੱਲਟ ਹੈ ਇੱਕ ਡੋਗਰਾ ਮੇਜਰ ਹੈ ਵੋ ਆਪਕੇ ਹਿੱਤ ਮੇਂ ਹੈ' ਸੂਬੇਦਾਰ ਨੇ ਕਿਹਾ ਕਿਉਂਕਿ ਉਹ ਡੋਗਰਾ ਅੰਬਰਸਰ ਦਾ ਸੀ ਤੇ ਦਰਬਾਰ ਸਾਹਿਬ ਦਾ ਆਦਰ ਸਤਿਕਾਰ ਕਰਦਾ ਸੀ ਉਹ ਨਹੀਂ ਸੀ ਚਾਹੁੰਦਾ ਕਿ ਇਹਨਾ ਨੂੰ ਸਜ਼ਾ ਹੋਵੇ ਉਹ ਅੰਦਰੋਂ ਅੰਦਰ ਕਾਨੂੰਨਨ ਮੱਦਦ ਕਰਦਾ ਸੀ ਜੇ ਸਿੱਧੀ ਮੱਦਦ ਕਰਦਾ ਤਾਂ ਕਰਨਲ ਨੇ ਉਸਦੀ ਬਦਲੀ ਕਰ ਦੇਣੀ ਸੀ'

'ਸਾਬ੍ਹ ਹਮ ਕੋ ਉਸ ਸੇ ਮਿਲਵਾ ਦੋ!'

'ਨਹੀਂ ਨਹੀਂ ਉਸਕਾ ਨਾਮ ਭੀ ਨਾ ਲੇਨਾ ਦੀਵਾਰੋਂ ਕੇ ਭੀ ਕਾਨ ਹੋਤੇ ਹੈਂ ਮਗਰ ਡੋਗਰਾ ਮੇਜਰ ਆਪ ਕੀ ਤਰਫ ਹੈ ਆਪ ਕੋ ਛੇ ਮਹੀਨੇ ਸੇ ਜ਼ਿਆਦਾ ਸਜ਼ਾ ਨਹੀਂ ਹੋਨੇ ਦੇਗਾ ਉਸਨੇ ਕਸਮ ਖਾਈ ਹੈ' ਸੂਬੇਦਾਰ ਨੇ ਚਾਰ ਚੁਫੇਰੇ ਦੇਖ ਕੇ ਕਿਹਾ ਅਤੇ ਚੁੱਪ ਚਾਪ ਇਹ ਖ਼ਬਰ ਦੇ ਕੇ ਚਲਾ ਗਿਆ ਕਿ ਕੋਈ ਦੇਖ ਨਾ ਲਵੇ। ਰੇਡੀਓ ਤੇ ਖਬਰਾਂ ਚੱਲ ਪਈਆਂ।

'ਅਬ ਖਬਰੇਂ ਪੰਜਾਬ ਸੇ' ਰੇਡੀਓ ਨੇ ਕਿਹਾ ਤਾਂ ਸਾਰੇ ਰੇਡੀਓ ਦੇ ਨੇੜੇ ਹੋ ਗਏ।

'ਪੰਜਾਬ ਮੇਂ ਵੋਟੇਂ ਪੜਨੇ ਵਾਲੀ ਹੈਂ ਔਰ ਅਕਾਲੀਓਂ ਕੀ ਸਰਕਾਰ ਬਨਨੇ ਕੀ ਆਸ ਹੈ ਅਕਾਲੀਓਂ ਨੇ ਕਹਾ ਹੈ ਕਿ ਅਗਰ ਹਮਾਰੀ ਸਰਕਾਰ ਆ ਗਈ ਤੋ ਹਮ ਦਸ-ਦਸ ਜਾਂ ਬਾਰਾਂ-ਬਾਰਾਂ ਏਕੜ ਜ਼ਮੀਨ ਬੈਰਕੇਂ ਛੋੜ ਕਰ ਭਾਗਨੇ ਵਾਲੇ ਫੌਜੀਓਂ ਕੋ ਦੇਂਗੇ ਜਬ ਕਿ ਕਾਂਗਰਸ ਭਗੌੜੇ ਫੌਜੀਓਂ ਕੇ ਲੀਏ ਕੁਛ ਨਹੀਂ ਕਰ ਰਹੀ। ਅਬ ਹਰਿਆਣੇ ਕੀ ਖਬਰੇ,,,,,,,'

'ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਸਾਰੇ ਉੱਚੀ ਉੱਚੀ ਜੈਕਾਰੇ ਲਾਉਣ ਲੱਗ ਪਏ।

'ਲਓ ਵਈ ਹੁਣ ਚਾਹੇ ਸਾਨੂੰ ਜਿੰਨੀ ਮਰਜ਼ੀ ਕੈਦ ਹੋ ਜਾਏ ਪ੍ਰਵਾਹ ਨੀ' ਮੀਕੇ ਨੇ ਖ਼ੁਸ਼ ਹੋ ਕੇ ਕਿਹਾ।

'ਤੂੰ ਪੈਲ੍ਹੀ ਦੀ ਗੱਲ ਕਰਦੈਂ ਮੇਰੇ ਕੋਲੋਂ ਦਸ ਸਾਲ 'ਚ' ਗੁਸਲਖਾਨਾ ਨੀ ਬਣਿਆਂ' ਕੇਵਲ ਨੇ ਕਿਹਾ।

'ਹੁਣ ਤਾਂ ਭਰਾਵੋ ਭਲਾ ਅੱਜ ਜੇਲ੍ਹ ਭੇਜ ਦੇਣ ਕੋਈ ਪ੍ਰਵਾਹ ਨੀ' ਦਰਸ਼ਨ ਨੇ ਕਿਹਾ।

'ਹੁਣ ਆਊ ਖੇਤੀ ਕਰਨ ਦਾ ਨਜ਼ਾਰਾ ਮੇਰੇ ਕੋਲ ਸਾਰੇ ਦੋ ਕਿੱਲੇ ਸੀ ਬਾਰਾਂ ਬਣ ਜਾਣਗੇ' ਗਿਆਨੀ ਨੇ ਕਿਹਾ।

'ਤੂੰ ਸਿੱਧਾ ਦਰਜਨ ਕਿੱਲਿਆਂ ਦੀ ਕਹਿ!' ਕਾਮਰੇਡ ਨੇ ਕਿਹਾ।

'ਦਰਜਨ ਨੂੰ ਏਹ ਕੇਲੇ ਆ!' ਮੀਕੇ ਨੇ ਕਿਹਾ। ਸਾਰੇ ਖ਼ੁਸ਼ੀ ਖ਼ੁਸ਼ੀ ਸੌਂ ਗਏ ਤਿੰਨ ਚਾਰ ਦਿਨ ਤੀਆਂ ਵਾਂਗੂੰ ਕੱਟੇ। ਹੁਣ ਤਾਂ ਛੇਤੀ ਬੁੱਧਵਾਰ ਦੀ ਉਡੀਕ ਸੀ ਕਿ ਛੇਤੀ ਸਜ਼ਾ ਸੁਨਾਉਣ ਤੇ ਕੱਟ ਕੇ ਘਰੇ ਜਾਈਏ। ਬੁੱਧਵਾਰ ਆ ਗਿਆ ਪਰ ਉਸ ਦਿਨ ਪੇਸ਼ੀ ਅੱਗੇ ਸ਼ੁਕਰਵਾਰ ਦੀ ਪਾ ਦਿੱਤੀ।

'ਮੈਨੂੰ ਤਾਂ ਨੀ ਲਗਦਾ ਕਿ ਦਸ-ਦਸ ਕਿੱਲੇ ਸਾਨੂੰ ਦੇਣਗੇ ਐਵੇਂ ਫੋਕਾ ਬਿਆਨ ਹੋਣਾ ਵੋਟਾਂ ਵਾਸਤੇ, ਏਹ ਸਾਲੇ ਲੀਡਰ ਵੋਟ ਲੈਣ ਖਾਤਰ ਤਾਂ ਆਵਦੀ ਧੀ ਭੈਣ ਨੂੰ ਵੀ ਵੇਚ ਦਿੰਦੇ ਆ ਤੇ ਬਿਆਨ ਦੇਣਾਂ ਏਨਾਂ ਨੂੰ ਕੀ ਔਖਾ?' ਦਰਸ਼ਨ ਨੇ ਕਿਹਾ।

'ਲਾ ਫਿਰ ਟੇਵਾ' ਕਾਮਰੇਡ ਨੇ ਟਿੱਚਰ ਨਾਲ ਕਿਹਾ।

'ਮੇਰੇ ਕੋਲੋਂ ਕਿਤੇ ਜੁੱਤੀਆਂ ਨਾ ਖਾਲੀਂ ਸਾਲਾ ਟੇਵੇ ਦਾ, ਪਰ ਮੈਨੂੰ ਤਾਂ ਅੱਗੇ ਖਤਰਾ ਲਗਦਾ! ਦਿਲ ਘਬਰਾਈ ਜਿਆ ਜਾਂਦਾ!' ਦੂਜੇ ਦਿਨ ਫੌਜੀ ਅਦਾਲਤ ਲੱਗੀ। ਫੌਜੀ ਅਦਾਲਤ ਦੇ ਚਾਰ ਚੁਫੇਰੇ ਸਖ਼ਤ ਪਹਿਰਾ ਸੀ! ਨਿਰੰਕਾਰੀ ਕਰਨਲ ਜੱਜ ਸੀ ਤੇ ਮੁੱਛਾਂ ਵਿੱਚ ਹੱਸ ਰਿਹਾ ਸੀ। ਸਾਰਿਆਂ ਦੇ ਨਾਮ ਨੰਬਰ ਬੋਲੇ ਜੁਰਮ ਪੜ ਕੇ ਸੁਣਾਇਆ ਤੇ ਫਿਰ ਕਰਨਲ ਨੇ ਹੁਕਮ ਸੁਣਾਇਆ।

'ਆਪ ਲੋਗੋਂ ਕੋ 14-14-ਸਾਲ ਕੀ ਬਾ-ਮੁਸ਼ੱਕਤ ਕੈਦ ਔਰ ਫੌਜ ਸੇ ਬਰਖ਼ਾਸਤ! ਤੁਮਾਰਾ ਕੋਰਟ ਮਾਰਸ਼ਲ ਕੀਆ ਜਾਤਾ ਹੈ ਕੱਲ ਬਾਰਾਂ ਵਜੇ ਵਰਦੀ ਕੇ ਨੀਚੇ ਸਿਵਲ ਕੱਪੜੇ ਪਹਿਨ ਕਰ ਆਨਾਂ ਕੋਈ ਸ਼ੱਕ?' ਕਰਨਲ ਨੇ ਰੋਅਬ ਨਾਲ ਪੁੱਛਿਆ। ਚੌਦਾਂ ਚੌਦਾਂ ਸਾਲ ਸਜ਼ਾ ਸੁਣਕੇ ਸਾਰਿਆਂ ਦੇ ਸਾਹ ਸੂਤੇ ਗਏ! ਕਰਨਲ ਨੇ ਮੁੱਛਾਂ ਨੂੰ ਵਟਾ ਦਿੱਤਾ ਤੇ ਦਸਤਖ਼ਤ ਵਾਸਤੇ ਪਿੰਨ ਚੱਕ ਲਿਆ! ਉਦੋਂ ਹੀ ਇੱਕ ਸਿਵਲ ਦੀ ਅਦਾਲਤ ਦਾ ਪਿਆਦਾ ਦਾਖਲ ਹੋਇਆ ਉਸਦੇ ਨਾਲ ਹੋਰ ਵੀ ਇੱਕ ਕਰਨਲ ਵੀ ਸੀ ਉਹਨਾ ਨੇ ਅਦਾਲਤ ਦਾ ਆਡਰ ਕਰਨਲ ਅੱਗੇ ਰੱਖ ਦਿੱਤਾ। ਕਰਨਲ ਪੜਕੇ ਹੈਰਾਨ ਹੋ ਗਿਆ!

'ਆਪਕੇ ਵਕੀਲ ਨੇ ਕੇਸ ਦਾ ਸਟੇਅ ਲੈ ਲਿਆ ਹੈ ਅਜੇ ਫੈਸਲਾ ਬਾਕੀ ਹੈ ਕੋਰਟਮਾਸ਼ਲ ਕੈਂਸਲ' ਆਖਕੇ ਕਰਨਲ ਖੜਾ ਹੋ ਗਿਆ। ਸਾਰਿਆ ਦੇ ਮੂੰਹਾਂ ਤੇ ਇੱਕ ਵਾਰ ਫਿਰ ਰੌਣਕਾ ਆ ਗਈਆਂ। ਕਿਉਂਕਿ ਜਿਸ ਦਿਨ ਵਕੀਲ ਦੀ ਬੇ-ਇਜ਼ਤੀ ਕੀਤੀ ਸੀ ਤਾਂ ਵਕੀਲ ਨੇ ਬਹੁਤ ਬੁਰਾ ਮਨਾਇਆ ਅਤੇ ਵਕੀਲ ਦਾ ਦਿਲ ਕੀਤਾ ਕਿ ਛੱਡਾਂ ਵਕਾਲਤ ਨੂੰ ਲਿਆ ਕੇ ਪਿਸਤੌਲ ਇਸ ਫੌਜੀ ਵਿੱਚਦੀ ਗੋਲੀ ਲੰਘਾਵਾਂ! ਵਕੀਲ ਨੇ ਗੁੱਸਾ ਖਾ ਕੇ ਫਟਾ ਫਟ ਲੰਮਾਂ ਚੌੜਾ ਕੇਸ ਤਿਆਰ ਕੀਤਾ ਅਤੇ ਕੇਸ ਹਾਈ ਕੋਰਟ ਵਿੱਚ ਲਾ ਦਿੱਤਾ! ਕੇਸ ਵਿੱਚ ਲਿਖਿਆ ਵਿੱਚ ਇਹ ਲਿਖਿਆ ਸੀ-

'ਕਿ ਮੈਂ ਫੌਜੀਆਂ ਦਾ ਕੇਸ ਲੜਨ ਗਿਆ ਸੀ ਕਿਉਂਕਿ ਫੌਜ ਵਿੱਚੋਂ ਬੈਰਕਾਂ ਆਪਣੇ ਧਰਮ ਦੀ ਖਾਤਰ ਛੱਡੀਆਂ ਉਸ ਗੁਰੂ ਗ੍ਰੰਥ ਵਾਸਤੇ ਜਿਸਦੀ ਸੌਂਹ ਖਾਧੀ ਸੀ। ਆਪਣੀ ਸੌਂਹ ਨਿਭਾਈ ਅਤੇ ਹੁਣ ਫੌਜ ਇਹਨਾ ਨਾਲ ਧੱਕਾ ਕਰ ਰਹੀ ਹੈ ਇੱਥੋਂ ਤੱਕ ਕਿ ਕਿਸੇ ਨੂੰ ਵੀਹ ਸਾਲ ਕਿਸੇ ਨੂੰ ਗੋਲੀ ਦਾ ਹੁਕਮ ਸੁਨਾਉਣ ਜਾ ਰਹੀ ਹੈ ਇਸ ਕਰਕੇ ਹਾਈ ਕੋਰਟ ਦਖਲ ਦੇਕੇ ਗਊਆਂ ਦੀ ਰੱਖਿਆ ਕਰਕੇ ਜਾਨ ਦੀ ਰਾਖੀ ਕਰੇ ਕਿਉਂਕਿ ਕਿਸੇ ਵੀ ਵਕੀਲ ਨੂੰ ਫੌਜੀ ਏਰੀਏ ਵਿੱਚ ਵੜਨ ਨਹੀਂ ਦਿੰਦੇ ਅਤੇ ਜੇ ਜਾਕੇ ਕੇਸ ਲੜਦਾ ਵੀ ਹੈ ਤਾਂ ਬੇ-ਇੱਜ਼ਤੀ ਕਰਦੇ ਹਨ?' ਵਕੀਲ ਨੇ ਹੋਰ ਵੀ ਸੱਚ ਸੱਚ ਲਿਖਕੇ ਅਪੀਲ ਹਾਈ ਕੋਰਟ ਵਿੱਚ ਦਾਖਲ ਕਰ ਦਿੱਤੀ। ਅਦਾਲਤ ਨੇ ਨਿਆਂ ਕੀਤਾ ਅਤੇ ਪੰਜ ਪੰਜ ਸਾਲ ਸਜ਼ਾ ਘਟਾ ਦਿੱਤੀ। ਕੁਛ ਰਾਹਤ ਮਹਿਸੂਸ ਹੋਈ ਕਿ ਚਲੋ ਭੱਜੇ ਚੋਰ ਦੀ ਲੰਗੋਟੀ ਹੀ ਸਹੀ!

ਸਾਰੇ ਪ੍ਰੇਸ਼ਾਨ ਸਨ ਕਿ ਪਹਿਲਾਂ ਵੀ ਅਸੀਂ ਰਿਹਾ ਹੋਣਾ ਸੀ ਉਦੋਂ ਪ੍ਰਧਾਨ ਮੰਤਰੀ ਦਾ ਕਤਲ ਹੋ ਗਿਆ। ਫਿਰ ਅਜ਼ਾਦ ਹੋਣਾ ਸੀ ਅਕਾਲੀਆਂ ਦੀ ਬੇੜੀ ਬੈਠ ਗਈ। ਕਈ ਦਿਨਾ ਬਾਅਦ ਕਰਨਲ ਦਾ ਦਰਬਾਰ ਲੱਗਾ ਦਰਬਾਰ ਵਿੱਚ ਅੱਠ ਨੌਂ ਸੌ ਜਵਾਨ ਜੇ ਸੀ ਓ ਤੇ ਅਫਸਰ ਸਨ। ਸਾਰੇ ਕੈਦੀਆਂ ਨੂੰ ਵਰਦੀਆਂ ਵਿੱਚ ਹੱਥਕੜੀਆਂ ਲਾ ਕੇ ਵੱਡੇ ਗਰਾਊਂਡ ਵਿੱਚ ਲੈ ਆਏ ਚਾਰ ਚੁਫੇਰੇ ਹਥਿਆਰਬੰਦ ਫੌਜੀ ਸਨ।

'ਤਾਣ ਸਸਤ' ਹੌਲਦਾਰ ਮੇਜਰ ਨੇ ਆਡਰ ਦਿੱਤਾ ਸੰਗੀਨ ਵਾਲੀਆਂ ਰਾਈਫਲਾਂ ਚਾਰੇ ਪਾਸਿਉਂ ਫੌਜੀਆਂ ਵੱਲ ਤਾਣ ਲਈਆਂ। ਹੱਥਕੜੀਆਂ ਖੋਹਲ ਦਿੱਤੀਆਂ ਗਈਆਂ। ਹੁਣ ਇਹਨਾ ਦੀ ਵਰਦੀ ਉਤਾਰ ਲਈ ਜਾਣੀ ਸੀ ਜਿਸ ਵਰਦੀ ਨੂੰ ਲੋਕ ਸ਼ੇਰ ਦੀ ਖੱਲ ਆਖਦੇ ਹਨ ਅੱਜ ਉਹ ਲਾਹ ਦਿੱਤੀ ਜਾਵੇਗੀ! ਜਿਸ ਵਰਦੀ ਨੂੰ ਕੋਈ ਉਂਗਲ ਨਹੀਂ ਲਾਉਣ ਦਿੰਦਾ ਅੱਜ ਉਸਦੀ ਇਹ ਹਾਲਤ ਹੋਣੀ ਸੀ ਕਿੱਤ ਚੇਤੇ ਵੀ ਨਹੀਂ ਸੀ! ਹੌਲਦਾਰ ਨੇ ਪਹਿਲਾਂ ਮੋਢੇ ਤੇ ਲੱਗੇ ਦੋਨਾਂ ਹੱਥਾਂ ਨਾਲ ਸੋਲਡਰ ਪੱਟੇ ਫਿਰ ਪੱਗ ਦਾ ਬੈਜ ਲਾਹਿਆ ਜਦੋਂ ਹੌਲਦਾਰ ਨੇ ਪੱਗ ਨੂੰ ਹੱਥ ਪਾਇਆ ਤਾਂ ਕੇਵਲ ਪੂਰੇ ਗੁੱਸੇ ਵਿੱਚ ਆ ਗਿਆ ਜਿਵੇਂ ਕਿਸੇ ਵੇਲੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਿੰਘ 'ਸ੍ਰ: ਬਾਜ਼ ਸਿੰਘ' ਗੁੱਸੇ ਵਿੱਚ ਆਇਆ ਸੀ ਭਾਂਵੇ ਕੇਵਲ ਨੂੰ ਇਸ ਤਰ੍ਹਾਂ ਦੀ ਹਰਕਤ ਕਰਨ ਤੇ ਸੰਗੀਨਾ ਨਾਲ ਵਿੰਨ ਸਕਦੇ ਸਨ! ਪਰ ਕੇਵਲ ਨੇ ਪ੍ਰਵਾਹ ਨਾ ਕੀਤੀ ਤੇ ਕੁਹਣੀ ਮਾਰ ਕੇ ਹੌਲਦਾਰ ਨੂੰ ਪਰ੍ਹਾਂ ਧੱਕ ਦਿੱਤਾ ਉਹ ਮਸਾਂ ਡਿੱਗਣੋ ਬਚਿਆ! ਅਤੇ ਆਪ ਹੀ ਗੁੱਸੇ ਨਾਲ ਪੱਗ ਥੱਲੇ ਰੱਖ ਦਿੱਤੀ, ਵਰਦੀ ਨੂੰ ਗਲਮੇਂ ਤੋਂ ਫੜਕੇ ਬਟਨਾਂ ਸਮੇਤ ਪਾੜ ਦਿੱਤੀ ਕਰੜ ਕਰੜ ਦੀ ਆਵਾਜ਼ ਆਈ, ਫਿਰ ਪੈਂਟ ਪਾੜ ਕੇ ਲਾਹ ਕੇ ਪਰਾ ਵਗ੍ਹਾ ਕੇ ਮਾਰੀ ਫਿਰ ਬੂਟ ਲਾਹ ਕੇ ਐਧਰ ਓਧਰ ਦੂਰ ਦੂਰ ਤੱਕ ਚਲਾ ਕੇ ਮਾਰੇ ਸਿਵਲ ਕੱਪੜਿਆਂ ਵਿੱਚ ਆ ਗਿਆ। ਕੇਵਲ ਨੇ ਆਵਦੀ ਵਰਦੀ ਆਪਣੇ ਚਾਰ ਚੁਫੇਰੇ ਖਲਾਰ ਦਿੱਤੀ, ਸਾਰਿਆਂ ਨੇ ਏਦਾਂ ਹੀ ਕੀਤਾ! ਆਵਦੀਆਂ ਵਰਦੀਆਂ ਲਾਹ ਕੇ ਗੁੱਸੇ ਨਾਲ ਦੂਰ ਦੂਰ ਤੱਕ ਚਲਾ ਕੇ ਮਾਰੀਆਂ! ਗ੍ਰਾਂਊਡ ਪਾਟੀਆਂ ਵਰਦੀਆਂ ਨਾਲ ਭਰ ਗਿਆ। ਭਰੇ ਦਰਬਾਰ ਵਿੱਚ ਫੌਜੀ ਸਾਹ ਰੋਕੀ ਬੈਠੇ ਸਨ! ਸਾਰਿਆਂ ਨੂੰ ਕੁਆਟਰ ਗਾਰਡ ਛੱਡ ਆਏ। ਸ਼ਾਮ ਨੂੰ ਸੂਬੇਦਾਰ ਵੀ ਮੂੰਹ ਲਮਕਾ ਕੇ ਆ ਗਿਆ। ਉਹ ਬਹੁਤ ਪ੍ਰੇਸ਼ਾਨ ਸੀ ਕਰ ਕੁਛ ਨਹੀਂ ਸੀ ਸਕਦਾ ਸਿਰਫ ਹਮਦਰਦੀ ਵਾਸਤੇ ਆਇਆ ਸੀ ਉਸਨੂੰ ਦੇਖਕੇ ਕੇਵਲ ਬੋਲਿਆ।

'ਸਾਬ੍ਹ ਆਪ ਤੋ ਛੇ-ਛੇ ਮਹੀਨੇ ਕੀ ਬੋਲ ਰਹੇ ਥੇ ਮਗਰ ਹਮੇਂ ਤੋ ਰਾਮ ਚੰਦਰ ਕਾ ਬਨਵਾਸ ਦੇ ਦੀਆ ਥਾ ਮਗਰ ਬੱਚੇ ਜੀਏਂ ਵਕੀਲ ਕੇ ਜਿਸਨੇ ਸਜ਼ਾ ਕਮ ਕਰਵਾਈ'

'ਮੈਂ ਕੋਈ ਗਲਤ ਨਹੀਂ ਬੋਲਾ ਥਾ ਜਵਾਨ ਔਰ ਗਲਤ ਬਤਾ ਕਰ ਮੈਂਨੇ ਕਿਆ ਲੇਨਾ ਥਾ?' ਸੂਬੇਦਾਰ ਨੇ ਮਿੰਨਤ ਭਰੇ ਲਹਿਜੇ ਵਿੱਚ ਕਿਹਾ। ਸੂਬੇਦਾਰ ਨੇ ਕੁਝ ਨਹੀਂ ਸੀ ਲੈਣਾ ਦੇਣਾਂ ਸਿਰਫ ਧਰਮ ਦੀ ਖਾਤਰ ਮਰ ਮਿਟਨ ਵਾਲੇ ਮਹਾਨ ਯੋਧਿਆਂ ਨਾਲ ਹਮਦਰਦੀ ਜਤਾ ਰਿਹਾ ਸੀ।

'ਫਿਰ ਸਾਬ੍ਹ ਹਮਾਰੇ ਸਾਥ ਐਸਾ ਕਿਉਂ?' ਕੇਵਲ ਨੇ ਪੁੱਛਿਆ।

'ਦੇਖੋ ਜਬ ਆਦਮੀ ਹਾਰ ਜਾਏ ਤੋ ਉਸ ਕੇ ਪਾਸ ਕੋਈ ਔਰ ਰਾਸਤਾ ਨਾ ਰਹੇ ਤੋ ਆਖ ਦੇਤਾ ਹੈ ਜੋ ਭਗਵਾਨ ਕੋ ਮੰਨਜ਼ੂਰ ਔਰ ਮੈਂ ਭੀ ਯਹੀ ਕਹੂੰਗਾ ਕਿ ਜੋ ਭਗਵਾਨ ਕੋ ਮੰਨਜ਼ੂਰ!' ਸੂਬੇਦਾਰ ਨੇ ਸਿਗਰਟ ਸੁਲਗਾਉਂਦੇ ਹੋਏ ਨੇ ਕਿਹਾ।

'ਅਬ ਦਸ ਸਾਲ ਕੈਸੇ ਕਾਟੇਂਗੇ? 13 ਸਾਲ ਮੇਰੀ ਸਰਵਸ ਥੀ ਔਰ 10 ਸਾਲ ਜੇਲ ਕੀ ਜੋੜ ਕਰ 23 ਸਾਲ ਇਤਨੇ ਸਾਲੋਂ ਤੋ ਮੈਂ ਸੂਬੇਦਾਰ ਮੇਜਰ ਬਨ ਜਾਨਾ ਥਾ!' ਮੀਕੇ ਨੇ ਕਿਹਾ।

'ਦੇਖੋ ਆਪ ਲੋਗੋਂ ਕੇ ਮੁਕੱਦਰ ਪਰ ਮੈਂ ਭੀ ਹੈਰਾਨ ਹੂੰ ਕਿ ਪਹਿਲੇ ਆਪਕੋ ਛੋੜ ਦੇਨਾਂ ਥਾ ਦੋ ਸਿਰਫਿਰੇ ਖਾਲਸੋਂ ਨੇ ਪ੍ਰਧਾਨ ਮੰਤਰੀ ਮਾਰ ਦੀ, ਕਿਆ ਕਰ ਲੀਆ? ਏਕ ਕੋ ਮਾਰਾ ਔਰ ਚਾਰ ਹਜ਼ਾਰ ਸੇ ਓਪਰ ਸੀਖ ਮਾਰ ਦੀਏ ਯੇ ਅੱਛਾ ਨਹੀਂ ਹੂਆ' ਸੂਬੇਦਾਰ ਨੇ ਪ੍ਰਧਾਨ ਮੰਤਰੀ ਨੂੰ ਮਾਰਨ ਵਾਲਿਆਂ ਨੂੰ ਦੋਸ਼ ਦਿੱਤਾ। '. . . .'

'ਮਗਰ ਗਲਤ ਵਕਤ ਪਰ ਮਾਰਾ ਤੁਮ ਲੋਗ ਰਿਹਾ ਹੋ ਜਾਤੇ ਤੋ ਤਬ ਮਾਰਤੇ'

'ਮੌਤ ਤੇ ਗਾਹਕ ਦਾ ਕੋਈ ਟੈਮ ਆ ਸਾਬ੍ਹ?' ਮੀਕੇ ਨੇ ਕਿਹਾ।

'ਚਲੋ ਉਸਕੀ ਮੌਤ ਆ ਗਈ ਮਾਨਤੇ ਹੈਂ ਮਗਰ ਅਕਾਲੀਓਂ ਨੇ ਆਪ ਕੀ ਰਿਹਾਈ ਕੀ ਕੋਈ ਮਾਂਗ ਹੀ ਨਹੀਂ ਰੱਖੀ ਗੌਰਮਿੰਟ ਤੋ ਛੋੜਨੇ ਵਾਲੀ ਥੀ' ਸੂਬੇਦਾਰ ਨੇ ਹੈਰਾਨ ਹੋ ਕੇ ਕਿਹਾ।

'ਹਰਾਮੀ ਹੈ ਯੇ ਲੀਡਰ ਇਨਕੀ ਮਾਂ ਕੋ. . . ਮਗਰ ਹਮ ਅੱਛੇ ਭੀ ਹੈਂ ਹਮ ਕੋ ਆਠ-ਦਸ ਏਕੜ ਜ਼ਮੀਨ ਮਿਲੇਗੀ' ਦਰਸ਼ਨ ਨੇ ਕਿਹਾ

'ਹਾਂ! ਹਾਂ!! ਅਰੇ ਇਸੀ ਬਿਆਨ ਨੇ ਤੋ ਤੁਮਾਰਾ ਬੇੜਾ ਗਰਕ ਕਰ ਦੀਆ ਅਗਰ ਜ਼ਮੀਨ ਦੇਨੀ ਹੀ ਥੀ ਤੋ ਤੁਮ ਲੋਗੋਂ ਕੋ ਸਜ਼ਾ ਸੁਨਾਨੇ ਕੇ ਬਾਦ ਦੇਤੇ। ਮਗਰ ਅਬ ਵੋਟੋਂ ਕਾ ਸ਼ੀਜ਼ਨ ਹੈ ਔਰ ਵੋਟ ਇਕੱਠਾ ਕਰਨੇ ਕੇ ਲੀਏ ਬਿਆਨ ਦੇ ਦੀਆ'

'ਤੋ ਆਪਕਾ ਮਤਲਬ ਹੈ ਇਨਕੇ ਬਿਆਨ ਸੇ ਜ਼ਿਆਦਾ ਸਜ਼ਾ ਦੀ ਹੈ?'

'ਔਰ ਕਿਆ ਮੇਰੇ ਕੋ ਪੂਰਾ ਮਾਲੂਮ ਹੈ ਆਪਕੋ ਛੇ ਛੇ ਮਹੀਨੇ ਕੀ ਸਜ਼ਾ ਥੀ ਮਗਰ ਅਕਾਲੀਓਂ ਕੇ ਬਿਆਨ ਨੇ ਆਪ ਕਾ ਬੇੜਾ ਗਰਕ ਕਰ ਦੀਆ, ਭੱਠਾ ਗੁੱਲ ਕਰ ਦੀਆ ਔਰ ਆਪ ਲੋਗੋਂ ਕੋ 10-10 ਸਾਲ ਠੁਕਵਾ ਦੀਆ ਅਬ 10 ਸਾਲ ਕੇ ਬਾਦ ਕਿਆ ਪਤਾ ਕਿਸ ਰਾਜੇ ਕੀ ਪ੍ਰਜਾ ਹੋ? ਜ਼ਮੀਨ ਮਿਲੇ ਜਾਂ ਨਾਂ ਮਿਲੇ' ਸੂਬੇਦਾਰ ਨੇ ਕਿਹਾ।

'ਕਾਲੀਓ ਥੋਡਾ ਬੇੜਾ ਭਰ ਕੇ ਡੁੱਬੇ! ਕੀ ਵੈਦਾ ਥੋਡੇ ਅਮ੍ਰਿਤ ਛਕੇ ਦਾ ਤੇ ਦਾੜ੍ਹੀਆਂ ਰੱਖੀਆਂ ਦਾ ਵੋਟਾਂ ਬਦਲੇ ਝੂਠ! ਕੇਵਲ ਨੇ ਮੱਥੇ ਤੇ ਹੱਥ ਮਾਰ ਕੇ ਕਿਹਾ।

'ਅਬ ਫਸੀ ਕੋ ਫਟਕਣ ਕਿਆ ਔਰ ਨਿਕਲੀ ਕੋ ਅਟਕਣ ਕਿਆ, ਮਰਦੋਂ ਪਰ ਹੀ ਭੀੜੇਂ ਪੜਤੀ ਹੈਂ ਔਰ ਕਾਟਨੀ ਪੜਤੀ ਹੈ'

'ਮੈਂ 22 ਸਾਲ ਕੀ ਉਮਰ ਮੇਂ ਭਰਤੀ ਹੂਆ ਥਾ, 13 ਸਾਲ ਸਰਵਿਸ ਹੋ ਗਈ, 10 ਸਾਲ ਕੀ ਸਜ਼ਾ ਕਾਟਨੇ ਕੇ ਬਾਦ ਮੇਰੀ ਉਮਰ ਤੋ 45 ਸਾਲ ਕੀ ਹੋ ਜਾਏਗੀ ਅਗਰ ਕੋਈ ਗਲਤੀ ਹੋ ਗਈ ਤੋ ਪਾਂਚ ਸਾਤ ਸਾਲ ਔਰ ਬੜ੍ਹ ਜਾਏਗੀ ਕਿਆ ਕਰੇਂਗੇ ਮੇਰੇ ਬਾਲ ਬੱਚੇ' ਮੀਕੇ ਨੇ ਰੋਣਹਾਕਾ ਹੋ ਕੇ ਪੁੱਛਿਆ।

'ਲਮਹੋਂ ਕੀ ਖਤਾ ਨੇ ਸਦੀਓਂ ਕੀ ਸਜ਼ਾ ਪਾਈ ਹੈ' ਕਾਮਰੇਡ ਨੇ ਰੋਣਹਾਕਾ ਹੋ ਕੇ ਕਿਹਾ ਆਖ ਵੀ ਸਹੀ ਰਿਹਾ ਸੀ।

ਫਿਰ ਸੋਚਿਆ ਨਿੱਕੇ ਨਿੱਕੇ ਸਾਹਿਬਜ਼ਾਦੇ ਜੇਹਲਾਂ ਵਿੱਚ ਠੰਢੇ ਬੁਰਜ ਵਿੱਚ ਕੈਦ ਰਹੇ, ਗੁਰਦਵਾਰਿਆਂ ਦੀ ਖਾਤਰ ਨਨਕਾਣਾ ਸਾਹਿਬ ਜੰਡਾਂ ਨਾਲ ਬੰਨ ਕੇ ਸਾੜੇ ਗਏ! ਸਾਡੇ ਨਾਲ ਤਾਂ ਫੇਰ ਵੀ ਇਹੋ ਜਿਹੀ ਕੋਈ ਗੱਲ ਨਹੀਂ। ਜੋ ਕਰੂਗਾ ਰੱਬ ਭਲੀ ਕਰੂਗਾ ਇਹ ਦਿਲ ਵਿੱਚ ਸੋਚ ਰਹੇ ਸਨ। ਸੂਬੇਦਾਰ ਜਾਣ ਵਾਸਤੇ ਖੜ੍ਹਾ ਹੋ ਗਿਆ।

'ਸਾਬ੍ਹ ਅਸੀਂ ਚਿੱਠੀ ਪੱਤਰ ਕਰਦੇ ਰਹਾਂਗੇ ਜਵਾਬ ਦੇਤੇ ਰਹਿਨਾ ਸਾਰਿਆਂ ਨੇ ਕਿਹਾ' ਸੂਬੇਦਾਰ ਚਲਾ ਗਿਆ। ਕੁਝ ਨਵੇਂ ਰੰਗਰੂਟ ਤੇ ਜਿਹਨਾ ਫੌਜੀਆਂ ਦਾ ਕਸੂਰ ਘੱਟ ਸੀ ਉਹਨਾ ਦਾ ਮਿਲਟਰੀ ਕੋਰਟ ਮਾਰਸ਼ਲ ਕਰਕੇ ਫੌਜ ਵਿੱਚ ਰੱਖ ਲਿਆ। ਸਿਵਲ ਕੋਰਟ ਮਾਰਸ਼ਲ ਵਾਲਿਆਂ ਨੂੰ ਦੂਜੇ ਦਿਨ ਸਾਰਿਆਂ ਨੂੰ ਗਵਾਲੀਅਰ ਜੇਲ੍ਹ ਭੇਜ ਦਿੱਤਾ।

'ਉੱਥੇ ਪੇਸ਼ ਕੋਈ ਨਾ ਜਾਂਵਦੀ ਏ, ਜਿੱਥੇ ਰੁੱਸਿਆ ਆਪ ਖ਼ੁਦ ਯਾਰੇ'!

# ਇਮਿਊਨ ਸਿਸਟਮ ਕਿਵੇਂ ਰਵਾਂ ਕੀਤਾ ਜਾ ਸਕਦਾ ਹੈ ?



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਸਾਡੇ ਸਰੀਰ ਅੰਦਰ ਪੂਰੀ ਜ਼ਿੰਦਗੀ ਵਿਚ ਲਗਭਗ ਇੱਕ ਮਿਲੀਅਨ ਦੇ ਕਰੀਬ ਵੱਖੋ-ਵੱਖ ਕਿਸਮਾਂ ਦੇ ਕੀਟਾਣੂ, ਖ਼ੁਰਾਕ ਵਿਚਲੇ ਨਵੇਂ ਤੱਥ, ਕਈ ਤਰਾਂ ਦੇ ਹਲਕੇ ਜ਼ਹਿਰ ਤੇ ਹੋਰ ਵੀ ਕਈ ਕੁੱਝ ਜੋ ਇਨਸਾਨੀ ਸਰੀਰ ਦੇ ਹਿਸਾਬ ਨਾਲ ਅਨੁਕੂਲ ਨਾ ਹੋਵੇ, ਵੜ ਜਾਂਦੇ ਹਨ। ਇਸ ਨੂੰ ਸੌਖੇ ਤਰੀਕੇ ਸਮਝਣ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਾਡਾ ਸਰੀਰ ਹਰ ਪਲ ਕਿਸੇ ਅਣਕਿਆਸੇ ਦੁਸ਼ਮਨ ਨਾਲ ਜੰਗ ਲੜਨ ਨੂੰ ਤਿਆਰ ਰਹਿੰਦਾ ਹੈ, ਭਾਵੇਂ ਉਹ ਸਾਹ ਰਾਹੀਂ, ਲਹੂ ਰਾਹੀਂ, ਮੂੰਹ ਰਾਹੀਂ, ਅੱਖਾਂ ਰਾਹੀਂ ਜਾਂ ਚਮੜੀ ਰਾਹੀਂ ਅੰਦਰ ਵੜ ਰਿਹਾ ਹੋਵੇ।

ਇਸ ਵਾਸਤੇ ਕੁਦਰਤ ਨੇ ਸਰੀਰ ਦੇ ਅੰਦਰ ਵੱਖੋ-ਵੱਖ ਥਾਵਾਂ ਉੱਤੇ ਅਨੇਕ ਫੌਜੀ ਯੂਨਿਟ ਬਣਾਏ ਹੋਏ ਹਨ। ਇਹ ਯੂਨਿਟ ਅੰਤੜੀਆਂ ਵਿਚ, ਫੇਫੜਿਆਂ ਵਿਚ, ਲਿੰਫ ਨੋਡ ਵਿਚ, ਹੱਡੀਆਂ ਵਿਚ, ਟੌਂਸਿਲ ਵਿਚ, ਐਡੀਨਾਇਡ ਵਿਚ, ਥਾਇਮਸ ਗਲੈਂਡ ਵਿਚ, ਬੱਚੇ ਪੈਦਾ ਕਰਨ ਵਾਲੇ ਅੰਗਾਂ ਵਿਚ ਤੇ ਹੋਰ ਵੀ ਕਈ ਥਾਈਂ ਆਪੋ ਆਪਣੇ ਕੰਮ ਲੱਗੇ ਹੋਏ ਹਨ।

ਜਿਉਂ ਹੀ ਕੀਟਾਣੂ ਸਰੀਰ ਅੰਦਰ ਵੜਨ, ਲੋੜ ਮੁਤਾਬਕ ਇਹ ਸੈਂਟਰ ਰਵਾਂ ਹੋ ਜਾਂਦੇ ਹਨ ਤੇ ਢੇਰਾਂ ਦੇ ਢੇਰ ਸੈੱਲ ਤਿਆਰ ਕਰ ਕੇ ਉਸ ਕੀਟਾਣੂ ਦੇ ਆਕਾਰ, ਵਿਹਾਰ ਅਤੇ ਹੱਲਾ ਬੋਲਣ ਦੇ ਢੰਗ ਦੇ ਹਿਸਾਬ ਨਾਲ ਉਸ ਨੂੰ ਕਾਬੂ ਕਰਨ ਲੱਗ ਪੈਂਦੇ ਹਨ।

ਜੇ ਸਰੀਰ ਕੋਲ ਵਾਧੂ ਸੈੱਲ ਬਣਾਉਣ ਦੀ ਸਮਰੱਥਾ ਹੋਵੇ ਤਾਂ ਇਮਿਊਨ ਸਿਸਟਮ ਦੇ ਸੈੱਲ ਇਸ ਕੀਟਾਣੂ ਨੂੰ ਮਾਰ ਮੁਕਾਉਂਦੇ ਹਨ। ਉਸ ਕੀਟਾਣੂ ਬਾਰੇ ਪੂਰਾ ਗਿਆਨ ਹਾਸਲ ਕਰ ਕੇ ਦੁਬਾਰਾ ਕਦੇ ਵੀ ਉਸ ਵੱਲੋਂ ਹੱਲਾ ਬੋਲੇ ਜਾਣ ਉੱਤੇ ਪਹਿਲਾਂ ਤੋਂ ਤਿਆਰ ਹੋਏ ਫੌਜੀ ਸੈੱਲ ਝਟਪਟ ਉਸ ਨੂੰ ਮਾਰ ਮੁਕਾਉਂਦੇ ਹਨ ਤੇ ਸਰੀਰ ਅੰਦਰ ਫੈਲਣ ਦਾ ਸਮਾਂ ਹੀ ਨਹੀਂ ਦਿੰਦੇ।

ਜੇ ਸਰੀਰ ਦਾ ਇਮਿਊਨ ਸਿਸਟਮ ਢਿੱਲਾ ਹੋਵੇ ਤਾਂ ਕੀਟਾਣੂਆਂ ਨੂੰ ਰੋਕਣ ਲਈ ਪੂਰੇ ਸੈੱਲ ਬਣਦੇ ਹੀ ਨਹੀਂ। ਇੰਜ ਕੀਟਾਣੂਆਂ ਨੂੰ ਸਰੀਰ ਅੰਦਰ ਫੈਲ ਕੇ ਬੀਮਾਰੀ ਕਰਨ ਦਾ ਸਮਾਂ ਮਿਲ ਜਾਂਦਾ ਹੈ। ਜੇ ਇਮਿਊਨ ਸਿਸਟਮ ਤਗੜਾ ਹੋਵੇ ਪਰ ਕੀਟਾਣੂ ਦੇ ਆਕਾਰ, ਵਿਹਾਰ ਤੇ ਉਸ ਦੇ ਹੱਲਾ ਬੋਲਣ ਦੇ ਢੰਗ ਬਾਰੇ ਸਰੀਰ ਸਮਝ ਹੀ ਨਾ ਸਕੇ ਤਾਂ ਫੌਜੀ ਯੂਨਿਟ 'ਚੋਂ ਸੈੱਲ ਤਿਆਰ ਹੋ ਕੇ ਨਿਕਲਣ ਵਿਚ ਦੇਰ ਹੋ ਸਕਦੀ ਹੈ। ਅਜਿਹੇ ਮੌਕੇ ਕੀਟਾਣੂ ਬੀਮਾਰੀ ਕਰ ਸਕਦੇ ਹਨ ਪਰ ਬੀਮਾਰੀ ਬਹੁਤੀ ਫੈਲਦੀ ਨਹੀਂ ਤੇ ਛੇਤੀ ਕਾਬੂ ਵਿਚ ਆ ਜਾਂਦੀ ਹੈ।

ਸਾਈਕੋਨਿਊਰੋਇਮਿਊਨੋਲੋਜੀ ਦੇ ਸੈਂਟਰ ਵਿਖੇ ਲਾਸ ਏਂਜਲਸ ਦੀ ਕੈਲੀਫੌਰਨੀਆ ਯੂਨੀਵਰਸਿਟੀ ਵਿਚ ਖੋਜੀ 'ਕੋਲ' ਨੇ ਇਕ ਖੋਜ ਆਰੰਭੀ ਕਿਉਂਕਿ ਉਹ ਸਮਝਣਾ ਚਾਹੁੰਦਾ ਸੀ ਕਿ ਇਮਿਊਨ ਸਿਸਟਮ ਦਾ ਕੰਮ ਕਾਰ ਹਰ ਸਰੀਰ ਅੰਦਰ ਵੱਖ ਕਿਉਂ ਹੈ ? ਕਿਸੇ ਨੂੰ ਉਹੀ ਕੀਟਾਣੂ ਵੱਧ ਮਾਰੂ ਬਿਮਾਰੀ ਕਰਦੇ ਹਨ ਤੇ ਕਿਸੇ ਨੂੰ ਘੱਟ। ਕਿਸੇ ਦੇ ਸਰੀਰ ਅੰਦਰ ਉਹੀ ਕੀਟਾਣੂ ਬਿਲਕੁਲ ਹੀ ਮਾਰ ਨਹੀਂ ਮਾਰਦੇ।

'ਕੋਲ' ਨੇ ਸਾਰੀ ਉਮਰ ਵੱਖੋ-ਵੱਖ ਤਰਾਂ ਦੀਆਂ ਖੋਜਾਂ ਇਸੇ ਵਿਸ਼ੇ ਉੱਤੇ ਕੀਤੀਆਂ। ਉਸ ਨੇ ਪਹਿਲੀ ਖੋਜ ਕਰਨ ਸਮੇਂ ਨੋਟ ਕੀਤਾ ਕਿ ਜਿਹੜੇ ਲੋਕ ਤਣਾਓ ਅਧੀਨ ਰਹਿੰਦੇ ਸਨ, ਉਨਾਂ ਵਿਚ ਸ਼ੱਕਰ ਰੋਗ ਕਾਫੀ ਵੱਧ ਹੋ ਰਿਹਾ ਸੀ। ਉਸ ਨੇ ਸਰੀਰ ਦੇ ਮਾਲੀਕੁਲਰ ਪੱਧਰ ਉੱਤੇ ਸੈੱਲਾਂ ਅੰਦਰਲੀ ਤਬਦੀਲੀ ਬਾਰੇ ਖੋਜੀ ਆਰੰਭੀ।

ਇਮਿਊਨ ਸਿਸਟਮ ਤੇ ਦਿਮਾਗ਼ ਵਿਚਲੇ ਆਪਸੀ ਸੰਬੰਧਾਂ ਦੇ ਤਾਲਮੇਲ ਨੂੰ ਘੋਖਣ ਲਈ ਉਸ ਨੇ ਦੋ ਹਿੱਸਿਆਂ ਵਿਚ ਆਮ ਲੋਕਾਂ ਨੂੰ ਵੰਡ ਲਿਆ। ਪਹਿਲੇ ਉਹ ਜਿਹੜੇ ਇਕੱਲੇ ਰਹਿ ਰਹੇ ਸਨ ਤੇ ਦੂਜੇ ਉਹ ਜੋ ਟੱਬਰਦਾਰ ਸਨ।

ਉਸ ਤੋਂ ਬਾਅਦ ਉਸ ਨੇ ਉਨਾਂ ਵਿਚ ਸ਼ੱਕਰ ਰੋਗ, ਦਿਲ ਦੇ ਰੋਗ, ਏਡਜ਼, ਕੈਂਸਰ ਆਦਿ ਬੀਮਾਰੀਆਂ ਨੋਟ ਕਰ ਕੇ ਉਨਾਂ ਦਾ ਛੇਤੀ ਵਧਣਾ ਤੇ ਉਨਾਂ ਦੇ ਮਾਰੂ ਅਸਰ ਘੋਖੇ। ਉਸ ਦੇ ਨਾਲੋ ਨਾਲ 'ਕੋਲ' ਨੇ ਉਨਾਂ ਦਾ ਖ਼ੁਸ਼ੀ ਦਾ ਮੀਟਰ ਵੀ ਨੋਟ ਕੀਤਾ ਕਿ ਕਿੰਨੇ ਢਹਿੰਦੀ ਕਲਾ ਵਿਚ ਰਹਿੰਦੇ ਸਨ ਤੇ ਕਿੰਨੇ ਖ਼ੁਸ਼ ਜਾਂ ਸੰਤੁਸ਼ਟ ਸਨ।

ਅਜਿਹਾ ਕਰਨ ਤੋਂ ਪਹਿਲਾਂ ਖੋਜੀ ਕੋਲ ਨੇ ਇੱਕ ਖੋਜ ਪੱਤਰ ਪੜਿਆ ਸੀ ਜੋ ਸੰਨ 1964 ਵਿਚ ਛਪਿਆ ਸੀ। ਉਸ ਖੋਜ ਪੱਤਰ ਵਿਚ ਇੱਕ ਮਰੀਜ਼ ਨੌਰਮਨ ਦਾ ਜ਼ਿਕਰ ਸੀ ਜਿਸ ਨੂੰ ਜੋੜਾਂ ਦੀ ਤਕਲੀਫ਼ (ਐਨਕਾਈਲੋਜ਼ਿੰਗ ਸਪੌਂਡੀਲਾਈਟਿਸ) ਸੀ ਜਿਸ ਦੇ ਠੀਕ ਹੋਣ ਦੇ ਆਸਾਰ ਬਹੁਤ ਹੀ ਘੱਟ ਹੁੰਦੇ ਹਨ ਤੇ ਇਹ ਇਮਿਊਨ ਸਿਸਟਮ ਵਿਚ ਗੜਬੜੀ ਸਦਕਾ ਹੁੰਦੀ ਹੈ। ਉਸ ਮਰੀਜ਼ ਨੂੰ 'ਹੈਪੀਨੈੱਸ ਥੈਰੇਪੀ' ਦਿੱਤੀ ਗਈ।

ਇਸ ਇਲਾਜ ਅਧੀਨ ਰੋਜ਼ ਦਿਨ ਵਿਚ ਤਿੰਨ ਵਾਰ ਇੱਕ-ਇੱਕ ਘੰਟੇ ਵਾਸਤੇ ਹਾਸੇ ਦੀਆਂ ਫ਼ਿਲਮਾਂ ਜਾਂ ਚੁਟਕੁਲੇ ਸੁਣਾਏ ਗਏ। ਦੋ ਹਫ਼ਤਿਆਂ ਬਾਅਦ ਹੀ ਉਸ ਦੇ ਜੋੜਾਂ ਵਿਚ ਕਾਫੀ ਸੁਧਾਰ ਦਿਸਿਆ। ਉਦੋਂ ਇਸ ਖੋਜ ਦਾ ਕਾਫੀ ਵਿਰੋਧ ਹੋਇਆ ਤੇ ਕਈ ਖੋਜੀਆਂ ਨੇ ਇਸ ਖੋਜ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ। ਕੁੱਝ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਕਿ ਨੌਰਮਨ ਨੂੰ ਬੀਮਾਰੀ ਹੋਣੀ ਹੀ ਨਹੀਂ ਤੇ ਪਾਖੰਡ ਕਰ ਰਿਹਾ ਹੋਣਾ ਹੈ।

ਸੰਨ 1980 ਤੇ ਫੇਰ 1990 ਵਿਚ ਹੋਰ ਖੋਜਾਂ ਕੀਤੀਆਂ ਗਈਆਂ ਜਿਨਾਂ ਵਿਚ ਦਿਮਾਗ਼ ਅਤੇ ਇਮਿਊਨ ਸਿਸਟਮ ਦੇ ਵਿਚ ਡੂੰਘਾ ਸੰਬੰਧ ਲੱਭ ਲਿਆ ਗਿਆ। ਸੰਤੁਸ਼ਟੀ ਤੇ ਚੜਦੀ ਕਲਾ ਦੇ ਇਹਸਾਸ ਰੱਖਣ ਵਾਲਿਆਂ ਅਤੇ ਖ਼ੁਸ਼ ਰਹਿਣ ਵਾਲਿਆਂ ਵਿਚ ਉਨਾਂ ਦੇ ਇਮਿਊਨ ਸਿਸਟਮ ਵਿਚਲੇ ਥਾਇਮਸ ਗਲੈਂਡ ਤੇ ਹੱਡੀਆਂ ਦੇ ਮਾਦੇ ਵਿਚਲੇ ਸੈੱਲਾਂ ਉੱਤੇ ਲੱਗੇ ਰਿਸੈਪਟਰ ਦੇ ਸਿਰੇ ਜ਼ਿਆਦਾ ਚੁਸਤ ਲੱਭੇ।

ਇਸ ਖੋਜ ਦੀ ਪਕਿਆਈ ਕਰਨ ਲਈ ਉਹ ਲੋਕ ਲੱਭੇ ਗਏ ਜਿਹੜੇ ਤਣਾਓ ਅਧੀਨ ਰਹਿੰਦੇ ਸਨ। ਖੋਜੀ ਰੋਨੈਲਡ ਗਲੇਜ਼ਰ ਨੇ ਓਹੀਓ ਸਟੇਟ ਯੂਨੀਵਰਸਿਟੀ ਵਿਚ 'ਇੰਸਟੀਚਿਊਟ ਫੌਰ ਬਿਹੇਵਿਓਰਲ ਮੈਡੀਸਿਨ ਰਿਸਰਚ' ਵਿਚ ਸੰਨ 1980 ਵਿਚ ਪਹਿਲੀ ਵਾਰ ਇਹ ਤੱਥ ਸਭ ਦੇ ਸਾਹਮਣੇ ਰੱਖੇ। ਉਸ ਨੇ ਡਾਕਟਰੀ ਪੜਦੇ ਵਿਦਿਆਰਥੀਆਂ ਦੇ ਲਹੂ ਦੇ ਸੈਂਪਲ ਲਏ ਤੇ ਨੋਟ ਕੀਤਾ ਕਿ ਇਮਤਿਹਾਨਾਂ ਨੇੜੇ ਉਨਾਂ ਦੇ ਇਮਿਊਨ ਸਿਸਟਮ ਦੇ ਸੈੱਲ ਘੱਟ ਕੰਮ ਕਰਦੇ ਸਨ। ਉਸ ਸਮੇਂ ਉਨਾਂ ਉੱਤੇ ਵਾਇਰਸ ਕੀਟਾਣੂ ਵੱਧ ਹਮਲਾ ਕਰਦੇ ਸਨ। ਕਈਆਂ ਦੇ ਤਾਂ ਪਹਿਲਾਂ ਦੇ ਥੋੜੀ ਮਾਤਰਾ ਵਿਚ ਪਏ ਵਾਇਰਸ ਕੀਟਾਣੂ ਇਕਦਮ ਦੁਗਣੇ ਤਿਗਣੇ ਹੋ ਗਏ ਲੱਭੇ। ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਵਿਕਸਿਤ ਮੁਲਕਾਂ ਵਿਚ ਡਾਕਟਰਾਂ ਦੇ ਮਨੋਬਲ ਨੂੰ ਵਧਾਉਣ ਉੱਤੇ ਜ਼ੋਰ ਦਿੱਤਾ ਗਿਆ।

ਲੰਮੀ ਦੇਰ ਚੱਲੀ ਖੋਜ ਵਿਚ ਇਹ ਤੱਥ ਸਾਹਮਣੇ ਆਏ ਕਿ ਤਣਾਓ ਤੇ ਢਹਿੰਦੀ ਕਲਾ ਨਾਲ ਇਮਿਊਨ ਸਿਸਟਮ ਦਾ ਕੰਮ ਕਾਰ ਢਿੱਲਾ ਪੈ ਜਾਂਦਾ ਹੈ। ਢਿੱਲਾ ਪੈਣ ਦਾ ਮਤਲਬ ਹੈ ਕਿ ਵਾਇਰਸ ਕੀਟਾਣੂ ਤੇਜ਼ੀ ਨਾਲ ਫੈਲ ਕੇ ਸਰੀਰ ਅੰਦਰ ਬੀਮਾਰੀ ਕਰ ਸਕਦੇ ਹਨ।

1967 ਵਿਚ ਬਰਿਟੇਨ ਦੇ ਸਰਕਾਰੀ ਮੁਲਾਜ਼ਮਾਂ ਦੇ ਵੀ ਇਹੋ ਟੈਸਟ ਕੀਤੇ ਗਏ ਸਨ ਤੇ ਲੱਭਿਆ ਗਿਆ ਸੀ ਕਿ ਜ਼ਿਆਦਾ ਤੇ ਲਗਾਤਾਰ ਤਣਾਓ ਅਧੀਨ ਰਹਿਣ ਵਾਲਿਆਂ ਵਿਚ ਦਿਲ ਦੇ ਰੋਗ ਅਤੇ ਸ਼ੱਕਰ ਰੋਗ ਵੱਧ ਹੁੰਦੇ ਸਨ।

ਜਿੱਥੇ ਗ਼ਰੀਬਾਂ ਵਿਚ ਉਸ ਸਮੇਂ ਲਾਗ ਨਾਲ ਹੋਣ ਵਾਲੀਆਂ ਬੀਮਾਰੀਆਂ ਵੱਧ ਲੱਭੀਆਂ, ਉੱਥੇ ਰੱਜੇ ਪੁੱਜਿਆਂ ਵਿਚ ਤਣਾਓ ਨਾਲ ਸਰੀਰ ਅੰਦਰ ਕੌਰਟੀਸੋਲ ਤੇ ਸਾਈਟੋਕੀਨ ਵਧੇ ਹੋਏ ਲੱਭੇ ਜੋ ਬਲੱਡ ਪ੍ਰੈੱਸ਼ਰ, ਸ਼ੱਕਰ ਰੋਗ, ਦਿਲ ਦੇ ਰੋਗ, ਕੈਂਸਰ, ਆਦਿ ਵਰਗੀਆਂ ਬੀਮਾਰੀਆਂ ਵਧਾ ਰਹੇ ਸਨ।

ਬਾਅਦ ਵਿਚ ਕੀਤੀਆਂ ਖੋਜਾਂ ਜੋ ਏਡਜ਼ ਦੇ ਮਰੀਜ਼ਾਂ ਉੱਤੇ ਕੀਤੀਆਂ ਗਈਆਂ, ਨੇ ਵੀ ਸਪਸ਼ਟ ਕੀਤਾ ਕਿ ਤਣਾਓ ਪਾਲਣ ਵਾਲਿਆਂ ਵਿਚ ਵਾਇਰਸ ਵੱਧ ਤੇਜ਼ੀ ਨਾਲ ਫੈਲੀ।

ਸੰਨ 2007 ਵਿਚ ਇਕੱਲੇ ਰਹਿਣ ਵਾਲਿਆਂ ਉੱਤੇ ਖੋਜਾਂ ਕੀਤੀਆਂ ਗਈਆਂ। ਇਹ ਵੇਖਣ ਵਿਚ ਆਇਆ ਕਿ ਇਕੱਲੇ ਰਹਿਣ ਵਾਲੇ ਤੇ ਖ਼ਾਸ ਕਰ ਜਿਨਾਂ ਦੇ ਦੋਸਤ ਜਾਂ ਰਿਸ਼ਤੇਦਾਰ ਨਾ ਹੋਣ, ਤਾਂ ਅਜਿਹੇ ਲੋਕ ਖਾਣਾ ਵੀ ਠੀਕ ਨਹੀਂ ਖਾਂਦੇ ਤੇ ਉਨਾਂ ਦੇ ਇਮਿਊਨ ਸਿਸਟਮ ਦੇ ਕੰਮ ਕਾਰ ਵੀ ਘੱਟ ਜਾਂਦੇ ਹਨ। ਇਨਾਂ ਵਿਚ ਢਹਿੰਦੀ ਕਲਾ ਵੱਧ ਲੱਭੀ, ਮਾਨਸਿਕ ਰੋਗ ਵੱਧ ਲੱਭੇ, ਦਿਲ ਦੇ ਰੋਗ, ਸ਼ੱਕਰ ਰੋਗ, ਜੋੜਾਂ ਦੇ ਰੋਗ, ਐਲਰਜੀ, ਕੈਂਸਰ, ਆਦਿ ਵੀ ਵੱਧ ਲੱਭੇ।

ਇਕੱਲੇ ਰਹਿਣ ਵਾਲਿਆਂ ਵਿਚ ਸ਼ਰਾਬ ਪੀਣ ਜਾਂ ਨਸ਼ਾ ਕਰਨ ਦਾ ਰੁਝਾਨ ਵੀ ਵੱਧ ਦਿਸਿਆ ਤੇ ਮੌਤ ਦਾ ਭੈਅ ਵੀ ਵੱਧ ਲੱਭਿਆ।

ਕੋਲ ਖੋਜੀ ਨੇ ਆਪਣੇ ਸਾਥੀਆਂ ਨਾਲ 6 ਸਦੀਵੀ ਇਕੱਲੇ ਰਹਿਣ ਵਾਲਿਆਂ ਦੇ ਲਹੂ ਵਿਚਲੇ ਬੀਮਾਰੀ ਨਾਲ ਲੜਨ ਵਾਲੇ ਚਿੱਟੇ ਸੈੱਲਾਂ ਦੇ ਜੀਨ ਐਕਸਪ੍ਰੈਸ਼ਨ ਉੱਤੇ ਖੋਜ ਕੀਤੀ। ਫੇਰ ਉਨਾਂ ਨੇ 8 ਅਜਿਹੇ ਇਕੱਲੇ ਰਹਿਣ ਵਾਲੇ ਸ਼ਾਮਲ ਕੀਤੇ ਜਿਨਾਂ ਦਾ ਰੋਜ਼ ਦੋਸਤਾਂ ਮਿੱਤਰਾਂ ਨਾਲ ਮੇਲ ਜੋਲ ਸੀ ਤੇ ਰਿਸ਼ਤੇਦਾਰੀ ਨਾਲ ਵੀ।

ਇਸ ਖੋਜ ਦੇ ਨਤੀਜੇ ਸਨ :-

ਇਨਸਾਨੀ ਸਰੀਰ ਵਿਚਲੇ ਜੀਨੋਮ ਵਿੱਚੋਂ ਲਗਭਗ 22,000 ਜੀਨਾਂ ਵਿੱਚੋਂ 209 ਅਜਿਹੇ ਜੀਨ ਲੱਭ ਲਏ ਗਏ ਜੋ ਸਿਰਫ਼ ਬਿਲਕੁਲ ਇਕੱਲੇ ਰਹਿਣ ਵਾਲੇ ਉਨਾਂ ਲੋਕਾਂ ਵਿਚ ਸਨ ਜਿਹੜੇ ਕਿਸੇ ਨਾਲ ਕੋਈ ਮੇਲ ਜੋਲ ਨਹੀਂ ਰੱਖਦੇ ਸਨ।

ਇਹ ਜੀਨ ਵੱਖ ਤਰਾਂ ਦੀ ਪ੍ਰੋਟੀਨ ਬਣਾਉਣ ਦਾ ਕੰਮ ਕਰਦੇ ਹਨ ਜੋ ਵਾਇਰਲ ਕੀਟਾਣੂਆਂ ਦੇ ਹਮਲੇ ਵਿਚ ਉਸ ਦਾ ਮਾਰੂ ਅਸਰ ਵਧਾ ਦਿੰਦੇ ਹਨ।

ਜਿਹੜੇ ਇਕੱਲੇ ਰਹਿੰਦੇ ਹੋਏ ਵੀ ਸਭ ਨਾਲ ਰਲ ਮਿਲ ਰਹੇ ਸਨ, ਉਨਾਂ ਦੇ ਸਰੀਰ ਅੰਦਰਲੇ ਇਹੀ ਜੀਨ ਵਾਇਰਸ ਨੂੰ ਮਾਰਨ ਵਿਚ ਮਦਦ ਕਰਦੇ ਲੱਭੇ। ਇਸ ਨੂੰ 'ਜੀਨ ਐਕਸਪ੍ਰੈਸ਼ਨ' ਵਿਚਲਾ ਫ਼ਰਕ ਮੰਨ ਲਿਆ ਗਿਆ ਜੋ ਪਹਿਲੀ ਵਾਰ ਦੁਨੀਆ ਸਾਹਮਣੇ ਵਿਗਿਆਨਿਕ ਤੌਰ ਉੱਤੇ ਸਾਬਤ ਕਰਨ ਵਿਚ ਸਹਾਈ ਹੋਇਆ ਕਿ ਇਕੱਲੇ ਸਾਰਿਆਂ ਤੋਂ ਕਟ ਕੇ ਰਹਿਣਾ ਕਿੰਨਾ ਹਾਨੀਕਾਰਕ ਹੋ ਸਕਦਾ ਹੈ!

ਇਸ ਖੋਜ ਤੋਂ ਬਾਅਦ 93 ਹੋਰ ਉਨਾਂ ਬੰਦਿਆਂ ਨੂੰ ਸ਼ਾਮਲ ਕੀਤਾ ਗਿਆ ਜੋ ਕਿਸੇ ਹਾਲਾਤ ਸਦਕਾ, ਮਜਬੂਰੀ ਵਸ ਜਾਂ ਬੀਮਾਰੀ ਕਰ ਕੇ ਇਕੱਲੇ ਰਹਿ ਗਏ ਸਨ ਜਾਂ ਸਮਾਜ 'ਚੋਂ ਛੇਕੇ ਗਏ ਸਨ। ਇਨਾਂ ਵਿਚ ਵੀ ਜੀਨਾਂ ਵਿਚ ਹੋ ਰਹੀ ਤਬਦੀਲੀ ਸਪਸ਼ਟ ਨਜ਼ਰੀ ਪੈ ਗਈ ਜੋ ਬੀਮਾਰੀਆਂ ਨੂੰ ਸੱਦਾ ਦੇਣ ਲੱਗ ਪਈ ਸੀ ਤੇ ਉਨਾਂ ਦੀ ਉਮਰ ਵੀ ਛੋਟੀ ਕਰ ਰਹੀ ਸੀ।

ਇਹ ਵੀ ਤੱਥ ਨਜ਼ਰੀਂ ਪਏ ਕਿ ਇਕੱਲੇ ਰਹਿਣ ਵਾਲਿਆਂ ਦੇ ਜ਼ਖ਼ਮ ਭਰਨ ਵਿਚ ਵੀ ਵੱਧ ਸਮਾਂ ਲੱਗਦਾ ਹੈ ਤੇ ਬੈਕਟੀਰੀਅਲ ਕੀਟਾਣੂਆਂ ਦਾ ਹਮਲਾ ਵੀ ਵੱਧ ਹੁੰਦਾ ਹੈ।

ਇਸ ਤੋਂ ਬਾਅਦ ਇਹ ਕਿਆਸ ਲਾਇਆ ਗਿਆ ਕਿ ਸਦੀਆਂ ਪਹਿਲਾਂ ਜਦੋਂ ਲੋਕ ਛੋਟੇ ਝੁੰਡਾਂ ਵਿਚ ਰਹਿੰਦੇ ਸਨ ਤਾਂ ਵਾਇਰਲ ਬੀਮਾਰੀਆਂ ਬਥੇਰੀਆਂ ਫੈਲਦੀਆਂ ਹੋਣਗੀਆਂ ਪਰ ਉਨਾਂ ਦਾ ਸਰੀਰ ਉਨਾਂ ਕੀਟਾਣੂਆਂ ਵਿਰੁੱਧ ਬੀਮਾਰੀ ਨਾਲ ਲੜਨ ਵਾਲੇ ਸੈੱਲ ਤੇਜ਼ੀ ਨਾਲ ਤਿਆਰ ਕਰ ਕੇ ਉਨਾਂ ਨੂੰ ਬਚਾ ਲੈਂਦਾ ਹੋਵੇਗਾ।

ਮੌਜੂਦਾ ਸਮੇਂ ਦਾ ਕੰਮ ਦਾ ਤਣਾਓ ਜਿੱਥੇ ਦਿਲ ਦੀਆਂ ਨਾੜੀਆਂ ਦੀ ਪਰਤ ਖ਼ਰਾਬ ਕਰ ਕੇ ਉਸ ਥਾਂ ਘੱਪੇ ਜੰਮਣ ਵਿਚ ਮਦਦ ਕਰਦਾ ਹੈ, ਉੱਥੇ ਬਲੱਡ ਪ੍ਰੈੱਸ਼ਰ, ਕੈਂਸਰ ਤੇ ਸ਼ੱਕਰ ਰੋਗ ਵਧਾਉਣ ਵਿਚ ਚਾਰ ਜਾਂ ਪੰਜ ਗੁਣਾ ਵੱਧ ਮਾਰੂ ਸਾਬਤ ਹੋ ਰਿਹਾ ਹੈ।

ਨਿਊਯਾਰਕ ਦੇ ਰੌਕਫੈਲਰ ਯੂਨੀਵਰਸਿਟੀ ਦੇ ਇਮਿਊਨੋਲੋਜਿਸਟ, ਐਲਗਜ਼ਾਂਡਰ ਤਰੋਕਵਸਕੀ ਨੇ ਸਪਸ਼ਟ ਕੀਤਾ ਹੈ ਕਿ 'ਕੋਲ' ਦੀ ਖੋਜ ਨੇ ਹੋਰ ਖੋਜਾਂ ਲਈ ਰਾਹ ਖੋਲ ਦਿੱਤਾ ਹੈ। ਪਰ, ਹਾਲੇ ਤੱਕ ਇਹ ਸਮਝ ਨਹੀਂ ਲੱਗ ਸਕੀ ਕਿ ਜੀਨਾਂ ਦੀ ਕਿਹੜੀ ਹਰਕਤ ਨਾਲ ਔਖੇ ਹਾਲਾਤ ਨੂੰ ਕੁੱਝ ਜਣੇ ਵਧੀਆ ਤਰੀਕੇ ਜਰ ਕੇ ਅਣਕਿਆਸੀ ਸਫਲਤਾ ਪ੍ਰਾਪਤ ਕਰ ਜਾਂਦੇ ਹਨ ਤੇ ਕੁੱਝ ਉਸੇ ਹਾਲਾਤ ਵਿਚ ਖ਼ੁਦਕੁਸ਼ੀ ਕਰ ਜਾਂਦੇ ਹਨ।

ਐਟਲਾਂਟਾ ਦੇ ਜੌਰਜੀਆ ਇੰਸਟੀਚਿਊਟ ਔਫ ਟੈਕਨਾਲੋਜੀ ਦੇ ਗਰੈਗ ਗਿਬਸਨ ਨੇ ਵੀ ਹਾਮੀ ਭਰੀ ਹੈ ਕਿ ਜੇ ਜੀਨਾਂ ਵਿਚਲੀ ਹੋਰ ਬਰੀਕੀ ਸਮਝ ਆ ਜਾਵੇ ਤਾਂ ਢਹਿੰਦੀ ਕਲਾ ਦਾ ਇਲਾਜ ਕਰਨ ਵਿਚ ਸੌਖ ਹੋ ਜਾਵੇਗੀ। ਪਰ, ਉਦੋਂ ਤਕ ਹਰ ਹਾਲ ਵਿਚ ਲੰਮੀ ਉਮਰ ਭੋਗਣ ਲਈ ਖ਼ੁਸ਼ ਰਹਿਣਾ ਹੀ ਪੈਣਾ ਹੈ।

ਸੰਨ 2010 ਵਿਚ 'ਕੋਲ' ਦੀ ਖੋਜ ਦੇ ਆਧਾਰ ਉੱਤੇ ਨਾਰਥ ਕੈਰੋਲੀਨਾ ਯੂਨੀਵਰਸਿਟੀ ਵਿਖੇ ਖ਼ੁਸ਼ੀ ਤੇ ਚੜਦੀ ਕਲਾ ਦਾ ਅਸਰ ਤਣਾਓ ਅਧੀਨ ਆ ਚੁੱਕੇ ਲੋਕਾਂ ਉੱਤੇ ਵੇਖਿਆ ਗਿਆ।

ਇਸ ਵਾਸਤੇ 45 ਆਪੋ ਆਪਣੇ ਟੱਬਰ ਵਿਚ ਰਹਿੰਦੇ ਚਿੰਤਾ ਤੇ ਤਣਾਓ ਗ੍ਰਸਤ ਲੋਕ ਸ਼ਾਮਲ ਕੀਤੇ ਗਏ ਤੇ 40 ਇਕੱਲੇ ਰਹਿੰਦੇ ਬੰਦੇ। ਉਨਾਂ ਦੇ ਲਹੂ ਵਿਚਲੇ ਕੌਰਟੀਸੋਲ ਨਾਪੇ ਗਏ ਤੇ ਸਵਾਲਾਂ ਦੇ ਚਾਰ ਫਾਰਮ ਭਰਵਾਏ ਗਏ।

ਉਸ ਤੋਂ ਬਾਅਦ ਉਨਾਂ ਕੋਲੋਂ ਰੋਜ਼ ਇੱਕ ਘੰਟਾ ਮੈਡੀਟੇਸ਼ਨ ਦੇ ਨਾਲ ਇੱਕ ਘੰਟਾ ਸਵੇਰੇ ਤੇ ਇੱਕ ਘੰਟਾ ਸ਼ਾਮ ਖੁੱਲ ਕੇ ਹੱਸਣ ਵਾਲੇ ਸੈਸ਼ਨ ਕਰਵਾਏ ਗਏ।

ਇੱਕ ਹਫਤੇ ਬਾਅਦ ਹੀ ਨਤੀਜੇ ਹੈਰਾਨ ਕਰ ਦੇਣ ਵਾਲੇ ਸਨ। ਉਨਾਂ ਦੇ ਬੀਮਾਰੀ ਵਧਾਉਣ ਵਾਲੇ 'ਜੀਨ ਐਕਸਪ੍ਰੈਸ਼ਨ' ਵਿਚ ਤਬਦੀਲੀ ਦਿਸਣ ਲੱਗ ਪਈ ਤੇ ਵਾਇਰਲ ਕੀਟਾਣੂਆਂ ਨਾਲ ਲੜਨ ਦੀ ਸਮਰਥਾ ਵੱਧ ਗਈ।

ਇਸ ਖੋਜ ਨੂੰ ਅੱਗੇ ਤੋਰਦਿਆਂ ਫਲੋਰੀਡਾ ਦੇ ਯੂਨੀਵਰਸਿਟੀ ਔਫ ਮਿਆਮੀ ਦੇ ਮਾਈਕਲ ਐਨਟੋਨੀ ਨੇ 200 ਉਨਾਂ ਔਰਤਾਂ ਨੂੰ ਸ਼ਾਮਲ ਕੀਤਾ ਜਿਨਾਂ ਨੂੰ ਛਾਤੀ ਦੇ ਕੈਂਸਰ ਦੀ ਪਹਿਲੀ ਸਟੇਜ ਸੀ। ਇਨਾਂ ਵਿੱਚੋਂ 100 ਨੂੰ 10 ਹਫ਼ਤੇ ਦੀ ਮੈਡੀਟੇਸ਼ਨ ਤੇ ਖੁੱਲ ਕੇ ਹੱਸਣ ਦੇ ਸੈਸ਼ਨ ਕਰਵਾਏ ਗਏ ਜਦਕਿ ਬਾਕੀ 100 ਨੂੰ ਸਿਰਫ਼ ਇਕ ਦਿਨ ਦੇ ਸੈਮੀਨਾਰ ਵਿਚ ਹਿੰਮਤ ਵਧਾਉਣ ਤੇ ਚੜਦੀ ਕਲਾ ਬਾਰੇ ਦੱਸਿਆ ਗਿਆ।

ਸ ਹਫ਼ਤਿਆਂ ਬਾਅਦ ਦੀ ਸਰੀਰਕ ਤਬਦੀਲੀ ਨੇ ਸੰਸਾਰ ਭਰ ਦੇ ਖੋਜੀਆਂ ਦੀਆਂ ਅੱਖਾਂ ਖੋਲ ਦਿੱਤੀਆਂ। ਉਹ ਜੀਨ ਜਿਹੜੇ "ਟਾਈਪ 1 ਇੰਟਰਫਿਰੋਨ ਰਿਸਪੌਂਸ" ਅਧੀਨ ਰਸੌਲੀਆਂ ਤੇ ਵਾਇਰਸ ਕੀਟਾਣੂਆਂ ਨਾਲ ਲੜਦੇ ਹਨ, ਕਈ ਗੁਣਾਂ ਵੱਧ ਚੁਸਤ ਉਨਾਂ 100 ਔਰਤਾਂ ਵਿਚ ਸਨ ਜਿਹੜੀਆਂ ਰੋਜ਼ ਖ਼ੁਸ਼ ਰਹਿਣ ਦੇ ਕੋਰਸ ਕਰ ਰਹੀਆਂ ਸਨ। ਇਸ ਦੇ ਨਾਲ-ਨਾਲ ਉਹ ਜੀਨ ਜੋ ਵਾਇਰਸ ਕੀਟਾਣੂ ਦਾ ਹਮਲਾ ਵਧਾਉਂਦੇ ਹਨ ਜਾਂ ਕੈਂਸਰ ਨੂੰ ਫੈਲਣ ਵਿਚ ਮਦਦ ਕਰਦੇ ਹਨ, ਉੱਕਾ ਹੀ ਸੁਸਤ ਪਏ ਹੋਏ ਲੱਭੇ!

ਇਨਾਂ ਸਾਰੀਆਂ ਔਰਤਾਂ ਨੂੰ ਲਗਾਤਾਰ ਚੈੱਕਅੱਪ ਕਰਦੇ ਰਹਿਣ ਬਾਅਦ ਪਤਾ ਲੱਗਿਆ ਕਿ ਖ਼ੁਸ਼ ਰਹਿਣ ਤੇ ਤਣਾਓ ਛੰਡਣ ਵਾਲੀਆਂ 100 ਔਰਤਾਂ ਕੈਂਸਰ ਰਹਿਤ ਹੋ ਗਈਆਂ ਸਨ ਤੇ ਦੂਜੇ ਗਰੁੱਪ ਦੀਆਂ 100 ਵਿੱਚੋਂ 60 ਦਾ ਕੈਂਸਰ ਫੈਲ ਗਿਆ ਸੀ!

ਸਪਸ਼ਟ ਹੋ ਗਿਆ ਕਿ ਕੈਂਸਰ ਵਰਗੀ ਨਾ ਮੁਰਾਦ ਬੀਮਾਰੀ ਨਾਲ ਵੀ ਚੜਦੀ ਕਲਾ ਵਿਚ ਰਹਿਣ ਨਾਲ ਲੰਮੀ ਉਮਰ ਭੋਗੀ ਜਾ ਸਕਦੀ ਹੈ ਤੇ ਕੈਂਸਰ ਦੇ ਸੈੱਲਾਂ ਨੂੰ ਮਾਰ ਮੁਕਾਇਆ ਜਾ ਸਕਦਾ ਹੈ। ਇੰਜ ਹੀ ਵਾਇਰਲ ਕੀਟਾਣੂਆਂ ਦੇ ਹਮਲੇ ਦਾ ਅਸਰ ਵੀ ਖ਼ੁਸ਼ ਰਹਿ ਕੇ ਘਟਾਇਆ ਜਾ ਸਕਦਾ ਹੈ।

ਇਸ ਖੋਜ ਤੋਂ ਬਾਅਦ ਖ਼ੁਸ਼ ਰਹਿਣ ਵਾਲੇ ਲੋਕਾਂ ਕੋਲੋਂ ਪੁੱਛਗਿੱਛ ਕੀਤੀ ਗਈ ਤੇ ਉਨਾਂ ਦੇ ਲਹੂ ਦੇ ਟੈਸਟਾਂ ਦੇ ਨਾਲ ਤਿੰਨ ਫਾਰਮ ਵੀ ਭਰਵਾਏ ਗਏ। ਉਨਾਂ ਦੇ ਖਾਣ-ਪੀਣ, ਰਹਿਣ ਸਹਿਣ, ਦੋਸਤਾਂ ਮਿੱਤਰਾਂ ਦੇ ਸਾਥ ਅਤੇ ਜਿਸਮਾਨੀ ਸੰਬੰਧਾਂ ਬਾਰੇ ਵੀ ਪੁੱਛਿਆ ਗਿਆ। ਇੱਕ ਫਾਰਮ ਵਿਚ ਉਨਾਂ ਦੇ ਰਿਸ਼ਤਿਆਂ ਦੀ ਡੂੰਘਿਆਈ, ਪੱਕੀ ਦੋਸਤੀ ਤੇ ਸਮਾਜ ਸੇਵੀ ਕੰਮਾਂ ਬਾਰੇ ਵੀ ਨੋਟ ਕੀਤਾ ਗਿਆ।

ਇਹ ਵੇਖਿਆ ਗਿਆ ਕਿ ਖ਼ੁਸ਼ ਰਹਿਣ ਵਾਲਿਆਂ ਵਿੱਚੋਂ ਜਿੰਨਾਂ ਦੀ ਜ਼ਿੰਦਗੀ ਵਿਚ ਸੰਤੁਸ਼ਟੀ ਸੀ, ਗੂੜੇ ਰਿਸ਼ਤੇ ਸੀ, ਪੱਕੀ ਦੋਸਤੀ ਸੀ, ਸਮਾਜ ਸੇਵੀ ਕੰਮਾਂ ਨਾਲ ਜੁੜੇ ਸਨ ਤੇ ਜ਼ਿੰਦਗੀ ਪ੍ਰਤੀ ਸਕਾਰਾਤਮਕ ਨਜ਼ਰੀਆ ਸੀ, ਉਨਾਂ ਦੇ ਜੀਨ ਵਧੀਆ ਅਸਰ ਵਿਖਾ ਰਹੇ ਸਨ। ਜਿਹੜੇ ਵੇਖਣ ਨੂੰ ਖ਼ੁਸ਼ ਸਨ ਪਰ ਉਨਾਂ ਦੇ ਕੋਈ ਪੱਕੇ ਦੋਸਤ ਮਿੱਤਰ ਨਹੀਂ ਸਨ, ਜੀਵਨ ਸਾਥੀ ਨਾਲ ਰਿਸ਼ਤਾ ਨਿੱਘਾ ਨਹੀਂ ਸੀ, ਸਿਰਫ਼ ਕੰਮ ਕਾਰ ਵਿਚ ਹੀ ਆਪਣੇ ਆਪ ਨੂੰ ਮਸਰੂਫ਼ ਰੱਖ ਰਹੇ ਸਨ ਅਤੇ ਬਾਕੀ ਸਮਾਂ ਸ਼ਰਾਬ ਪੀ ਕੇ ਜਾਂ ਮਸਤੀ ਕਰ ਕੇ ਲੰਘਾ ਰਹੇ ਸਨ, ਉਨਾਂ ਦੇ ਸਰੀਰਾਂ ਅੰਦਰ ਉਹੋ ਜਿਹਾ ਹੀ ਹਾਲ ਲੱਭਿਆ ਜਿਹੋ ਜਿਹਾ ਇਕੱਲੇ ਰਹਿਣ ਵਾਲਿਆਂ ਵਿਚ ਸੀ। ਯਾਨੀ ਅਜਿਹੇ ਲੋਕ ਔਖੇ ਸਮੇਂ ਛੇਤੀ ਢਹਿ ਢੇਰੀ ਹੋ ਜਾਂਦੇ ਸਨ ਤੇ ਬੀਮਾਰੀਆਂ ਵੀ ਛੇਤੀ ਸਹੇੜ ਰਹੇ ਸਨ। ਇਨਾਂ ਦਾ ਇਮਿਊਨ ਸਿਸਟਮ ਓਨਾ ਤਗੜਾ ਨਹੀਂ ਸੀ।

ਜਿਵੇਂ ਹੀ ਇਨਾਂ ਵਿੱਚੋਂ ਕੁੱਝ ਦਾ ਧਿਆਨ ਹੋਰ ਪਾਸਿਆਂ ਵੱਲ ਵੰਡਾ ਕੇ ਤਣਾਓ ਘਟਾਇਆ ਗਿਆ ਤਾਂ ਇਨਾਂ ਦੇ ਸਰੀਰਾਂ ਵਿਚ ਵੀ ਤਬਦੀਲੀ ਦਿਸ ਪਈ। ਇਹ ਹੋਰ ਪਾਸੇ ਸਨ- ਸਮਾਜ ਸੇਵਾ, ਫੋਟੋਗ੍ਰਾਫੀ, ਪੇਂਟਿੰਗ, ਖੇਡਾਂ, ਡਾਂਸ ਸਿੱਖਣਾ, ਕਸਰਤ ਕਰਨੀ, ਪਾਲਿਟਿਕਸ ਵੱਲ ਰੁਝਾਨ, ਆਦਿ।

ਇਸ ਖੋਜ ਉੱਤੇ ਆਧਾਰਿਤ ਹੁਣ ਮੈਡੀਕਲ ਦੀਆਂ ਕਿਤਾਬਾਂ ਵਿਚ ਦਰਜ ਚੈਪਟਰ ਵੀ ਪੜਨ ਨੂੰ ਮਿਲਦੇ ਹਨ ਜਿਨਾਂ ਵਿਚ ਸ਼ੁਰੂਆਤ ਹੀ ਇਨਾਂ ਸਤਰਾਂ ਤੋਂ ਕੀਤੀ ਜਾਂਦੀ ਹੈ :-

"ਖ਼ੁਸ਼ੀ ਤੇ ਚੜਦੀ ਕਲਾ ਸਿਹਤ ਅਤੇ ਲੰਮੀ ਉਮਰ ਦਾ ਰਾਜ਼ ਹਨ। ਸਕਾਰਾਤਮਕ ਸੋਚ ਮਾੜੀ ਤੋਂ ਮਾੜੀ ਬੀਮਾਰੀ ਨਾਲ ਲੜਨ ਦੀ ਸਮਰੱਥਾ ਚੌਗੁਣੀ ਕਰ ਦਿੰਦੀ ਹੈ ਤੇ ਕਈ ਵਾਰ ਇਮਿਊਨ ਸਿਸਟਮ ਨੂੰ ਏਨਾ ਰਵਾਂ ਕਰ ਦਿੰਦੀ ਹੈ ਕਿ ਬਿਨਾਂ ਦਵਾਈ ਦੇ ਵੀ ਬੀਮਾਰੀ ਠੀਕ ਹੋ ਜਾਂਦੀ ਹੈ।"

ਜਿਹੜਾ ਫਾਰਮੂਲਾ ਦੁਨੀਆ ਭਰ ਦੇ ਡਾਕਟਰ ਯਾਦ ਕਰਦੇ ਹਨ, ਉਹ ਹੈ :-

ਕਿੰਨੇ ਕੀਟਾਣੂ × ਕੀਟਾਣੂਆਂ ਦੀ ਤਾਕਤ
ਬੀਮਾਰੀ ਕਿੰਨੀ ਵੱਧ = ------------
ਸਰੀਰ ਵਿਚਲੀ ਬੀਮਾਰੀਆਂ ਨਾਲ ਲੜਨ ਦੀ ਤਾਕਤ
(ਖਿੜਿਆ ਮਨ, ਚੜਦੀਕਲਾ ਤੇ ਸਕਾਰਾਤਮਕ ਸੋਚ)

ਅੰਤ ਵਿਚ ਸਿਰਫ਼ ਏਨਾ ਕਹਿਣਾ ਚਾਹੁੰਦੀ ਹਾਂ ਕਿ ਮੇਰੀ ਮਤ ਭਾਵੇਂ ਥੋੜੀ ਹੈ ਪਰ ਫਿਰ ਵੀ ਮੈਂ ਆਪਣੀ ਸਮਝ ਅਨੁਸਾਰ ਹੈਰਾਨ ਜ਼ਰੂਰ ਹੋਈ ਹਾਂ ਕਿ ਚੜਦੀ ਕਲਾ ਬਾਰੇ 60 ਸਾਲਾਂ ਦੀ ਖੋਜ ਤੋਂ ਬਾਅਦ ਹੀ ਮੈਡੀਕਲ ਸਾਇੰਸ ਸਮਝ ਸਕੀ ਹੈ ਕਿ ਇਹ ਕਿੰਨੀ ਬੇਸ਼ਕੀਮਤੀ ਹੈ। ਪਰ ਸਵਾਲ ਇਹ ਹੈ ਕਿ ਸਿੱਖ ਅਰਦਾਸ ਵਿਚ ਚੜਦੀ ਕਲਾ ਤੇ ਸਰਬੱਤ ਦਾ ਭਲਾ ਸਦੀਆਂ ਪਹਿਲਾਂ ਕਿਵੇਂ ਸ਼ਾਮਲ ਹੋ ਗਏ ਸਨ ?

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਸ੍ਰੀ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਵਿਚ ਸਦੀਵੀ ਅਗਵਾਈ

**-ਡਾ. ਸਰਬਜੀਤ ਸਿੰਘ**

**ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।** (ਵਾਰ ੧:੨੭)

ਭਾਈ ਗੁਰਦਾਸ ਜੀ ਦੇ ਇਸ ਕਥਨ ਵਿਚ ਕਿੰਨੀ ਵੱਡੀ ਸਚਾਈ ਹੈ, ਕਿਉਂ ਜੋ ਸ੍ਰੀ ਗੁਰੂ ਨਾਨਕ ਦੇਵੀ ਜੀ ਦੇ ਪ੍ਰਕਾਸ਼ ਧਾਰਨ ਦੇ ਵਕਤ ਸਮਾਜ ਵੱਡੇ ਅੰਧ-ਵਿਸ਼ਵਾਸ, ਵਹਿਮਾਂ-ਭਰਮਾਂ, ਅਗਿਆਨਤਾ ਅਤੇ ਇੱਥੋਂ ਤਕ ਕਿ ਵੱਖ-ਵੱਖ ਦੇਵੀ-ਦੇਵਤਿਆਂ ਦੀ ਪੂਜਾ ਵਰਗੇ ਭੁਲੇਖਿਆਂ ਵਿਚ ਪਿਆ ਹੋਇਆ ਸੀ ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ ਸਚਾਈ ਨੂੰ, ਜਿਸ ਵਿਚ ਧਾਰਮਿਕ ਅੰਧ-ਵਿਸ਼ਵਾਸ ਨੂੰ ਦੂਰ ਕਰ ਕੇ ਸਾਰੇ ਸੰਸਾਰ ਵਿਚ ਇੱਕ ਕਰਤਾ ਦਾ ਵਿਚਾਰ ਦਿੱਤਾ ਅਤੇ ਸਮਝਾਇਆ ਕਿ ਪਰਮਾਤਮਾ ਇੱਕ ਹੈ, ਉਸ ਦਾ ਨਾਂ ਹਮੇਸ਼ਾਂ ਸੱਚਾ ਅਤੇ ਅਟੱਲ ਹੈ, ਉਸ ਨੂੰ ਕਿਸੇ ਦਾ ਡਰ ਨਹੀਂ, ਨਾ ਹੀ ਉਸ ਦਾ ਕਿਸੇ ਨਾਲ ਵੈਰ ਹੈ। ਉਸ 'ਤੇ ਸਮੇਂ ਦਾ ਕੋਈ ਪ੍ਰਭਾਵ ਨਹੀਂ, ਉਸ ਦੀ ਕੋਈ ਮੂਰਤ ਨਹੀਂ। ਨਾ ਉਹ ਜਨਮ ਲੈਂਦਾ ਹੈ, ਨਾ ਮਰਦਾ ਹੈ ਅਤੇ ਉਹ ਆਪਣੇ ਆਪ ਤੋਂ ਆਪ ਪੈਦਾ ਹੋਇਆ ਹੈ ਅਤੇ ਅਜਿਹਾ ਕਰਤਾ ਗੁਰੂ ਦੀ ਮਿਹਰ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹ ਉਹ ਵੱਡੀ ਸਚਾਈ ਹੈ ਜਿਸ ਨੂੰ ਸਾਰੀ ਲੋਕਾਈ ਨੇ ਸਵੀਕਾਰ ਕੀਤਾ ਹੈ ਪਰਮਾਤਮਾ ਦੀ ਹੋਂਦ ਨੂੰ ਇਕ ਕਰਤਾ ਦੀ ਹੋਂਦ 'ਤੇ ਕੇਂਦਰਿਤ ਕੀਤਾ। ਉਸ ਸਮੇਂ ਦੇ ਕੁਝ ਲੋਕਾਂ ਵੱਲੋਂ ਪੱਥਰਾਂ ਦੀ ਪੂਜਾ ਵੀ ਕੀਤੀ ਜਾਂਦੀ ਸੀ, ਪਰ ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ :

**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥**

**ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੭)

ਜਿਸ ਵਿਚ ਇਹ ਵਿਚਾਰ ਦਰਸਾਇਆ ਗਿਆ ਹੈ ਕਿ ਪੱਥਰਾਂ ਦੀ ਮੂਰਤੀ ਤਾਂ ਪਾਣੀ ਵਿਚ ਡੁੱਬ ਜਾਂਦੀ ਹੈ ਅਤੇ ਜਿਹੜੀ ਮੂਰਤੀ ਆਪਣੇ ਆਪ ਨੂੰ ਵੀ ਡੁੱਬਣ ਤੋਂ ਨਹੀਂ ਬਚਾ ਸਕਦੀ, ਉਹ ਸਾਨੂੰ ਕਿਵੇਂ ਤਾਰੇਗੀ! ਇਸ ਤਰ੍ਹਾਂ ਵੱਖ-ਵੱਖ ਦੇਵੀ-ਦੇਵਤਿਆਂ ਨੂੰ ਪੂਜਣ ਦੀ ਬਜਾਇ ਇਕ ਕਰਤਾ ਜੋ ਹਰ ਜਗ੍ਹਾ, ਹਰ ਸਮੇਂ ਅਤੇ ਹਰ ਕਣ-ਕਣ ਵਿਚ ਹੈ ਉਸ ਦੀ ਸਿਫਤ ਸਲਾਹ ਕਰ ਕੇ ਉਸ ਨੂੰ ਯਾਦ ਰੱਖਣਾ ਹੀ ਯੋਗ ਹੈ। ਪਰਮ-ਹਸਤੀ ਦੇ ਸਦੀਵੀ ਸੱਚ ਦੀ ਗੁਰੂ ਜੀ ਨੇ ਵਿਆਖਿਆ ਕੀਤੀ ਅਤੇ ਗੁਰੂ ਜੀ ਅਨੁਸਾਰ:

**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੧)

ਉਹ ਸੱਚ ਜੋ ਸਦੀਵੀ ਹੈ, ਕਦੀ ਬਦਲਦਾ ਨਹੀਂ, ਉਹ ਸਦਾ ਅਟੱਲ ਹੈ। ਉਹ ਪਹਿਲਾਂ ਵੀ ਸੱਚ ਸੀ ਹੁਣ ਵੀ ਸੱਚ ਹੈ ਅਤੇ ਭਵਿੱਖ ਵਿਚ ਵੀ ਸੱਚ ਰਹੇਗਾ। ਇਹ ਉਹ ਚਾਨ੍ਹਣ ਸੀ ਜਿਸ ਨੂੰ ਸਾਰੀ ਖਲਕਤ ਨੇ ਮੰਨਿਆ। ਗੁਰੂ ਜੀ ਨੇ ਪਰਮਾਤਮਾ ਨੂੰ ਕਿਸੇ ਖਾਸ ਜਗ੍ਹਾ 'ਤੇ ਹੀ ਬੈਠਾ ਹੋਇਆ ਨਹੀਂ, ਸਗੋਂ ਹਰ ਥਾਂ 'ਤੇ ਪ੍ਰਤੀਤ ਕੀਤਾ। ਮੱਕੇ ਵਿਖੇ ਜਾ ਕੇ ਗੁਰੂ ਜੀ ਨੇ ਪਰਮਾਤਮਾ ਨੂੰ ਕਿਸੇ ਖਾਸ ਹੀ ਜਗ੍ਹਾ 'ਤੇ ਹੋਣ ਸਬੰਧੀ ਭੁਲੇਖੇ ਦੂਰ ਕੀਤੇ ਅਤੇ ਵਿਆਖਿਆ ਕੀਤੀ ਕਿ ਪਰਮਾਤਮਾ ਕਿਸੇ ਖਾਸ ਜਗ੍ਹਾ ਜਾਂ ਕਿਸੇ ਖਾਸ ਦਿਸ਼ਾ ਵਿਚ ਨਹੀਂ, ਸਗੋਂ ਹਰ ਜਗ੍ਹਾ ਹੈ। ਇਹ ਉਹ ਅਟੱਲ ਅਤੇ ਸਦੀਵੀ ਸਚਾਈ ਹੈ, ਜਿਸ ਨੇ ਸਾਰੇ ਸੰਸਾਰ ਦੀ ਅਗਵਾਈ ਕੀਤੀ ਅਤੇ ਪਰਮਾਤਮਾ ਦੀ ਹੋਂਦ ਬਾਰੇ ਅਨੇਕਾਂ ਭੁਲੇਖਿਆਂ ਅਤੇ ਭਰਮਾਂ ਨੂੰ ਗਿਆਨ ਦੇ ਚਾਨ੍ਹਣ ਨਾਲ ਦੂਰ ਕੀਤਾ। ਇਸ ਅਟੱਲ ਅਤੇ ਸਦੀਵੀ ਸਚਾਈ ਨੇ ਉਸ ਵਕਤ ਅੰਧ-ਵਿਸ਼ਵਾਸ ਵਿਚ ਗ੍ਰਸਤ ਸਾਰੀ ਦੁਨੀਆ ਨੂੰ ਠੀਕ ਸੇਧ ਦਿੱਤੀ। ਗੁਰੂ ਜੀ ਦੀ ਰੂਹਾਨੀ ਬਿਰਤੀ ਦੀ ਪਹਿਚਾਣ ਉਨ੍ਹਾਂ ਦੇ ਬਚਪਨ ਵਿਚ ਹੀ ਕਰ ਲਈ ਗਈ ਸੀ ਜਦੋਂ ਉਨ੍ਹਾਂ ਦੀ ੭ ਸਾਲ ਦੀ ਉਮਰ ਵਿਚ ਪੰਡਿਤ ਗੋਪਾਲ ਜੀ ਕੋਲ ਪੜ੍ਹਨ ਲਈ ਭੇਜਿਆ ਤਾਂ ਪੰਡਿਤ ਜੀ, ਉਨ੍ਹਾਂ ਦੇ ਗਿਆਨ ਨਾਲ ਪ੍ਰਭਾਵਿਤ ਹੋਏ ਅਤੇ ਫਿਰ ੯ ਸਾਲ ਦੀ ਉਮਰ ਵਿਚ ਉਸ ਵਕਤ ਦੇ ਰਿਵਾਜ ਅਨੁਸਾਰ ਜਦੋਂ ਪ੍ਰੋਹਿਤ ਹਰਦਿਆਲ ਨੇ ਉਨ੍ਹਾਂ ਨੂੰ ਜਨੇਊ ਪਾਉਣ ਲਈ ਬੁਲਾਇਆ ਤਾਂ ਉਨ੍ਹਾਂ ਦਾ ਇਹ ਉੱਤਰ ਸੀ ਕਿ ਉਹ ਦਇਆ, ਸੰਤੋਖ, ਜਤ ਅਤੇ ਸਤ ਦਾ ਜਨੇਊ ਹੀ ਪਾਉਣਗੇ। ਜਿਸ ਦਾ ਅਰਥ ਸੀ ਕਿ ਉਸ ਸਿਧਾਂਤ ਨੂੰ ਅਪਣਾਉਣਾ ਚਾਹੀਦਾ ਹੈ ਜਿਸ ਵਿਚ ਦਇਆ ਅਤੇ ਸੰਤੋਖ ਵਰਗੇ ਗੁਣਾਂ ਦਾ ਜ਼ਿੰਦਗੀ ਭਰ ਨਾਲ ਨਿਭਾਉਣ ਦਾ ਪ੍ਰਣ ਕਰਨ ਦਾ ਉਦੇਸ਼ ਹੋਣਾ ਚਾਹੀਦਾ ਹੈ। ਗੁਰੂ ਜੀ ਦੇ ਸ਼ਬਦ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੧)

ਇਹ ਉਸ ਆਯੂ ਵਿਚ ਇੰਨੀ ਉੱਚੀ ਰੂਹਾਨੀ ਬਿਰਤੀ ਦਾ ਪ੍ਰਤੀਕ ਸੀ, ਜਿਸ ਨੂੰ ਹਰ ਇਕ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਦਾ ਜ਼ਿੰਦਗੀ ਭਰ ਦਾ ਮੁੱਖ ਉਦੇਸ਼ ਰਿਹਾ ਅਤੇ ਦਇਆ ਭਾਵਨਾ ਜਿਹੜੀ ਸਭ ਧਰਮਾਂ ਦਾ ਆਧਾਰ ਹੈ ਉਸ ਦੀ ਸਿੱਖਿਆ ਦਿੱਤੀ। ਇਨਸਾਨੀਅਤ ਵਿਚ ਸਮਾਜਿਕ ਚੇਤਨਾ ਪੈਦਾ ਕਰਨ ਅਤੇ ਆਪਸ ਵਿਚ ਪ੍ਰਸਪਰ ਪਿਆਰ ਪੈਦਾ ਕਰਨ ਦੀ ਜਿੰਨੀ ਲੋੜ ਪਹਿਲਾਂ ਸੀ, ਉਨੀਂ ਹੁਣ ਹੈ ਅਤੇ ਉਹ ਹਮੇਸ਼ਾ ਰਹੇਗੀ, ਜਿਸ ਲਈ ਗੁਰੂ ਜੀ ਨੇ ਬਹੁਤ ਲੰਮਾ ਸਫ਼ਰ ਕੀਤਾ ਅਤੇ ਉਨ੍ਹਾਂ ਸਿਧਾਂਤਾਂ ਨੂੰ ਜੀਵਨ ਭਰ ਪ੍ਰਚਾਰਿਆ। ਗੁਰੂ ਜੀ ਦੇ ਜੀਵਨ-ਕਾਲ ਦੇ ਸਮੇਂ ਭਾਰਤੀ ਉਪ ਮਹਾਂਦੀਪ ਮੁੱਖ ਤੌਰ 'ਤੇ ਦੋ ਧਾਰਮਿਕ ਵਰਗਾਂ ਹਿੰਦੂ ਅਤੇ ਮੁਸਲਿਮ ਵਿਚ ਵੰਡਿਆ ਹੋਇਆ ਸੀ। ਦੋਵੇਂ ਹੀ ਆਪਣੇ ਆਪਣੇ ਰਸਤੇ ਰਾਹੀਂ ਪਰਮਾਤਮਾ ਤਕ ਪਹੁੰਚਣ ਦੀ ਪ੍ਰੋੜ੍ਹਤਾ ਕਰਦੇ ਸਨ। ਉਸ ਸਮੇਂ ਗੁਰੂ ਜੀ ਨੇ ਪ੍ਰਚਾਰ ਕੀਤਾ ਕਿ ਕਰਤਾ ਤਾਂ ਇੱਕ ਹੈ, ਉਸ ਤਕ ਪਹੁੰਚਣ ਦੇ ਰਸਤੇ ਅਨੇਕਾਂ ਹਨ। ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ ਹੈ ਸਭ ਪਰਮਾਤਮਾ ਦੀ ਉਪਜ ਹਨ। ਦੁਨੀਆ ਭਰ ਵਿਚ ਇਸ ਪ੍ਰਚਾਰ ਨੂੰ ਫ਼ੈਲਾਉਣ ਲਈ ਗੁਰੂ ਜੀ ਪੂਰਬ, ਪੱਛਮ, ਉੱਤਰ ਅਤੇ ਦੱਖਣ ਚਾਰੇ ਦਿਸ਼ਾਵਾਂ ਵਿਚ ਗਏ। ਉਹ ਪੂਰਬ ਵਿਚ ਬੰਗਲਾਦੇਸ਼, ਪੱਛਮ ਵਿਚ ਸਾਉਦੀ ਅਰਬੀਆ, ਉੱਤਰ ਵਿਚ ਤਿੱਬਤ ਅਤੇ ਦੱਖਣ ਵਿਚ ਸ੍ਰੀ ਲੰਕਾ ਵਿਖੇ ਗਏ। ਇਨ੍ਹਾਂ ਸਭ ਚਾਰਾਂ ਦਿਸ਼ਾਵਾਂ ਵਿਚ ਵੱਖ-ਵੱਖ ਧਾਰਮਿਕ ਵਿਸ਼ਵਾਸ ਸਨ, ਪਰ ਗੁਰੂ ਜੀ ਨੇ ਉਹ ਸਦੀਵੀ ਸੰਦੇਸ਼ ਕਿ ਕਰਤਾ ਤਾਂ ਇੱਕ ਹੀ ਹੈ, ਉਸ ਦਾ ਹੀ ਪ੍ਰਚਾਰ ਕੀਤਾ ਅਤੇ ਇਨ੍ਹਾਂ ਸਭ ਥਾਵਾਂ 'ਤੇ ਆਮ ਲੋਕਾਈ ਦੇ ਸੰਦੇਹ ਦੂਰ ਕੀਤੇ ਅਤੇ ਪ੍ਰਸਪਰ ਭਰਾਤਰੀ ਭਾਵ ਪੈਦਾ ਕਰਨ ਦੀ ਵੱਡੀ ਕੋਸ਼ਿਸ਼ ਕੀਤੀ। ਮੁਲਤਾਨ ਦੀ ਜਗ੍ਹਾ 'ਤੇ ਕਾਫ਼ੀ ਜ਼ਿਆਦਾ ਰੂਹਾਨੀ ਸੰਤ ਰਹਿੰਦੇ ਸਨ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਉਸ ਸ਼ਹਿਰ ਵਿਚ ਗਏ ਤਾਂ ਉਨ੍ਹਾਂ ਨੂੰ ਸੰਕੇਤ ਦੇ ਉਦੇਸ਼ ਨਾਲ ਦੁਧ ਦਾ ਭਰਿਆ ਹੋਇਆ ਕਟੋਰਾ ਦਿੱਤਾ ਗਿਆ, ਜਿਸ ਦਾ ਅਰਥ ਸੀ ਕਿ ਇਸ ਸ਼ਹਿਰ ਵਿਚ ਪਹਿਲਾਂ ਹੀ ਕਾਫ਼ੀ ਰੂਹਾਨੀ ਸੰਤ ਹਨ। ਪਰ ਗੁਰੂ ਜੀ ਨੇ ਦੁਧ ਦੇ ਕਟੋਰੇ ਵਿਚ ਇਕ ਫੁੱਲ ਰੱਖ ਦਿੱਤਾ, ਜਿਸ ਦੀ ਖੁਸ਼ਬੂ ਫੈਲਣ ਲੱਗ ਪਈ, ਜਿਸ ਦਾ ਅਰਥ ਸੀ ਕਿ ਭਾਵੇਂ ਇੱਥੇ ਕਈ ਰੂਹਾਨੀ ਸੰਤ ਹਨ, ਪਰ ਉਨ੍ਹਾਂ ਦਾ ਪ੍ਰਚਾਰ ਉਨ੍ਹਾਂ ਦੇ ਪ੍ਰਚਾਰ ਦੇ ਨਾਲ-ਨਾਲ ਉਨ੍ਹਾਂ ਦੇ ਗਿਆਨ ਵਿਚ ਹੋਰ ਵਾਧਾ ਕਰੇਗਾ।

ਉਸ ਵਕਤ ਸਮਾਜ ਵਿਚ ਇਸਤਰੀ ਦੀ ਸਥਿਤੀ ਬਹੁਤ ਕਮਜ਼ੋਰ ਸੀ। ਇਸਤਰੀ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਨਾ ਹੱਕ ਸਨ ਤੇ ਨਾ ਦਰਜਾ ਦਿੱਤਾ ਜਾਂਦਾ ਸੀ। ਗੁਰੂ ਜੀ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਅਤੇ ਇਸਤਰੀ ਦੀ ਸਥਿਤੀ ਸੁਧਾਰਨ ਲਈ ਪ੍ਰਚਾਰ ਕੀਤਾ ਅਤੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਪਰਮਾਤਮਾ ਦੀ ਭਗਤੀ ਕਰਨ ਦੀ ਪ੍ਰੋੜ੍ਹਤਾ ਕੀਤੀ। ਗੁਰੂ ਜੀ ਅਨੁਸਾਰ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ਅਤੇ ਉਨ੍ਹਾਂ ਦੇ ਇਹ ਵਿਚਾਰ ਦੁਨੀਆ ਭਰ ਵਿਚ ਸਦੀਵੀ ਰਾਹ ਵਿਖਾਉਣ ਵਾਲੇ ਹਨ ਅਤੇ ਇਨ੍ਹਾਂ ਵਿਚਾਰਾਂ ਨੇ ਦੁਨੀਆ ਭਰ ਦੀ ਸੋਚ ਨੂੰ ਪ੍ਰਭਾਵਿਤ ਕੀਤਾ ਹੈ। ਗੁਰੂ ਜੀ ਨੇ ਮਨੁੱਖੀ ਅਧਿਕਾਰਾਂ ਲਈ ਪ੍ਰਚਾਰ ਵੀ ਕੀਤਾ ਅਤੇ ਅਮਲ ਵਿਚ ਲਿਆਉਣ ਦੇ ਯਤਨ ਕੀਤੇ। ਰੁਹੇਲ ਖੰਡ ਵਿਚ ਜਿੱਥੇ ਗ਼ਰੀਬ ਇਸਤਰੀਆਂ, ਮਰਦਾਂ, ਜਵਾਨ ਲੜਕੇ, ਲੜਕੀਆਂ ਦੀ ਗ਼ੁਲਾਮਾਂ ਦੀ ਮੰਡੀ ਲੱਗਦੀ ਸੀ, ਉੱਥੇ ਆਪ ਪਹੁੰਚ ਕੇ ਉੱਥੋਂ ਦੇ ਗ਼ੁਲਾਮਾਂ ਦੇ ਵਪਾਰੀ ਨੂੰ ਇਸ ਲਈ ਪ੍ਰਭਾਵਿਤ ਕੀਤਾ ਕਿ ਉਸ ਵੱਲੋਂ ਕਿੰਨਾ ਜ਼ੁਲਮ ਕੀਤਾ ਜਾ ਰਿਹਾ ਹੈ ਅਤੇ ਉਸ ਵਪਾਰੀ ਨੇ ਗੁਰੂ ਜੀ ਤੋਂ ਮੁਆਫ਼ੀ ਮੰਗੀ। ਉਸ ਵਕਤ ਆਮ ਵਿਅਕਤੀ ਦਾ ਸ਼ੋਸ਼ਣ ਹੋ ਰਿਹਾ ਸੀ, ਅਮੀਰ ਲੋਕ ਗ਼ਰੀਬਾਂ ਦਾ ਸ਼ੋਸ਼ਣ ਕਰ ਰਹੇ ਸਨ। ਇਸ ਸਬੰਧੀ ਚੇਤਨਾ ਪੈਦਾ ਕਰਨ ਲਈ ਗੁਰੂ ਜੀ ਨੇ ਪ੍ਰਚਾਰ ਕੀਤਾ। ਇਕ ਅਮੀਰ ਵਿਅਕਤੀ ਮਲਕ ਭਾਗੋ ਵੱਲੋਂ ਭੋਜਨ 'ਤੇ ਬੁਲਾਏ ਜਾਣ 'ਤੇ ਉਸ ਦੇ ਘਰ ਨਾ ਜਾਣਾ ਅਤੇ ਉਨ੍ਹਾਂ ਦੇ ਮੁਕਾਬਲੇ ਭਾਈ ਲਾਲੋ, ਜੋ ਇਕ ਕਿਰਤੀ ਸੀ ਉਸ ਦੇ ਘਰ ਜਾ ਕੇ ਪਰਸ਼ਾਦਾ ਛਕਣਾ ਇਸ ਗੱਲ ਦਾ ਸੰਕੇਤ ਸੀ ਕਿ ਉਹ ਸ਼ੋਸ਼ਣ ਨੂੰ ਪ੍ਰਵਾਨ ਨਹੀਂ ਕਰ ਸਕਦੇ। ਉਨ੍ਹਾਂ ਵੱਲੋਂ ਮਲਕ ਭਾਗੋ ਦਾ ਸੱਦਾ ਇਸ ਕਰਕੇ ਅਪ੍ਰਵਾਨ ਕੀਤਾ ਕਿ ਉਸ ਵਿੱਚੋਂ ਉਨ੍ਹਾਂ ਨੂੰ ਗ਼ਰੀਬਾਂ ਦਾ ਲਹੂ ਚੂਸ ਕੇ ਆਪਣੇ ਧਨ ਵਿਚ ਵਾਧਾ ਕੀਤਾ ਨਜ਼ਰ ਆਉਂਦਾ ਸੀ, ਜਦੋਂ ਕਿ ਭਾਈ ਲਾਲੋ ਦੇ ਭੋਜਨ ਵਿਚ ਹੱਥੀਂ ਕੀਤੀ ਕਿਰਤ ਦੇ ਦੁਧ ਦੀ ਖੁਸ਼ਬੋ ਆਉਂਦੀ ਹੈ। ਉਨ੍ਹਾਂ ਅਨੁਸਾਰ :

**ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ** (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)

ਕਿਸੇ ਲਈ ਵੀ, ਕਿਸੇ ਦਾ ਹੱਕ ਮਾਰ ਕੇ ਧਨ ਇਕੱਠਾ ਕਰਨਾ ਇਕ ਵੱਡੀ ਬੁਰਾਈ ਹੈ, ਜਿਸ ਦੇ ਖ਼ਿਲਾਫ ਗੁਰੂ ਜੀ ਨੇ ਪ੍ਰਚਾਰ ਕੀਤਾ ਜੋ ਇਕ ਸਦੀਵੀ ਗੁਣ ਹੈ ਜਿਹੜਾ ਹਰ ਯੁੱਗ ਵਿਚ ਲੋੜੀਂਦਾ ਹੈ। ਗੁਰੂ ਜੀ ਨੇ ਹਰ ਇਕ ਨੂੰ ਆਤਮਿਕ ਗਿਆਨ ਦੀ ਰੋਸ਼ਨੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ, ਜਿਹੜੀ ਗੁਰੂ ਦੀ ਯਾਦ ਵਿੱਚੋਂ ਮਿਲਦੀ ਹੈ ਜੋ ਸੱਚੇ ਗਿਆਨ ਦੀ ਸ਼੍ਰੇਣੀ ਨਾਲ ਸੰਬੰਧਿਤ ਹੈ ਅਤੇ ਉਹ ਕਿਵੇਂ ਹੋਵੇ ਇਸ ਸਬੰਧੀ ਗੁਰੂ ਜੀ ਨੇ ਫੁਰਮਾਇਆ:

**ਕਿਵ ਸਚਿਆਰਾ ਹੋਈਐ, ਕਿਵ ਕੂੜੇ ਤੁਟੈ ਪਾਲਿ ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੧)

**ਜਾਂ ਉਸ ਕੂੜ ਜਾਂ ਝੂਠ ਦਾ ਹਨੇਰਾ ਕਿਸ ਤਰ੍ਹਾਂ ਖਤਮ ਹੋਵੇ ਅਤੇ ਇਸ ਦਾ ਉੱਤਰ ਜਾਂ ਇਸ ਸਮੱਸਿਆ ਦਾ ਹੱਲ ਗੁਰੂ ਜੀ ਨੇ ਇਹ ਦਿੱਤਾ :**

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥** (ਸ੍ਰੀ ਗੁਰੂ ਗ੍ਰੰਥ ਸਾਹਿਬ,੧)

ਜਾਂ ਹੁਕਮ ਦੇ ਅਨੁਸਾਰ ਚੱਲਣਾ ਅਤੇ ਉਸ ਸੱਚੇ ਦੇ ਹੁਕਮ ਦੀ ਪਾਲਣਾ ਕਰਨੀ ਹੀ ਇਸ ਦਾ ਹੱਲ ਹੈ। ਬਾਬਰ ਅਫ਼ਗਾਨਿਸਤਾਨ ਦਾ ਬਾਦਸ਼ਾਹ ਸੀ, ਜਦੋਂ ਉਸ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਤਾਂ ਉਸ ਵਕਤ ਗੁਰੂ ਜੀ ਨੇ ਉਸ ਜ਼ਾਲਮ ਹੁਕਮਰਾਨ ਨੂੰ ਉਸ ਦੇ ਜ਼ੁਲਮ ਵਿਰੁੱਧ ਚੁਣੌਤੀ ਦਿੱਤੀ, ਭਾਵੇਂ ਕਿ ਉਨ੍ਹਾਂ ਨੂੰ ਜੇਲ੍ਹ ਵੀ ਭੁਗਤਨੀ ਪਈ। ਇਸ ਸੰਬੰਧੀ ਗੁਰੂ ਜੀ ਦਾ ਫੁਰਮਾਨ ਹੈ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨) ਇਸ ਨਾਲ ਉਨ੍ਹਾਂ ਨੇ ਉਸ ਵਕਤ ਦੇ ਹਾਕਮਾਂ ਦੇ ਖ਼ਿਲਾਫ਼ ਰੋਸ ਦਾ ਪ੍ਰਗਟਾਵਾ ਕੀਤਾ ਅਤੇ ਇਹੋ ਜਿਹਾ ਸਮਾਜ ਸਿਰਜਣ ਦੀ ਕੋਸ਼ਿਸ਼ ਕੀਤੀ ਜਿਸ ਵਿਚ ਆਰਥਿਕ, ਸਮਾਜਿਕ, ਬਰਾਬਰੀ, ਇਨਸਾਫ਼, ਮਨੁੱਖੀ ਅਧਿਕਾਰ ਅਤੇ ਕਿਰਤ ਦੀ ਕਦਰ ਕਰਨ ਵਾਲਾ ਸਮਾਜ ਬਣੇ। ਗੁਰੂ ਜੀ ਨੇ ਇਹੋ ਜਿਹੇ ਸਮਾਜ ਵਿਚ ਗ਼ਰੀਬ, ਅਮੀਰ, ਉੱਚੇ ਨੀਵੇਂ, ਹਾਕਮ, ਪਰਜਾ ਸਭ ਲਈ ਸ਼ੁਭ ਅਮਲ ਕਰਨ ਦੀ ਪ੍ਰੇਰਨਾ ਕੀਤੀ। ਸ਼ੁਭ ਕਰਮ ਉਹ ਹਨ- ਜਿਸ ਵਿਚ ਕਥਨੀ ਅਤੇ ਕਰਨੀ ਇੱਕ ਹੋਏ ਸੱਚ-ਅਚਾਰ, ਸੱਚਾ ਅਤੇ ਸੱਚਾ ਮੁਸਲਮਾਨ ਬਣਨ ਲਈ ਸੱਚਾ ਆਚਰਨ ਹੀ ਪਹਿਲਾ ਫ਼ਰਜ਼ ਹੈ।

ਗੁਰੂ ਜੀ ਨੇ ਆਪ ਸੱਚੇ ਵਿਵਹਾਰ ਲਈ ਸੱਚੇ ਸੌਦੇ ਅਤੇ ਮੋਦੀ ਖਾਨੇ ਵਿਚ ਆਪਣਾ ਵਿਵਹਾਰ ਦਰਸਾਇਆ ਅਤੇ ਸੱਚੇ ਆਚਰਨ ਦੇ ਪ੍ਰਚਾਰ ਲਈ ਦਿਨ, ਰਾਤ, ਪਹਾੜਾਂ, ਜੰਗਲਾਂ, ਬੀਆਬਾਨਾਂ, ਡਾਕੂਆਂ, ਬਾਦਸ਼ਾਹਾਂ ਦਾ ਖ਼ੌਫ਼ ਨਹੀਂ ਵੇਖਿਆ, ਨਾ ਪੀਰਾਂ ਦਾ ਲਿਹਾਜ਼ ਕੀਤਾ ਨਾ ਮੁਰੀਦਾਂ ਦੀ ਤਰਫ਼ਦਾਰੀ ਕੀਤੀ। ਹੱਥੀਂ ਕਿਰਤ ਕਰਨ ਦੀ ਮਹਾਨਤਾ ਨੂੰ ਨਾ ਸਿਰਫ਼ ਪ੍ਰਚਾਰਿਆ, ਬਲਕਿ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਪਣੇ ਹੱਥੀਂ ਖੇਤੀ ਕਰ ਕੇ ਜਨਤਾ ਦੇ ਸਾਹਮਣੇ ਉਦਾਹਰਨ ਪੇਸ਼ ਕੀਤੀ। ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣ ਦੇ ਮੁੱਢਲੇ ਸਿਧਾਂਤਾਂ ਨੂੰ ਸਾਹਮਣੇ ਰੱਖ ਕੇ, ਉਹ ਸਦੀਵੀ ਸਿਧਾਂਤ ਜਿਹੜਾ ਹਰ ਜਗ੍ਹਾ ਅਤੇ ਹਰ ਵਕਤ ਮਹੱਤਤਾ ਰੱਖਦਾ ਹੈ, ਉਸ ਦਾ ਆਪਣੀ ਸਾਰੀ ਆਯੂ ਵਿਚ ਪ੍ਰਚਾਰ ਕੀਤਾ। ਅਖੀਰ ਵਿਚ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਵਜੋਂ ਗੁਰਿਆਈ ਦੇ ਯੋਗ ਸਮਝ ਕੇ ਆਪਣਾ ਅੰਗ ਬਣਾ ਲਿਆ ਅਤੇ ਇਸ ਤੋਂ ਪਹਿਲਾਂ ਗੁਰੂ ਜੀ ਨੇ ਭਾਈ ਲਹਿਣਾ ਜੀ ਦੀਆਂ ਪ੍ਰੀਖਿਆਵਾਂ ਕੀਤੀਆਂ ਅਤੇ ਭਾਈ ਲਹਿਣਾ ਜੀ ਹਰੇਕ ਪ੍ਰੀਖਿਆ ਵਿਚ ਪੂਰੇ ਉਤਰੇ ਅਤੇ ਉਨ੍ਹਾਂ ਨੂੰ ਯੋਗ ਵਾਰਸ ਸਮਝ ਕੇ ਨਾਨਕ ਨਿਰਮਲ ਪੰਥ ਦਾ ਉਤਰਾਧਿਕਾਰੀ ਨਿਯੁਕਤ ਕੀਤਾ ਗਿਆ।

***ਸੀ. ਫੈਲੋ. ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸਜ਼ ਐਂਡ ਰੀਸਰਚ, ਨਵੀਂ ਦਿੱਲੀ- ੧੧੦੦੦੧**






## ਪਾਠਕਾਂ ਦਾ ਨਜ਼ਰੀਆ

### ਭਿਆਨਕ ਮਹਾਂਮਾਰੀ ਕਰੋਨਾ ਅੱਗੇ ਵਿਸ਼ਵ ਅਪਾਹਜ ਬਣਿਆ

ਅੱਜ ਸਾਰੀ ਦੁਨੀਆਂ ਕਰੋਨਾਵਾਇਰਸ ਦੀ ਭਿਆਨਕ ਮਹਾਂਮਾਰੀ ਦੇ ਕਹਿਰ ਨਾਲ ਜੂਝ ਰਹੀ ਹੈ। ਕੰਪਿਊਟਰਾਂ ਦੇ ਵਿਸ਼ਵਵਿਆਪੀ ਤਾਣੇ-ਬਾਣੇ ਦੀ ਮਦਦ ਨਾਲ ਪੂਰੀ ਦੁਨੀਆਂ ਵਿਚ ਸੂਚਨਾਵਾਂ ਅਤੇ ਸੱਜਰੀਆਂ ਜਾਣਕਾਰੀਆਂ ਦਾ ਅਦਾਨ-ਪ੍ਰਦਾਨ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਹਰ ਜਾਗਰੂਕ ਮਨੁੱਖ ਦੇ ਮਨ ਵਿਚ ਨਵੀਆਂ ਜਾਣਕਾਰੀਆਂ ਦੀ ਉਤਸੁਕਤਾ ਬਣੀ ਰਹਿੰਦੀ ਹੈ। ਬੌਧਿਕ ਪੱਖੋਂ ਸੁਚੇਤ ਮਨੁੱਖ ਦੇ ਮਨ ਵਿਚ ਨਵੀਆਂ ਜਾਣਕਾਰੀਆਂ ਦੀ ਭੁੱਖ ਵਧੇਰੇ ਪ੍ਰਬਲ ਹੁੰਦੀ ਹੈ। ਉਹ ਮਹਿਸੂਸ ਕਰਦਾ ਹੈ ਕਿ ਪੂਰੇ ਵਿਸ਼ਵ ਤੇ ਮਨੁੱਖੀ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਹਰ ਨਵੀਂ ਜਾਣਕਾਰੀ ਉਸ ਦੇ ਜ਼ਿਹਨ ਵਿਚ ਹੋਣੀ ਚਾਹੀਦੀ ਹੈ। ਜਾਣਕਾਰੀਆਂ ਦੇ ਪ੍ਰਵਾਹਿਤ ਹੋਣ ਦੀ ਨਿਰੰਤਰਤਾ ਕਦੇ ਵੀ ਨਾ ਟੁੱਟਣ ਵਾਲੀ ਲੜੀ ਹੈ। ਗਿਆਨ ਆਧਾਰਿਤ ਜਾਣਕਾਰੀਆਂ ਦੀ ਨਵੀਨਤਾ ਤੇ ਸੱਜਰਪੁਣੇ ਦੀ ਸਮਾਂ-ਸੀਮਾ, ਇਸ ਸੂਚਨਾ ਤਕਨਾਲੋਜੀ ਦੇ ਯੁੱਗ ਵਿਚ ਹੁਣ ਕੁਝ ਵੀ ਨਹੀਂ ਰਹਿ ਗਈ। ਜੋ ਜਾਣਕਾਰੀਆਂ ਅਸੀਂ ਕੱਲ੍ਹ ਪ੍ਰਾਪਤ ਕੀਤੀਆਂ ਹਨ, ਉਹ ਅੱਜ ਪੁਰਾਣੀਆਂ ਹੋ ਗਈਆਂ ਕਿਉਂਕਿ ਜਾਣਕਾਰੀਆਂ ਦੇ ਖੇਤਰ ਵਿਚ ਅੱਜ ਹੋਰ ਨਵੀਆਂ ਜਾਣਕਾਰੀਆਂ ਦਾ ਇਜ਼ਾਫ਼ਾ ਹੋ ਗਿਆ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਖੋਜ ਤੇ ਤੱਤ ਨਿਰੀਖਣ ਕਦੇ ਨਾ ਮੁੱਕਣ ਵਾਲਾ ਵਿਆਪਕ ਅਮਲ ਹੈ। ਇਸ ਲਈ ਜੋ ਕੁਝ ਵੀ ਅਸੀਂ ਅੱਜ ਜਾਣਿਆ ਹੈ, ਹੋ ਸਕਦਾ ਹੈ ਕਿ ਮਨੁੱਖ ਦੀ ਨਵੀਂ ਖੋਜ ਅਨੁਸਾਰ ਕੱਲ੍ਹ ਨੂੰ ਅਪ੍ਰਚੱਲਿਤ, ਅਵਿਵਹਾਰਕ ਤੇ ਪੁਰਾਣਾ ਜਾਪਣ ਲੱਗੇ।

ਕਰੋਨਾ ਮਹਾਂਮਾਰੀ ਕਾਰਨ ਪੂਰੇ ਸੰਸਾਰ ਵਿਚ ਗਹਿਰ ਦੇ ਬੱਦਲ ਛਾਏ ਹੋਏ ਹਨ। ਇੰਜ ਜਾਪ ਰਿਹਾ ਹੈ ਜਿਵੇਂ ਵਿਗਿਆਨ ਅਤੇ ਵਿਗਿਆਨਕ ਖੋਜ ਕੁਦਰਤ ਦੀ ਕਰੋਪੀ ਅੱਗੇ ਹਾਰ ਗਏ ਹਨ। ਇਸੇ ਕਰਕੇ ਟਰੰਪ ਤੋਂ ਮੋਦੀ ਤੀਕਰ ਸਾਰੇ ਹੀ ਇਲਾਜ ਨਾਲੋਂ ਰੋਕਥਾਮ ਨਿਵਾਰਕ ਅਮਲਾਂ ਦੀ ਅਪੀਲ ਕਰ ਰਹੇ ਹਨ। ਕੁਦਰਤ ਦਾ ਕ੍ਰਿਸ਼ਮਾ ਵੇਖੋ ! ਜੋ ਮਨੁੱਖ ਸਦੀਆਂ ਤੋਂ ਆਪਣੀ ਖ਼ੁਸ਼ੀ ਲਈ ਪੰਛੀਆਂ ਨੂੰ ਪਿੰਜਰਿਆਂ ਵਿਚ ਬੰਦ ਕਰਕੇ ਆਨੰਦ ਲੈ ਰਿਹਾ ਸੀ, ਅੱਜ ਮਨੁੱਖ ਆਪਣੇ ਹੱਥੀ ਬਣਾਏ ਪਿੰਜਰਿਆਂ ਵਿਚ ਭਾਵ ਆਪਣੇ ਘਰਾਂ ਦੀਆਂ ਚਾਰ ਦੀਵਾਰੀਆਂ ਅੰਦਰ ਕੈਦ ਹੈ। ਜਿਊਣ ਦੀ ਲਾਲਸਾ ਤੇ ਮੌਤ ਦੇ ਭੈਅ ਨੇ ਮਨੁੱਖ ਨੂੰ ਇਸ ਭਿਆਨਕ ਮਹਾਂਮਾਰੀ ਅੱਗੇ ਅਪਾਹਜ ਬਣਾ ਛੱਡਿਆ ਹੈ। ਇਸ ਨੂੰ ਵਕਤ ਦੀ ਸਿਤਮ-ਜ਼ਰੀਫ਼ੀ ਕਹੋ ਜਾਂ ਅਜੀਬ ਇਤਫ਼ਾਕ ਕਿ ਸਮਾਂ ਅਜਿਹਾ ਆ ਢੁੱਕਾ ਹੈ ਕਿ ਨਾ ਮਨੁੱਖ ਦੀ ਮਈਅਤ ਨੂੰ ਮੋਢਾ ਦੇਣ ਲਈ ਚਾਰ ਬੰਦੇ ਲੱਭਦੇ ਹਨ ਤੇ ਨਾ ਸ਼ਮਸ਼ਾਨ।

ਜੇ ਸ਼ਮਸ਼ਾਨਾਂ ਦੇ ਬੂਹੇ ਵੀ ਮ੍ਰਿਤਕ ਸਰੀਰਾਂ ਲਈ ਬੰਦ ਹੋ ਜਾਣ ਤਾਂ ਫੇਰ ਮਨੁੱਖਤਾ ਲਈ ਇਸ ਤੋਂ ਵੱਡੀ ਨਮੋਸ਼ੀ ਤੇ ਸਰਾਪ ਹੋਰ ਕੀ ਹੋ ਸਕਦਾ ਹੈ ? ਰਾਣਾ ਸ਼ਹਿਰੀ ਦਾ ਇਹ ਸ਼ੇਅਰ ਕਿੰਨਾ ਸੱਚ ਹੋ ਨਿਬੜਿਆ ਹੈ;

ਕੋਈ ਦੋਸਤ ਹੈ ਨਾ ਰਕੀਬ ਹੈ,
ਤੇਰਾ ਸ਼ਹਿਰ ਕਿਤਨਾ ਅਜੀਬ ਹੈ।

**ਬੀਰ ਦਵਿੰਦਰ ਸਿੰਘ**

### ਸਾਡੇ ਆਤਮ-ਚਿੰਤਨ ਦਾ ਸਮਾਂ

ਇਟਲੀ ਵਸਦੇ ਕਈ ਪੰਜਾਬੀਆਂ ਨੇ ਵੱਟਸਐਪ ਤੇ ਵੀਡੀਓ ਰਾਹੀਂ ਆਪਣੇ ਦੇਸ਼ ਵਾਸੀਆਂ ਦਾ ਇਸ ਬਿਮਾਰੀ ਬਾਰੇ ਪੱਖ ਦੇਖਿਆ ਤੇ ਆਪਣਾ ਫਰਜ਼ ਨਿਭਾਇਆ। ਉਨਾਂ ਨੇ ਲਾਸ਼ਾਂ ਕੋਲ ਖੜ ਕੇ ਵੀਡੀਓ ਸੁਨੇਹੇ ਰਿਕਾਰਡ ਕੀਤੇ ਅਤੇ ਹਾਲ-ਦੁਹਾਈ ਪਾਈ ਕਿ ਇਸ ਬਿਮਾਰੀ ਨੂੰ ਅਤਿਅੰਤ ਗੰਭੀਰਤਾ ਨਾਲ ਲਿਆ ਜਾਵੇ। ਇਕ ਪੰਜਾਬੀ ਨੇ ਕਿਹਾ, 'ਮੈਂ ਹੱਥ ਜੋੜਦਾ ਹਾਂ, ਇਸ ਬਿਮਾਰੀ ਬਾਰੇ ਚੁਟਕਲੇ ਨਾ ਬਣਾਓ। ਅੰਦਰ ਵੜ ਜਾਓ। ਵੀਡੀਓ ਦੇਖਦੇ-ਦੇਖਦੇ ਹੀ ਦਰਵਾਜ਼ੇ ਬੰਦ ਕਰ ਲਓ। ਮੈਂ ਟਰੱਕ ਡਰਾਈਵਰ ਹਾਂ ਤੇ ਜਿਸ ਪਿੰਡ ਵਿਚ ਰਹਿੰਦਾ ਹਾਂ ਉੱਥੇ ਇਕ ਦਿਨ ਵਿਚ ਇਕ ਘੰਟੇ ਵਿਚ ਛਿਆਲੀ ਮੌਤਾਂ ਹੋਈਆਂ। ਕਫ਼ਨ ਘਟ ਗਏ ਸਨ, ਫਿਰ ਦੋ-ਦੋ ਲਾਸ਼ਾਂ 'ਤੇ ਇਕ-ਇਕ ਕੱਪੜਾ ਪਾਇਆ। ਮੈਂ ਮਾਲ ਢੋਂਦਾ ਹਾਂ। ਛੋਟੀ ਜਿਹੀ ਮੋਰੀ ਵਿਚੋਂ ਕਾਗਜ਼ ਬਾਹਰ ਫੜਾਉਣੇ ਹਨ। ਕਿਤੇ ਰੁਕਣਾ ਨਹੀਂ, ਕਿਸੇ ਨੂੰ ਮਿਲਣਾ ਨਹੀਂ।' ਉਹ ਟਰੱਕ ਦੇ ਕੈਬਿਨ ਵਿਚੋਂ ਬੋਲ ਰਿਹਾ ਸੀ। ਇੰਜ ਕਹਿੰਦਿਆਂ ਉਹ ਤਾਕੀ ਵੱਲ ਝਾਕਿਆ ਤੇ ਡਰਿਆ ਜਿਵੇਂ ਮੌਤ ਇਹ ਸਭ ਕੁਝ ਸੁਣ ਰਹੀ ਹੋਵੇ। ਇਟਲੀ ਤੋਂ ਹੀ ਪੱਛਮੀ ਪੰਜਾਬ ਦੇ ਇਕ ਨੌਜਵਾਨ ਨੇ ਡੁਸਕਦੇ ਹੋਏ ਆਪਣੇ ਵਤਨ ਵਾਸੀਆਂ ਨੂੰ ਭਾਵੁਕ ਸੁਨੇਹਾ ਭੇਜਿਆ, 'ਏਹ ਵਾਇਰਸ ਕਿਸੇ ਨੂੰ ਨਹੀਂ ਛੱਡਦਾ। ਇਟਲੀ ਵਿਚ ਕੋਈ ਦਿਨ ਐਸਾ ਨਹੀਂ ਗਿਆ ਜਿਸ ਦਿਨ ਲਾਸ਼ਾਂ ਨਾ 'ਕੱਠੀਆਂ ਕੀਤੀਆਂ ਗਈਆਂ ਹੋਣ। ਆਪਣੇ ਰੱਬ ਦਾ ਵਾਸਤਾ ਪਾ ਕੇ ਲੋਕਾਂ ਅੱਗੇ ਬੇਨਤੀ ਕਰ ਛੱਡੋ। ਰੱਬ ਦੇ ਬੰਦਿਓ, ਆਪਣੇ ਆਪ ਨੂੰ ਡੱਕ ਲਓ।' ਫੇਰ ਉਹ ਫੁੱਟ ਕੇ ਰੋਇਆ। ਮੈਂ ਇਸ ਵੀਡੀਓ ਨੂੰ ਦੋ-ਤਿੰਨ ਵਾਰ ਸੁਣਿਆ ਤੇ ਇੰਜ ਜਾਪਿਆ ਜਿਵੇਂ ਮੌਤ ਨੇ ਉਸ ਨੂੰ ਫੜ ਲਿਆ ਹੋਵੇ, ਫੇਰ ਛੱਡ ਦਿੱਤਾ ਹੋਵੇ ਤੇ ਫੇਰ ਫੜ ਲਿਆ ਹੋਵੇ। ਲੌਕਡਾਊਨ ਤੋਂ ਬਾਅਦ ਵਾਤਾਵਰਣ ਵਿਚ ਸੁਧਾਰ ਦਾ ਸਭ ਤੋਂ ਪਹਿਲਾਂ ਪ੍ਰਭਾਵ ਹਵਾ ਨੇ ਕਬੂਲਿਆ। ਮਾਰਚ ਦੇ ਅਖੀਰ ਤਕ ਹਵਾ ਦੇ ਪ੍ਰਦੂਸ਼ਣ ਕਾਰਨ ਪ੍ਰਾਂਤ ਦੇ ਵਧ ਪ੍ਰਭਾਵਿਤ ਸ਼ਹਿਰਾਂ, ਜਲੰਧਰ, ਖੰਨਾ ਤੇ ਲੁਧਿਆਣਾ ਦੀ ਹਵਾ ਦੇ ਏਅਰ ਕੁਆਲਿਟੀ ਇੰਡੈਕਸ (149) ਅੰਕੜੇ 50 ਤੋਂ ਘੱਟ ਦੀ 'ਚੰਗੀ' ਸੂਚੀ ਵਿਚ ਵਾਪਸ ਪਰਤ ਆਏ ਹਨ। ਪ੍ਰਬੰਧਕਾਂ ਤੇ ਮਾਹਿਰਾਂ ਲਈ ਇਹ ਵਿਸ਼ੇਸ਼ ਜਾਣਕਾਰੀ ਹੈ ਅਤੇ ਨਾਗਰਿਕਾਂ ਅਤੇ ਵਾਤਾਵਰਣ ਪ੍ਰੇਮੀਆਂ ਲਈ ਇਹ ਇਕ ਸੁਖਾਵਾਂ ਸੁਨੇਹਾ ਹੈ। ਨਦੀਆਂ ਦੇ ਪਾਣੀਆਂ ਵਿਚ ਨੀਲੀ ਭਾਅ ਵਿਖਾਈ ਦੇਣ ਲੱਗੀ ਅਤੇ ਸਾਫ਼ ਆਸਮਾਨ ਦੀ ਗੋਦ ਵਿਚ ਇਹ ਝਲਕ ਲਹਿਰ-ਲਹਿਰ ਸੰਗੀਤ ਬਣ ਗਈ। ਆਸਮਾਨ ਇੰਨਾ ਸਾਫ਼ ਜਿਸ ਨੂੰ ਵੇਖ ਕੇ ਰੂਹ ਰੱਜ ਜਾਵੇ। ਪਰਿਵਾਰਾਂ ਵਿਚ ਬੈਠ ਕੇ ਖਿੱਤੀ-ਤਿੰਗੜ ਦੀਆਂ ਗੱਲਾਂ ਫੇਰ ਹੋਣ ਲੱਗੀਆਂ।

ਇਸ ਸੁਧਾਰ ਦਾ ਪ੍ਰਤੱਖ ਪ੍ਰਭਾਵ ਪੰਛੀਆਂ ਵਿਚ ਨਜ਼ਰ ਆਇਆ। ਉਨਾਂ ਦੇ ਚਹਿ-ਚਹਾਉਣ ਅਤੇ ਉਡਾਰੀਆਂ ਲਾਉਣ ਦੇ ਸਮੇਂ ਵਿਚ ਚੋਖਾ ਵਾਧਾ ਹੋਇਆ। ਲੁਧਿਆਣਾ ਤੋਂ ਚੰਡੀਗੜ ਜਾਣ ਲਈ ਮੈਂ ਦੋਰਾਹੇ ਤੋਂ ਰੋਪੜ ਤਕ ਨਹਿਰ ਦੇ ਨਾਲ-ਨਾਲ ਸਫ਼ਰ ਕਰਦਾ ਹਾਂ। ਨਹਿਰ ਨੀਵੀਂ ਹੈ ਅਤੇ ਆਸੇ-ਪਾਸੇ ਸੰਘਣੀਆਂ ਝਾੜੀਆਂ 'ਤੇ ਰੁੱਖ ਹਨ, ਉੱਪਰ ਸੜਕ ਹੈ ਤੇ ਸੜਕ ਦੇ ਨਾਲ ਝਾੜੀਆਂ ਤੇ ਰੁੱਖ ਹਨ। ਇਹ ਸਫ਼ਰ ਕੁਦਰਤ ਮਾਨਣ ਦਾ ਸੁਹਾਵਣਾ ਮੌਕਾ ਹੈ। ਇਸ ਸਫ਼ਰ ਦੌਰਾਨ ਖ਼ਾਸ ਤੌਰ 'ਤੇ ਮੋਰ-ਮੋਰਨੀਆਂ ਮੇਰੀ ਖਿੱਚ ਦਾ ਕੇਂਦਰ ਰਹਿੰਦੇ ਹਨ। ਆਮ ਦਿਨਾਂ ਵਿਚ ਸਵੇਰੇ-ਸਵੇਰੇ ਰੁੱਖਾਂ 'ਤੇ ਬੈਠੇ ਜਾਂ ਨਹਿਰ ਵਾਲੇ ਪਾਸਿਓਂ ਉੱਡ ਕੇ ਸੜਕ ਲੰਘਦੇ ਦਿਖਾਈ ਦਿੰਦੇ ਮੋਰਾਂ ਦੀ ਗਿਣਤੀ ਅੱਠ-ਦਸ ਹੁੰਦੀ ਸੀ, ਪਰ ਜਦੋਂ ਲੌਕਡਾਊਨ ਕਰਕੇ ਆਵਾਜਾਈ ਬੰਦ ਹੋਈ ਤਾਂ ਸਫ਼ਰ ਦੌਰਾਨ ਇੰਜ ਦਿਸਦੇ ਮੋਰਾਂ ਦੀ ਗਿਣਤੀ ਵਿਚ ਢਾਈ-ਤਿੰਨ ਗੁਣਾਂ ਵਾਧਾ ਹੋਇਆ। ਜਿੱਥੇ ਉਹ ਪਹਿਲਾਂ ਉੱਡ ਕੇ ਸੜਕ ਪਾਰ ਕਰਦੇ ਸਨ, ਹੁਣ ਉਹ ਟਹਿਲਦੇ-ਟਹਿਲਦੇ ਸੜਕ ਪਾਰ ਕਰਦੇ ਹੋਏ ਵੇਖੇ ਜਾਂਦੇ ਹਨ। ਇਕ ਦਿਨ ਵਾਪਸ ਮੁੜਦਿਆਂ ਦੋਰਾਹੇ ਵਾਲੇ ਪਾਸੇ ਛੁਪ ਗਏ ਸੂਰਜ ਦੀ ਸਥਿਤੀ ਇੰਜ ਵਿਖਾਈ ਦਿੱਤੀ ਜਿਵੇਂ ਸੂਰਜ ਨਹਿਰ ਵਿਚ ਡੁੱਬ ਗਿਆ ਹੋਵੇ। ਸਾਫ਼-ਸੁਰਮਈ ਆਸਮਾਨ, ਥੱਲੇ ਸਰਹਿੰਦ ਨਹਿਰ ਦਾ ਚਾਂਦੀ ਰੰਗਾ ਪਾਣੀ, ਡੁੱਬ ਗਏ ਸੂਰਜ ਦੀ ਘਸਮੈਲੀ ਲਾਲੀ ਤੇ ਆਸੇ-ਪਾਸੇ ਸੰਘਣੇ ਰੁੱਖਾਂ ਦੀ ਹਰਿਆਵਲ। ਇਹ ਸਮਾਂ ਕੁਦਰਤ ਨੂੰ ਪਿਆਰ ਕਰਨ ਵਾਲੇ ਲੋਕਾਂ ਲਈ ਥਾਪੜਾ ਅਤੇ ਚੁਣੌਤੀ ਹੈ, ਉਨਾਂ ਨੂੰ ਕਮਰ ਕਸਣੀ ਚਾਹੀਦੀ ਹੈ, ਲਾਮਬੰਦ ਹੋਣਾ ਚਾਹੀਦਾ ਹੈ ਤੇ ਵਿਆਹ-ਪਾਰਟੀਆਂ ਲਈ ਭੱਜੇ ਫਿਰਦੇ ਪੰਜਾਬੀਆਂ ਨੂੰ ਕੁਦਰਤ ਅਤੇ ਪੰਛੀਆਂ ਪ੍ਰਤੀ ਪਿਆਰ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ।

ਲੌਕਡਾਊਨ ਸਿਰਫ਼ ਬਿਮਾਰੀ ਤੋਂ ਬਚਣ-ਬਚਾਉਣ ਤਕ ਹੀ ਸੀਮਤ ਨਹੀਂ ਹੈ, ਇਹ ਸਾਡੇ ਆਤਮ-ਚਿੰਤਨ ਦਾ ਵੀ ਸਮਾਂ ਹੈ। ਉਨਾਂ ਘਰਾਂ ਬਾਰੇ ਸੋਚੀਏ ਜੋ ਖਾਲੀ ਹੋ ਗਏ ਹਨ। ਇਸ ਬਿਮਾਰੀ ਨੇ ਜਦੋਂ ਇਟਲੀ ਦੇ ਬੂਹਿਆਂ 'ਤੇ ਦਸਤਕ ਦਿੱਤੀ ਤਾਂ ਉਸ ਦੇਸ਼ ਦੀਆਂ ਧੀਆਂ ਘਰਾਂ ਦੀਆਂ ਬਾਲਕੋਨੀਆਂ ਵਿਚ ਖੜ ਕੇ ਹਸਪਤਾਲ ਵੱਲ ਲੰਘਦੇ ਮਰੀਜ਼ਾਂ ਦੇ ਹੌਸਲੇ ਲਈ ਗੀਤ ਗਾਉਂਦੀਆਂ ਸਨ, ਪਰ ਜਦੋਂ ਮਿਲਟਰੀ ਦੀਆਂ ਗੱਡੀਆਂ ਲਾਸ਼ਾਂ ਲੈ-ਲੈ ਕੇ ਵਾਪਸ ਮੁੜਨ ਲੱਗੀਆਂ ਤਾਂ ਇਨਾਂ ਕੁੜੀਆਂ ਦੇ ਗੀਤ ਪਿਘਲ ਕੇ ਹੰਝੂ ਬਣ ਗਏ ਸਨ।

**ਗੁਰਪ੍ਰੀਤ ਸਿੰਘ ਤੂਰ**

### ਪਿੰਡਾਂ ਦੀਆਂ ਪੰਚਾਇਤਾਂ ਨੂੰ ਵੱਧ ਅਧਿਕਾਰ ਮਿਲਣ

ਪੰਜਾਬ ਸਰਕਾਰ ਨੇ ਪੰਜਾਬ ਦੀਆਂ ਪੰਚਾਇਤਾਂ ਨੂੰ ਆਫ਼ਤ ਦੇ ਸਮੇਂ ਰੋਜ਼ਾਨਾ ਪੰਜ ਹਜ਼ਾਰ ਰੁਪਏ ਆਪਣੇ ਫੰਡਾਂ ਵਿੱਚੋਂ ਖਰਚਣ ਲਈ ਆਦੇਸ਼ ਦਿੱਤੇ ਹਨ। ਪੰਜਾਬ ਦੀਆਂ ਕੁਲ ਤੇਰਾਂ ਹਜ਼ਾਰ ਪੰਚਾਇਤਾਂ ਵਿੱਚੋਂ ਕਿੰਨੀਆਂ ਪੰਚਾਇਤਾਂ ਇਹੋ ਜਿਹੀਆਂ ਹਨ, ਜਿਹਨਾਂ ਕੋਲ ਆਪਣੇ ਫੰਡ ਹਨ, ਜਾਂ ਇਵੇਂ ਕਹੀਏ ਆਮਦਨ ਦੇ ਆਪਣੇ ਸਾਧਨ ਹਨ ? ਬਹੁਤੀਆਂ ਪੰਚਾਇਤਾਂ ਸਰਕਾਰੀ ਗ੍ਰਾਂਟਾਂ ਜੋ ਕੇਂਦਰੀ ਜਾਂ ਸੂਬਾਈ ਸਰਕਾਰਾਂ ਵਲੋਂ ਸਮੇਂ-ਸਮੇਂ ਦਿੱਤੀਆਂ ਜਾਂਦੀਆਂ ਹਨ, ਨਾਲ ਆਪਣੇ ਪਿੰਡਾਂ ਦੇ ਵਿਕਾਸ ਕਾਰਜ, ਸਰਕਾਰੀ ਕਰਮਚਾਰੀਆਂ, ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਰਦੀਆਂ ਹਨ। ਪੰਚਾਇਤਾਂ ਨੂੰ ਆਪਣੇ ਤੌਰ 'ਤੇ ਨੀਅਤ ਪ੍ਰਾਜੈਕਟਾਂ ਤੋਂ ਬਿਨਾਂ, ਇਹਨਾਂ ਫੰਡਾਂ ਵਿੱਚੋਂ ਇੱਕ ਨਵਾਂ ਪੈਸਾ ਵੀ ਖਰਚਣ ਦਾ ਅਧਿਕਾਰ ਨਹੀਂ ਹੁੰਦਾ। ਆਪਣੀ ਆਮਦਨੀ ਵਾਲੇ ਫੰਡਾਂ ਵਿੱਚੋਂ ਪੈਸਾ ਖਰਚਣ ਲਈ ਸਰਪੰਚ ਨੂੰ ਸਰਕਾਰ ਵਲੋਂ ਨਿਯੁਕਤ ਕਰਮਚਾਰੀ ਦੇ ਚੈੱਕ ਉੱਤੇ ਦਸਤਖ਼ਤ ਅਤੇ ਪੰਚਾਇਤੀ ਮਤੇ ਤੋਂ ਬਿਨਾਂ ਕੋਈ ਖ਼ਰਚ ਕਰਨ ਦਾ ਅਧਿਕਾਰ ਨਹੀਂ। ਆਫ਼ਤ ਦੇ ਇਹਨਾਂ ਦਿਨਾਂ ਵਿੱਚ ਪੰਚਾਇਤੀ ਕਰਮਚਾਰੀ ਤਾਂ ਹੋਰ ਕੰਮਾਂ ਵਿੱਚ ਰੁੱਝੇ ਹੋਏ ਹਨ, ਉਹਨਾਂ ਕੋਲ 10 ਤੋਂ 15 ਪੰਚਾਇਤਾਂ ਦਾ ਚਾਰਜ ਹੈ। ਇਹੋ ਜਿਹੇ ਆਫ਼ਤ ਦੇ ਵੇਲੇ ਉਹ ਲੋੜਬੰਦ ਲੋਕਾਂ ਦੀ ਮਦਦ ਕਿਵੇਂ ਕਰਨਗੇ ? ਖ਼ਾਸ ਤੌਰ 'ਤੇ ਕਰਫਿਊ ਦੇ ਦਿਨਾਂ ਵਿੱਚ, ਜਦੋਂ ਬੈਂਕਾਂ ਬਹੁਤ ਘੱਟ ਦਿਨ ਅਤੇ ਸੀਮਤ ਸਮੇਂ ਉੱਤੇ ਹੀ ਖੁੱਲਦੀਆਂ ਹਨ ਅਤੇ ਸਮਾਜਿਕ ਇਕੱਠਾਂ ਉੱਤੇ ਪਾਬੰਦੀ ਹੈ। ਇਹੋ ਜਿਹੇ ਵਿੱਚ ਪੰਚਾਇਤੀ ਮੀਟਿੰਗਾਂ ਕਰਨੀਆਂ ਕਿਵੇਂ ਸੰਭਵ ਹਨ, ਜਦਕਿ ਪੰਚਾਇਤੀ ਮੀਟਿੰਗ ਵਿੱਚ ਪੰਚਾਇਤ ਸਕੱਤਰ ਜਾਂ ਇੰਚਾਰਜ ਗ੍ਰਾਮ ਸੇਵਕ ਦਾ ਹੋਣਾ ਲਾਜ਼ਮੀ ਹੈ।

ਪੰਚਾਇਤਾਂ ਦੀ ਆਮਦਨ ਦੇ ਸਾਧਨ ਬਹੁਤ ਸੀਮਤ ਹਨ। ਕੁਝ ਪੰਚਾਇਤਾਂ ਇਹੋ ਜਿਹੀਆਂ ਹਨ, ਜਿਹਨਾਂ ਕੋਲ ਸ਼ਾਮਲਾਤੀ ਜ਼ਮੀਨ ਹੈ। ਇਸ ਜ਼ਮੀਨ ਨੂੰ ਉਹ ਸਲਾਨਾ ਠੇਕੇ ਉੱਤੇ ਦਿੰਦੇ ਹਨ। ਹਾਲਾਂਕਿ ਪੰਜਾਬ ਦੀ ਕੁਲ ਸ਼ਾਮਲਾਟ ਜ਼ਮੀਨ ਦੇ ਤੀਜੇ ਹਿੱਸੇ ਉੱਤੇ ਨਾਜਾਇਜ਼ ਕਬਜ਼ੇ ਹਨ। ਇਸੇ ਆਮਦਨ ਵਿੱਚੋਂ ਪਿੰਡ ਵਿੱਚ ਲੱਗੀਆਂ ਸਟਰੀਟ ਲਾਈਟਾਂ ਦਾ ਬਿੱਲ, ਸਫਾਈ ਸੇਵਕ ਦੀ ਤਨਖਾਹ ਅਤੇ ਫੁਟਕਲ ਖਰਚੇ ਕੀਤੇ ਜਾਂਦੇ ਹਨ। ਹੈਰਾਨੀਕੁਨ ਗੱਲ ਤਾਂ ਇਹ ਵੀ ਹੈ ਕਿ ਪੰਚਾਇਤ ਦੀ ਆਮਦਨ ਦਾ ਤੀਜਾ ਹਿੱਸਾ ਤਾਂ ਪੰਚਾਇਤ ਸੰਮਤੀਆਂ ਆਪਣੇ ਹਿੱਸੇ ਵਜੋਂ ਪੰਚਾਇਤਾਂ ਤੋਂ ਆਪਣੇ ਪ੍ਰਬੰਧਕੀ ਕਾਰਜਾਂ ਜਾਂ ਸਕੱਤਰ, ਗ੍ਰਾਮ ਸੇਵਕ ਦੀ ਤਨਖਾਹ ਦੇ ਹਿੱਸੇ ਵਜੋਂ ਲੈ ਜਾਂਦੀਆਂ ਹਨ। ਇੰਜ ਪੰਚਾਇਤਾਂ ਦੇ ਪੱਲੇ, ਫਿਰ ਖਾਲੀ ਦੇ ਖਾਲੀ ਰਹਿ ਜਾਂਦੇ ਹਨ।

ਪੰਜਾਬ ਪੰਚਾਇਤੀ ਰਾਜ ਐਕਟ 1994 ਭਾਰਤ ਸਰਕਾਰ ਵਲੋਂ ਸੰਵਿਧਾਨ ਵਿੱਚ 73ਵੀਂ ਅਤੇ 74ਵੀਂ ਸੋਧ, ਜੋ ਅਪ੍ਰੈਲ 1993 ਵਿੱਚ ਸੰਸਦ ਵਿੱਚ ਪਾਸ ਕੀਤੀ ਗਈ, ਦੇ ਮੱਦੇ ਨਜ਼ਰ ਬਣਾਏ ਗਏ ਸਨ। ਜਿਸਦਾ ਉਦੇਸ਼ ਸਥਾਨਕ ਸ਼ਾਸਨ ਦੀਆਂ ਦਿਹਾਤੀ ਅਤੇ ਸ਼ਹਿਰੀ ਸੰਸਥਾਵਾਂ ਨੂੰ ਸੰਵਿਧਾਨਕ ਮਾਨਤਾ ਦੇਣੀ ਸੀ ਅਤੇ ਇਸਦੇ ਅਧੀਨ ਉਹਨਾਂ ਨੂੰ ਹੋਰ ਜ਼ਿਆਦਾ ਪ੍ਰਸ਼ਾਸਕੀ ਅਤੇ ਵਿੱਤੀ ਜ਼ਿੰਮੇਵਾਰੀ ਸੌਂਪੀ ਗਈ। ਇਸ ਸੋਧ ਦੇ ਮੱਦੇ ਨਜ਼ਰ ਪੰਜਾਬ ਵਿੱਚ ਵੀ ਵੱਖੋ-ਵੱਖਰੇ ਮਹਿਕਮਿਆਂ ਦੇ ਕੰਮਾਂ-ਕਾਰਾਂ ਦੀ ਦੇਖ-ਰੇਖ ਪੰਚਾਇਤਾਂ ਨੂੰ ਸੌਂਪਣ ਦਾ ਫੈਸਲਾ ਹੋਇਆ। ਪਰ ਬਾਵਜੂਦ ਵੱਡੇ ਦਾਅਵਿਆਂ ਦੇ ਇਹਨਾਂ ਮਹਿਕਮਿਆਂ ਦੇ ਕੰਮਾਂ ਦੀ ਦੇਖ-ਰੇਖ ਲਈ ਕੋਈ ਸ਼ਕਤੀਆਂ ਪੰਚਾਇਤਾਂ ਨੂੰ ਪ੍ਰਦਾਨ ਨਹੀਂ ਕੀਤੀਆਂ ਗਈਆਂ। ਇੱਥੋਂ ਤੱਕ ਕਿ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ, ਜੋ ਕਿ ਦਿਹਾਤੀ ਸਥਾਨਕ ਸਰਕਾਰਾਂ ਦਾ ਮੁੱਖ ਹਿੱਸਾ ਹਨ ਅਤੇ ਜਿਹਨਾਂ ਨੂੰ ਵਿਸ਼ੇਸ਼ ਅਧਿਕਾਰ ਇਹਨਾਂ ਮਹਿਕਮਿਆਂ ਦੀ ਦੇਖ-ਰੇਖ ਲਈ ਕਾਗਜ਼ੀਂ ਪੱਤਰੀਂ ਦਿੱਤੇ ਗਏ, ਪਰ ਇਹ ਸਾਰੀਆਂ ਸ਼ਕਤੀਆਂ ਆਮ ਤੌਰ ਉੱਤੇ ਉੱਚ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਵਰਤਣੀਆਂ ਨਿਰਵਿਘਨ ਜਾਰੀ ਹਨ।

ਪੰਚਾਇਤਾਂ, ਪੰਚਾਇਤ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਦੇ ਪੱਲੇ ਅਸਲ ਵਿੱਚ ਪੰਜ ਵਰਿਆਂ ਬਾਅਦ ਚੋਣਾਂ ਪਾ ਦਿੱਤੀਆਂ ਗਈਆਂ ਹਨ, ਜਿਸ ਉੱਤੇ ਕਰੋੜਾਂ ਰੁਪਏ ਪਿੰਡਾਂ ਵਿੱਚ ਵਸਣ ਵਾਲੇ ਲੋਕ ਖਰਚ ਦਿੰਦੇ ਹਨ। ਆਪਸੀ ਗੁੱਟ-ਬਾਜ਼ੀ ਵਧਾ ਲੈਂਦੇ ਹਨ। ਸਿਆਸੀ ਪਾਰਟੀਆਂ ਦੇ ਲੋਕਾਂ ਨੂੰ ਆਪਣੇ ਪਿੰਡਾਂ ਵਿੱਚ ਵੜਨ ਅਤੇ ਬੇ-ਅਸੂਲਾ ਦਖ਼ਲ ਦੇਣ ਦਾ ਮੌਕਾ ਦੇ ਦਿੰਦੇ ਹਨ। ਸਿਤਮ ਦੀ ਗੱਲ ਤਾਂ ਇਹ ਵੀ ਹੈ ਕਿ ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ ਮਿਊਂਸਪਲ ਕੌਂਸਲਾਂ, ਕਾਰਪੋਰੇਸ਼ਨਾਂ ਦੇ ਚੁਣੇ ਹੋਏ ਮੈਂਬਰਾਂ ਲਈ ਤਾਂ ਮਾਸਿਕ ਤਨਖਾਹ ਨੀਅਤ ਹੈ, ਪਰ ਪਿੰਡਾਂ ਦੇ ਚੁਣੇ ਪੰਚਾਇਤ ਮੈਂਬਰਾਂ, ਬਲਾਕ ਸੰਮਤੀ ਮੈਂਬਰਾਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਲਈ ਕੋਈ ਮਾਸਿਕ ਤਨਖਾਹ ਨਹੀਂ ਹੈ। ਹਾਂ, ਮਾਸਿਕ 500 ਰੁਪਏ ਦੀ ਨਿਗੂਣੀ ਜਿਹੀ ਰਕਮ ਪਿੰਡ ਦੇ ਸਰਪੰਚ ਲਈ ਨੀਅਤ ਹੈ, ਜੋ ਆਮ ਤੌਰ 'ਤੇ ਸਰਪੰਚੀ ਮਿਆਦ ਮੁੱਕਣ ਉੱਤੇ ਹੀ ਸਰਕਾਰ ਦੀ ਮਰਜ਼ੀ ਨਾਲ ਉਹਨਾਂ ਦੇ ਖਾਤੇ ਪੈਂਦੀ ਹੈ। ਇਹੋ ਜਿਹੇ ਹਾਲਾਤ ਵਿੱਚ ਪੰਚਾਇਤਾਂ ਆਪਣਾ ਕੰਮ-ਕਾਰ ਕਿਵੇਂ ਕਾਰਗਰ ਢੰਗ ਨਾਲ ਕਰਨ, ਜਦ ਉਹਨਾਂ ਕੋਲ ਆਮਦਨ ਦਾ ਕੋਈ ਪੱਕਾ ਸਾਧਨ ਨਹੀਂ, ਉਹਨਾਂ ਦੇ ਅਧਿਕਾਰ ਅਧਿਕਾਰੀਆਂ, ਜਾਂ ਸਰਕਾਰੀ ਕਰਮਚਾਰੀਆਂ ਖੋਹੇ ਹੋਏ ਹਨ। ਉਹ 73ਵੀਂ ਤੇ 74ਵੀਂ ਸੋਧ, ਜਿਹੜੀ ਭਾਰਤੀ ਲੋਕਤੰਤਰੀ ਢਾਂਚੇ ਨੂੰ ਸਥਾਈ ਬਣਾਈ ਰੱਖਣ, ਲੋਕਾਂ ਨੂੰ ਸਥਾਨਕ ਸਮੱਸਿਆਵਾਂ ਦੇ ਹੱਲ ਲਈ ਕੀਤੀ ਗਈ ਸੀ, ਉਸਦਾ ਅਰਥ ਕੀ ਰਹਿ ਜਾਂਦਾ ਹੈ ?

ਦੇਸ਼ ਵਿੱਚ ਨਵਾਂ ਸੰਵਿਧਾਨ ਲਾਗੂ ਕਰਨ ਦਾ ਅਰਥ ਦੇਸ਼ ਦਾ ਸਮਾਜਿਕ, ਆਰਥਿਕ ਵਿਕਾਸ ਕਰਕੇ ਇੱਥੇ ਲੋਕ ਕਲਿਆਣਕਾਰੀ ਰਾਜ ਦੀ ਸਥਾਪਨਾ ਕਰਨਾ ਸੀ। ਸਥਾਨਕ ਸ਼ਾਸਨ ਦਾ ਇਸ ਵਿੱਚ ਵਿਸ਼ੇਸ਼ ਮਹੱਤਵ ਸੀ। ਸਥਾਨਕ ਸਵੈ-ਸ਼ਾਸਨ ਦੇ ਬਿਨਾਂ ਨਾ ਤਾਂ ਦੇਸ਼ ਵਿੱਚ ਪ੍ਰਗਤੀ ਸੰਭਵ ਹੈ ਅਤੇ ਨਾ ਹੀ ਲੋਕਤੰਤਰ ਅਸਲੀ ਅਤੇ ਸਥਾਈ ਬਣ ਸਕਦਾ ਹੈ।

ਕੋਰੋਨਾ ਵਾਇਰਸ ਦੀ ਆਫ਼ਤ ਸਮੇਂ ਕੁਝ ਪਿੰਡਾਂ ਦੇ ਲੋਕਾਂ ਨੇ ਪੰਚਾਇਤਾਂ ਰਾਹੀਂ ਠੀਕਰੀ ਪਹਿਰੇ ਲਗਾਕੇ, ਬਾਹਰੋਂ ਆਉਣ ਵਾਲੇ ਲੋਕਾਂ ਨੂੰ ਪਿੰਡ ਵੜਨੋਂ ਰੋਕਕੇ ਆਪਣੇ ਸਿਹਤ ਸੁਰੱਖਿਆ ਲਈ ਕਦਮ ਚੁੱਕਿਆ ਹੈ। ਸਿੱਟੇ ਵਜੋਂ ਨਸ਼ਿਆਂ ਦੇ ਵਾਹਕ ਪਿੰਡ ਵੜਨੋਂ ਰੁਕ ਗਏ ਹਨ ਜਾਂ ਘਟ ਗਏ ਹਨ। ਲੋਕ ਪਿੰਡਾਂ ਦੀਆਂ ਗਲੀਆਂ, ਨਾਲੀਆਂ ਸਾਫ਼ ਕਰਦੇ ਵੇਖੇ ਜਾ ਸਕਦੇ ਹਨ। ਪਿੰਡ ਵਿੱਚ ਹੁਲੜਬਾਜ਼ੀ ਘਟ ਗਈ ਹੈ ਕਿਉਂਕਿ ਪਿੰਡਾਂ ਦੀਆਂ ਪੰਚਾਇਤਾਂ ਅਤੇ ਮੁਹਤਬਰ ਲੋਕ ਦੇਖ-ਭਾਲ ਲਈ ਵੱਧ ਸਰਗਰਮ ਹੋ ਗਏ ਹਨ। ਭਾਵ ਸਵੈ-ਸ਼ਾਸਨ ਨੇ ਆਪਣਾ ਰੰਗ ਵਿਖਾਇਆ ਹੈ।

ਪੰਚਾਇਤਾਂ ਉੱਤੇ ਜੋ ਰੋਕਾਂ ਪੰਚਾਇਤ ਵਿਭਾਗ ਵਲੋਂ ਬਿਨਾਂ ਕਾਰਨ ਲਗਾਈਆਂ ਗਈਆਂ ਹਨ, ਉਹ ਬੰਦ ਕਰਕੇ ਉਹਨਾਂ ਨੂੰ ਆਪ ਕੰਮ ਕਰਨ ਦਾ ਮੌਕਾ ਦਿੱਤਾ ਜਾਵੇ। ਪੰਚਾਇਤਾਂ ਨੂੰ ਸਰਕਾਰੀ ਮਹਿਕਮੇ ਦਾ ਇੱਕ ਦਫਤਰ ਸਮਝਕੇ ਪੰਚਾਇਤੀ ਪ੍ਰਬੰਧ ਦੇ ਹਥਿਆਏ ਹੱਕ, ਪੰਚਾਇਤੀ ਕਰਮਚਾਰੀਆਂ, ਅਧਿਕਾਰੀਆਂ ਤੋਂ ਵਾਪਸ ਲਏ ਜਾਣ।ਪੰਚਾਇਤਾਂ ਇਸ ਸਮੇਂ ਜ਼ਿਆਦਾ ਕਾਰਜਸ਼ੀਲ ਹੋ ਕੇ ਕੰਮ ਕਰ ਸਕਦੀਆਂ ਹਨ। ਜੇਕਰ ਜ਼ਰੂਰਤ ਹੋਵੇ ਤਾਂ ਸਟਰੀਟ ਲਾਈਟਾਂ ਲਈ ਕੁਝ ਫੰਡ ਪਿੰਡ ਵਾਸੀਆਂ ਤੋਂ ਉਗਰਾਹੇ ਜਾ ਸਕਦੇ ਹਨ। ਪਿੰਡ ਦੇ ਵਿਕਾਸ ਦੀ ਪੱਕੀ ਯੋਜਨਾ ਉਲੀਕ ਕੇ ਉਸ ਵਾਸਤੇ ਸਰਕਾਰਾਂ ਨੂੰ ਜਾਂ ਪ੍ਰਵਾਸੀ ਵੀਰਾਂ ਜਾਂ ਕੁਝ ਕੰਪਨੀਆਂ, ਜੋ ਸਮਾਜ ਭਲਾਈ ਲਈ ਫੰਡ ਦਿੰਦੀਆਂ ਹਨ, ਨੂੰ ਫੰਡ ਦੇਣ ਲਈ ਬੇਨਤੀ ਕੀਤੀ ਜਾ ਸਕਦੀ ਹੈ। ਪਿੰਡਾਂ ਵਿੱਚ ਇਹਨਾਂ ਦਿਨਾਂ ਵਿੱਚ ਫ਼ੌਜਦਾਰੀ ਕੇਸ ਨਹੀਂ ਹੋ ਰਹੇ, ਇਹ ਅੱਗੋਂ ਵੀ ਨਾ ਹੋਣ, ਪਿੰਡ ਪੰਚਾਇਤਾਂ ਇਸ ਵਿੱਚ ਅਹਿਮ ਰੋਲ ਅਦਾ ਕਰ ਸਕਦੀਆਂ ਹਨ ਅਤੇ ਪਿੰਡ ਵਿੱਚ ਅਮਨ-ਕਾਨੂੰਨ, ਭਰਾਤਰੀ ਭਾਵ ਵਾਲੀ ਸਥਿਤੀ ਚੰਗੇਰੀ ਬਣਾ ਸਕਦੀਆਂ ਹਨ। ਪਿੰਡਾਂ ਵਿੱਚ ਸਟੇਡੀਅਮ ਬਣਨ, ਪੇਂਡੂ ਲਾਇਬ੍ਰੇਰੀਆਂ ਖੁੱਲਣ, ਮਰਦਾਂ, ਔਰਤਾਂ ਲਈ ਜਿੰਮ ਬਣਨ, ਹੱਥ ਕਿੱਤਾ ਸਿਖਾਉਣ ਦੇ ਕੇਂਦਰ ਬਣਨ। ਇਹ ਸਾਰੇ ਕੰਮ ਪੰਚਾਇਤਾਂ ਉਸ ਹਾਲਤ ਵਿੱਚ ਕਰਨ ਦੇ ਯੋਗ ਹੋ ਸਕਦੀਆਂ ਹਨ, ਜੇਕਰ ਪੰਚਾਇਤਾਂ ਨੂੰ ਪੂਰਨ ਅਧਿਕਾਰ ਮਿਲਣ। ਸਰਕਾਰਾਂ ਨੂੰ ਪੰਚਾਇਤੀ ਰਾਜ ਸੰਸਥਾਵਾਂ, ਪਿੰਡਾਂ ਦੇ ਲੋਕਾਂ ਅਤੇ ਉਹਨਾਂ ਵਿੱਚ ਛੁਪੇ ਹੋਏ ਗੁਣਾਂ ਦੀ ਵਰਤੋਂ ਕਰਨ ਦੀ ਸਮਰਥਾ ਉੱਤੇ ਯਕੀਨ ਕਰਦਿਆਂ ਪੰਚਾਇਤਾਂ ਨੂੰ ਆਤਮ ਨਿਰਭਰ ਬਣਨ ਦਾ ਮੌਕਾ ਅਤੇ ਲੋਕ ਸ਼ਾਸਨ ਕਰਨ ਦਾ ਅਧਿਕਾਰ ਦੇਣਾ ਚਾਹੀਦਾ ਹੈ।

**ਗੁਰਮੀਤ ਸਿੰਘ ਪਲਾਹੀ**

### ਕਿੱਥੇ ਹਨ ਗ਼ੈਬੀ ਸ਼ਕਤੀਆਂ ਵਾਲੇ ਬਾਬੇ

ਹੁਣ ਜਦੋਂ ਸਾਰੀ ਦੁਨੀਆ ਕਰੋਨਾ ਮਹਾਂਮਾਰੀ ਦੀ ਲਪੇਟ ਵਿੱਚ ਹੈ ਤਾਂ ਗ਼ੈਬੀ ਸ਼ਕਤੀਆਂ ਵਾਲੇ ਅਖੌਤੀ ਬਾਬੇ, ਸਾਧ, ਪੀਰ, ਪੰਡਤ, ਸਿਆਣੇ, ਜੋਗੀ, ਸਾਈਂ, ਸ਼ਾਹ ਤੇ ਤਾਂਤਰਿਕ ਕਿੱਥੇ ਹਨ ? ਉਨਾਂ ਦੇ ਲੱਖਾਂ ਕਰੋੜਾਂ ਮੁਰੀਦ ਦਿਮਾਗ ਨਾਲ ਸੋਚਣ, ਕੀ ਉਨਾਂ ਦੇ 'ਬਾਬੇ' ਸੱਚਮੁੱਚ ਕੁਝ ਕਰਨ ਜੋਗੇ ਹਨ ? ਕਿਤੇ ਭੇਡ ਚਾਲ ਵਾਂਗ ਉਹ ਉਨਾਂ ਦੇ ਮਗਰ ਤਾਂ ਨਹੀਂ ਲੱਗੇ ਹੋਏ ? ਪੱਟੇ ਤਾਂ ਨਹੀਂ ਜਾ ਰਹੇ ?

ਇੱਕ 'ਬਾਬੇ' ਦਾ ਇਸ਼ਤਿਹਾਰ ਛਪਦਾ, ਆਪਣੀ ਹਰ ਖ਼ਾਹਿਸ਼ ਪੂਰੀ ਕਰੋ ! ਮੇਰਾ ਸਭ ਨੂੰ ਚੈਲਿੰਜ ਹੈ। ਇੱਕ ਵਾਰ ਜ਼ਰੂਰ ਅਜ਼ਮਾਓ ! ਤੁਹਾਡੀਆਂ ਸਾਰੀਆਂ ਪਰੇਸ਼ਾਨੀਆਂ ਦੂਰ ਕਰਨ ਵਾਲਾ ਕਰਾਮਾਤੀ ਤਾਵੀਤ ਹਾਸਲ ਕਰੋ। ਮੈਂ ਸਾਰੇ ਦੁਖੀ ਭੈਣ ਭਰਾਵਾਂ ਨੂੰ ਸੱਦਾ ਦਿੰਦਾ ਹਾਂ ਕਿ ਮੇਰੇ ਕੋਲ ਕਾਲੀ ਤਾਕਤ ਦੀ ਮਹਾਂ ਸ਼ਕਤੀ ਹੈ ਜਿਸ ਨਾਲ ਤੁਹਾਡੇ ਤਮਾਮ ਦੁੱਖ ਅਤੇ ਪਰੇਸ਼ਾਨੀਆਂ ਤਿੰਨ ਦਿਨਾਂ ਵਿੱਚ ਹੀ ਖ਼ਤਮ ਹੋ ਜਾਣਗੀਆਂ।' ਨਾਲ ਲਿਖਿਆ ਹੁੰਦਾ ਕਿ ਤੁਹਾਡਾ ਪਤਾ ਟਿਕਾਣਾ ਸਭ ਕੁਝ ਗੁਪਤ ਰੱਖਿਆ ਜਾਵੇਗਾ ਅਤੇ ਸਾਡੇ ਕੰਮ ਦੀ ਪੂਰੀ ਗਰੰਟੀ ਹੈ।

ਸਭ ਕੁਝ 'ਗੁਪਤ' ਰੱਖਣ ਵਾਲੇ ਗਰੰਟੀਸ਼ੁਦਾ 'ਬਾਬੇ' ਤੋਂ ਤਾਂ ਫਿਰ ਉਹਦੇ ਮੁਰੀਦਾਂ ਨੂੰ ਹੀ ਤਿੰਨ ਦਿਨਾਂ ਵਿੱਚ ਕਰੋਨਾ ਖ਼ਤਮ ਕਰਨ ਦੀ ਗਰੰਟੀ ਲੈ ਲੈਣੀ ਚਾਹੀਦੀ ਹੈ ! ਨਾਲੇ ਪਤਾ ਲੱਗ ਜਾਵੇਗਾ 'ਬਾਬਾ' ਕਿੰਨੀ ਕੁ ਸ਼ਕਤੀ ਵਾਲਾ ਹੈ ?

ਇੱਕ 'ਪੰਡਿਤ' ਬਾਬੇ ਨੂੰ ਵੀ ਮਾਤ ਪਾਉਂਦਾ ਦਾਅਵਾ ਕਰਦਾ ਕਿ 1952 ਤੋਂ ਲੈ ਕੇ ਹੁਣ ਤਕ ਉਹਦਾ ਕੋਈ ਮੁਕਾਬਲਾ ਨਹੀਂ। ਉਹ ਸਿਰਫ 72 ਘੰਟਿਆਂ ਵਿੱਚ ਕਾਲੇ ਜਾਦੂ, ਟੂਣੇ ਜਾਂ ਕਰੇ ਕਰਾਏ ਦਾ ਮੁਕੰਮਲ ਖ਼ਾਤਮਾ ਕਰਦਾ ਹੈ। ਉਹਦਾ ਪਰਚਾਰ ਸੀ ਜੇਕਰ ਕਿਸੇ ਨੇ ਤੁਹਾਡੇ ਜਾਂ ਤੁਹਾਡੇ ਘਰ ਵਾਲਿਆਂ ਉੱਤੇ ਕਿਸੇ ਕਿਸਮ ਦਾ ਕਾਲਾ ਜਾਦੂ, ਧਾਗਾ ਤਵੀਤ ਜਾਂ ਕੋਈ ਹੋਰ ਕਾਰਾ ਕਰ ਦਿੱਤਾ ਜਿਸ ਨਾਲ ਤੁਹਾਡੀ ਮੁਸੀਬਤ ਦਿਨ-ਬ-ਦਿਨ ਵਧਦੀ ਜਾ ਰਹੀ ਹੈ ਤਾਂ ਪੰਡਿਤ ਜੀ ਸੌ ਫੀਸਦੀ ਗਰੰਟੀ ਨਾਲ ਇਸਦਾ ਮੁਕੰਮਲ 'ਤੋੜ' ਸਿਰਫ 72 ਘੰਟਿਆਂ ਵਿੱਚ ਕਰ ਦੇਣਗੇ ਕਿਉਂਕਿ ਪੰਡਿਤ ਜੀ ਕਾਲੇ ਜਾਦੂ ਦੀ ਕਾਟ ਪਲਟ ਤੇ ਇਸਦੀ ਬੰਦਿਸ਼ ਦੇ ਮਾਹਿਰ ਹਨ। ਜਿਹੜੇ ਭੈਣ ਭਰਾ ਕਿਸੇ ਕਾਰਨ ਆਪ ਨਹੀਂ ਆ ਸਕਦੇ, ਉਹ ਫੋਨ ਜਾਂ ਚਿੱਠੀ ਪੱਤਰ ਰਾਹੀਂ ਗੁਪਤ ਤਰੀਕੇ ਨਾਲ ਘਰ ਬੈਠਿਆਂ ਆਪਣੇ ਸਾਰੇ ਦੁੱਖ ਦਰਦ ਹਮੇਸ਼ਾ ਲਈ ਦੂਰ ਕਰਵਾ ਸਕਦੇ ਹਨ।

ਜਿਹੜੇ ਪਹਿਲਾਂ ਹੀ ਕਿਸੇ 'ਸਿਆਣੇ' ਤੋਂ ਉੱਨ ਲੁਹਾਈ ਬੈਠੇ ਹੋਣ ਉਨਾਂ ਨੂੰ ਭਰਮਾਉਣ ਲਈ ਲਿਖਿਆ ਹੁੰਦਾ ਹੈ, ਜੇਕਰ ਤੁਹਾਡਾ ਕੰਮ ਕਿਸੇ ਹੋਰ ਕੋਲੋਂ ਨਹੀਂ ਹੋ ਸਕਿਆ ਤੇ ਤੁਸੀਂ ਹਿੰਮਤ ਹਾਰ ਕੇ ਢੇਰੀ ਢਾਹ ਬੈਠੇ ਹੋ ਤਾਂ ਪੰਡਿਤ ਜੀ ਥੋੜੇ ਦਿਨਾਂ ਵਿੱਚ ਹੀ ਆਪਣੀ ਜੋਤਿਸ਼ ਵਿੱਦਿਆ, ਤਾਂਤਰਿਕ ਸ਼ਕਤੀ ਤੇ ਜੰਤਰ-ਮੰਤਰ ਨਾਲ ਤੁਹਾਡੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰ ਦੇਣਗੇ।'

ਕੋਈ 'ਪੀਰ' ਫੁਰਮਾਉਂਦਾ ਹੈ, ਹੁਣ ਚਿੰਤਾ ਕਰਨ ਦੀ ਲੋੜ ਨਹੀਂ, ਮੈਨੂੰ ਆਪਣੀਆਂ ਚਿੰਤਾਵਾਂ ਸਦਾ ਲਈ ਖ਼ਤਮ ਕਰਨ ਦਾ ਮੌਕਾ ਦਿਓ।' ਭੇਤੀ

ਬੰਦੇ ਹੀ ਇਸ ਫ਼ਿਕਰੇ ਦਾ ਮਤਲਬ ਸਮਝ ਸਕਦੇ ਕਿ ਚਿੰਤਾਵਾਂ ਕਿਸਦੀਆਂ ਖ਼ਤਮ ਹੋਣੀਆਂ ਸਨ? ਯਕੀਨ ਬੰਨਾਉਣ ਲਈ ਉਹ ਪ੍ਰਚਾਰਦਾ ਕਿ ਇਸ ਸਮੇਂ ਹਜ਼ਾਰਾਂ ਹੀ ਦੁਖੀ ਭੈਣ ਭਰਾ 'ਪੀਰ' ਦੀਆਂ ਦੁਆਵਾਂ ਅਤੇ ਜਾਦੂ ਦਾ ਅਸਰ ਕਰਨ ਵਾਲੇ ਤਾਵੀਜ਼ ਨਾਲ ਖ਼ੁਸ਼ੀ ਖ਼ੁਸ਼ੀ ਵਧੀਆ ਜੀਵਨ ਬਤੀਤ ਕਰ ਰਹੇ ਹਨ।

ਖ਼ੁਸ਼ ਜੀਵਨ ਬਤੀਤ ਕਰਨ ਦਾ ਲਾਲਚ ਭਲਾ ਕਿਸ ਨੂੰ ਨਹੀਂ ਹੁੰਦਾ? ਸੋ ਸਿੱਧੇ ਸਾਦੇ ਲੋਕ ਇਨਾਂ ਦੀ ਲੁੱਟ ਦਾ ਸ਼ਿਕਾਰ ਹੋਈ ਜਾਂਦੇ ਸਨ। ਇੱਕ ਹੋਰ 'ਬਾਬਾ' ਇਸ਼ਤਿਹਾਰ ਦਿੰਦਾ ਹੈ, ਧੋਖੇ ਤੋਂ ਬਚੋ ਤੇ ਬਾਬਾ ਜੀ ਦੀਆਂ ਦੁਆਵਾਂ ਲਵੋ। ਮੁੰਡਾ ਹੋਣ ਦਾ ਨੁਸਖ਼ਾ ਦੱਸਦਿਆਂ ਕਹਿੰਦਾ ਕਿ ਕੁੱਖ ਵਿੱਚ ਪਲਦਾ ਬੱਚਾ ਬਾਬਾ ਜੀ ਦੇ ਉਪਾਅ ਨਾਲ ਮੁੰਡਾ ਬਣ ਜਾਵੇਗਾ। ਇੱਥੇ ਹੀ ਬੱਸ ਨਹੀਂ, ਉਹ ਨੂੰਹ ਸੱਸ, ਪਤੀ ਪਤਨੀ, ਜੀਜਾ ਸਾਲੀ ਜਾਂ ਘਰ ਵਿੱਚ ਕਿਸੇ ਵੀ ਲੜਾਈ ਕਲੇਸ਼ ਨੂੰ ਹਮੇਸ਼ਾ ਲਈ ਖ਼ਤਮ ਕਰਨ ਦਾ 'ਨੁਸਖ਼ਾ' ਦਿੰਦਾ ਹੈ।

ਲੜਾਈ ਕਲੇਸ਼ ਹਮੇਸ਼ਾ ਵਾਸਤੇ ਖ਼ਤਮ ਕਰਨ ਲਈ ਭਾਰਤ ਤੇ ਪਾਕਿਸਤਾਨ ਦੇ ਰਹਿਬਰਾਂ ਨੂੰ ਜ਼ਰੂਰ ਉਸ 'ਬਾਬੇ' ਤੋਂ 'ਨੁਸਖ਼ਾ' ਲੈ ਲੈਣਾ ਚਾਹੀਦਾ ਹੈ!

ਕੋਈ 'ਯੋਗੀ' ਪੁੱਤਰ ਦੀ ਦਾਤ ਦਿੰਦਾ, ਕੋਰਟ ਕੇਸਾਂ ਦੀ ਭਵਿੱਖਬਾਣੀ ਕਰਦਾ ਤੇ ਇੰਮੀਗਰੇਸ਼ਨ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦੇ ਨਾਲ ਨਸ਼ੇ ਪੱਤੇ ਛਡਾਉਣ ਦੇ ਗੁਰ ਦੱਸਦਾ ਹੈ। ਕਹਿੰਦਾ ਹੈ ਕਿ ਧਨ ਦੀ ਕਮੀ ਨਹੀਂ ਰਹਿਣ ਦਿਆਂਗਾ। ਇਹ ਤਾਂ ਰੱਬ ਜਾਣੇ ਕਿ ਉਹ ਆਪਣੇ ਧਨ ਬਾਰੇ ਕਹਿੰਦਾ ਜਾਂ ਅਗਲੇ ਦੇ ਧਨ ਬਾਰੇ? ਇੱਡੇ ਪੁੱਜੇ ਹੋਏ ਯੋਗੀ ਜੀ ਨੂੰ ਬੇਨਤੀ ਹੈ ਕਿ ਕਰੋੜਾਂ ਲੋਕ ਤਾਂ ਉਨਾਂ ਨੇ ਪਹਿਲਾਂ ਹੀ ਤਾਰ ਦਿੱਤੇ ਹਨ, ਧਰਤੀ 'ਤੇ ਵਸਦੇ ਬਾਕੀ ਕਰੋੜਾਂ ਲੋਕਾਂ ਦਾ ਵੀ ਕਲਿਆਣ ਕਰ ਦੇਣ। ਫਿਰ ਤਾਂ ਯੋਗੀ ਜੀ ਲਈ ਨੋਬਲ ਪ੍ਰਾਈਜ਼ ਵੀ ਵੱਟ 'ਤੇ ਪਿਆ ਹੈ!

ਇੱਕ 'ਸਿਆਣਾ' ਦੁਖੀ ਅਤੇ ਪਰੇਸ਼ਾਨ ਭੈਣਾਂ ਭਰਾਵਾਂ ਲਈ ਖ਼ੁਸ਼ਖ਼ਬਰੀ ਦਿੰਦਿਆਂ ਦਸ ਹਜ਼ਾਰ ਡਾਲਰ ਦੇ ਨਕਦ ਇਨਾਮ ਜਿੱਤਣ ਦਾ ਐਲਾਨ ਕਰਦਾ। ਪਰ ਸ਼ਰਤ ਅਜਿਹੀ ਹੁੰਦੀ ਕਿ ਕੋਈ ਇਨਾਮ ਜਿੱਤ ਹੀ ਨਹੀਂ ਸੀ ਸਕਦਾ। ਉਹ ਕਹਿੰਦਾ, ਕੋਈ ਮਾਈ ਦਾ ਲਾਲ ਇਹ ਸਾਬਤ ਕਰੇ ਕਿ ਉਹਦਾ ਸਬਜੈਕਟ ਕਿਸੇ ਧਰਮ, ਜਾਤ, ਮਨੁੱਖ ਜਾਂ ਕਿਸੇ ਸ਼ਹਿਰ ਦੇ ਖ਼ਿਲਾਫ਼ ਹੈ। ਨਾਲ ਕਹਿੰਦਾ ਕਿ ਉਹਦੇ ਕੋਲ ਛੇਤੀ ਤੇ ਤੇਜ਼ ਅਸਰ ਕਰਨ ਵਾਲੀ ਦੁਨੀਆ ਦੀ ਮਸ਼ਹੂਰ ਗਿੱਦੜਸਿੰਗੀ ਹੈ ਜਿਹੜੀ ਚੌਵੀ ਘੰਟਿਆਂ ਵਿੱਚ ਹੀ ਸਾਰੇ ਦੁੱਖ ਦੂਰ ਕਰ ਦਿੰਦੀ ਹੈ। ਉਹਦੇ ਨਾਲ ਦੁਨੀਆਂ ਦੀ ਹਰ ਸ਼ੈਅ ਪ੍ਰਾਪਤ ਕੀਤੀ ਜਾ ਸਕਦੀ ਹੈ। ਅੱਜ ਹੀ ਮਿਲੋ ਜਾਂ ਫੋਨ ਕਰੋ। ਹਰ ਤਰਾਂ ਦੀ ਕਾਰਵਾਈ ਗੁਪਤ ਰੱਖੀ ਜਾਵੇਗੀ।

ਇਹ 'ਗੁਪਤ' ਕਾਰਵਾਈ ਹੀ ਠੱਗ ਬਾਬਿਆਂ ਨੂੰ ਵਾਰਾ ਖਾਂਦੀ ਹੈ। ਜਿਨਾਂ ਨੂੰ ਗੁਪਤੋ-ਗੁਪਤੀ ਥੁੱਕ ਲੱਗ ਜਾਂਦਾ ਬੱਸ ਇਸੇ 'ਗੁਪਤ' ਕਾਰਵਾਈ ਕਰਕੇ ਕੁਸਕ ਨਾ ਸਕਦੇ! ਸਵਾਲ ਕੀਹਨੇ ਕਰਨਾ ਸੀ?

ਅਜਿਹੀਆਂ ਇਸ਼ਤਿਹਾਰਬਾਜ਼ੀਆਂ ਦਾ ਕੋਈ ਅੰਤ ਨਹੀਂ। ਵਿਕਾਊ ਮੀਡੀਆ ਇਹੋ ਕੁਝ ਭਾਲਦੈ। ਵਿਚਾਰੇ ਭੋਲੇ ਭਾਲੇ ਲੋਕ ਠੱਗੇ ਜਾ ਰਹੇ ਨੇ ਜਿਨਾਂ ਨੂੰ ਸੁਚੇਤ ਕਰਨਾ ਮੀਡੀਏ ਦਾ ਫ਼ਰਜ਼ ਹੈ। ਪਰ ਜੇ ਭਾੜੇ ਦਾ ਮੀਡੀਆ ਹੀ ਠੱਗਾਂ ਨਾਲ ਰਲ ਜਾਵੇ ਤਾਂ ਕੌਣ ਕਹੇ ਰਾਣੀਏਂ ਅੱਗਾ ਢਕ? ਦੁੱਖ ਸੁਖ ਕੁਦਰਤ ਦੀ ਦੇਣ ਹਨ। ਸ਼ਾਇਦ ਹੀ ਕੋਈ ਮਨੁੱਖ ਹੋਵੇ, ਜੀਹਨੂੰ ਕਦੇ ਦੁੱਖ ਦਾ ਸਾਹਮਣਾ ਨਾ ਕਰਨਾ ਪਿਆ ਹੋਵੇ। ਜਿਊਂਦੇ ਜਾਗਦੇ ਬੰਦੇ ਦੁੱਖਾਂ ਦੇ ਕਾਰਨ ਲੱਭਦੇ ਹਨ ਅਤੇ ਸੂਝ ਸਿਆਣਪ ਨਾਲ ਦੁੱਖਾਂ ਨੂੰ ਦੂਰ ਕਰਦੇ ਹਨ। ਜਿਹੜੇ ਲੋਕ ਦੁੱਖਾਂ ਦੇ ਕਾਰਨ ਖੋਜਣ ਦੀ ਥਾਂ ਦਿਮਾਗ ਦਾ ਬੂਹਾ ਭੇੜ ਕੇ ਐਵੇਂ ਅੱਕੀਂ ਪਲਾਹੀਂ ਹੱਥ ਮਾਰਦੇ ਹਨ, ਉਹ ਅਖੌਤੀ ਪੀਰਾਂ-ਪੰਡਿਤਾਂ ਅਤੇ ਯੋਗੀਆਂ-ਬਾਬਿਆਂ ਦੇ ਜਾਲ ਵਿੱਚ ਫਸ ਜਾਂਦੇ ਹਨ। ਧਾਗੇ ਤਵੀਤਾਂ ਅਤੇ ਗਿੱਦੜਸਿੰਗੀਆਂ ਵਿੱਚ ਕੋਈ ਕਰਾਮਾਤ ਹੁੰਦੀ ਤਾਂ ਦੁਨੀਆਂ ਕਦੋਂ ਦੀ ਤਰ ਗਈ ਹੁੰਦੀ। ਕਰੋਨਾ ਮਹਾਂਮਾਰੀ ਦੇ ਔਖੇ ਦਿਨ ਵੀ ਹੋਰਨਾਂ ਮਹਾਂਮਾਰੀਆਂ ਦੇ ਦਿਨਾਂ ਵਾਂਗ ਲੰਘ ਜਾਣਗੇ। ਪਰ ਸਵਾਲ ਹੈ, ਕੀ ਸਾਡੇ ਲੋਕ ਠੱਗ ਬਾਬਿਆਂ ਤੋਂ ਸੁਚੇਤ ਹੋਣਗੇ?

**ਪ੍ਰਿੰ. ਸਰਵਣ ਸਿੰਘ**

## ਕੈਨੇਡਾ ਵਿੱਚ ਪੰਜਾਬ ਦੀ

ਇਸ ਨਾਲ ਕਿਸੇ ਵੀ ਐਡਰੈਸ 'ਤੇ ਪਹੁੰਚਿਆ ਜਾ ਸਕਦਾ ਹੈ। ਸਕਰੀਨ ਉਪਰ ਨਕਸ਼ਾ ਵੀ ਆਉਂਦਾ ਰਹਿੰਦਾ ਹੈ ਅਤੇ ਸਪੀਕਰ ਰਾਹੀਂ ਆਵਾਜ਼ ਵੀ ਆਉਂਦੀ ਹੈ। ਭਾਰਤ ਵਿੱਚ ਅਜੇ ਇਹ ਪ੍ਰਚੱਲਤ ਨਹੀਂ ਹੋਇਆ। ਭਾਵੇਂ ਨਵੇਂ ਫੋਨਾਂ ਵਿੱਚ ਇਹ ਸੁਵਿਧਾ ਹੈ। ਇਸ ਯੰਤਰ ਦਾ ਨਾਂ ਪੰਜਾਬੀ ਕੈਨੇਡੀਅਨਾਂ ਨੇ ਗੁਰ ਪ੍ਰਤਾਪ ਸਿੰਘ (ਜੀ. ਪੀ.ਐੱਸ.) ਰੱਖਿਆ ਹੋਇਆ ਹੈ। ਉਹ ਆਖਦੇ ਹਨ ਕਿ ਭਾਰਤ ਵਿੱਚ ਇਹੀ ਯੰਤਰ ਵਾਲਾ ਕੰਮ ਰਿਕਸ਼ੇ ਵਾਲ਼ਾ ਕਰ ਦਿੰਦਾ ਹੈ। ਕੈਨੇਡਾ ਵਿੱਚ ਪਹਿਲੀ ਪੰਜਾਬੀ ਪੀੜੀ ਲਗਭਗ ਖਾਲੀ ਹੱਥ ਗਈ ਸੀ। ਅੱਜ ਉਹ ਚੰਗੀਆਂ ਜਾਇਦਾਦਾਂ ਦੇ ਮਾਲਕ ਹਨ ਅਤੇ ਚੰਗੀਆਂ ਸੁੱਖ ਸਹੂਲਤਾਂ ਮਾਣ ਰਹੇ ਹਨ। ਔਸਤਨ ਪੰਜਾਬੀ ਭਾਰਤ ਦੇ ਮੱਧ-ਵਰਗੀ ਜੀਵਨ ਸ਼ੈਲੀ ਵਿੱਚ ਜੀਅ ਰਿਹਾ ਹੈ। ਕੁਝ ਪੰਜਾਬੀਆਂ ਤਰੱਕੀ ਕਰਕੇ ਉੱਥੋਂ ਦੀ ਆਰਥਿਕ ਤੌਰ 'ਤੇ ਅਮੀਰ ਸ਼੍ਰੇਣੀ ਅਤੇ ਸਿਆਸੀ ਸੱਭਿਆਚਾਰਕ ਖੇਤਰ ਵਿੱਚ ਪ੍ਰਭਾਵਸ਼ਾਲੀ ਵਿਅਕਤੀ ਬਣ ਗਏ ਹਨ। ਪੰਜਾਬੀਆਂ ਦੀ ਇਸ ਉੱਨਤੀ ਦਾ ਕਾਰਨ ਮੁਕਾਬਲਤਨ ਸਖ਼ਤ ਮਿਹਨਤ, ਸਾਂਝਾ ਪਰਿਵਾਰ ਅਤੇ ਬੱਚਿਆਂ ਦੀ ਸਿੱਖਿਆ ਵੱਲ ਧਿਆਨ ਦੇਣਾ ਹੈ। ਅੱਜ ਵੈਨਕੂਵਰ, ਟੋਰਾਂਟੋ ਵਰਗੇ ਸ਼ਹਿਰਾਂ ਵਿੱਚ ਪੰਜਾਬੀਆਂ ਦੀ ਗਿਣਤੀ ਏਨੀ ਕੁ ਹੈ ਕਿ ਉਹ ਆਪਣੇ ਧਾਰਮਿਕ ਸਮਾਗਮਾਂ, ਸੱਭਿਆਚਾਰਕ ਪ੍ਰੋਗਰਾਮਾਂ, ਖੇਡ ਮੇਲਿਆਂ ਅਤੇ ਹੋਰ ਪ੍ਰੋਗਰਾਮਾਂ ਵਿੱਚ ਹਜ਼ਾਰਾਂ ਦਾ ਇਕੱਠ ਕਰ ਲੈਂਦੇ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਹਰ ਪੱਧਰ ਉਪਰ ਹੀ ਧੜੇਬੰਦੀ ਪੰਜਾਬ ਨਾਲੋਂ ਵੀ ਵੱਧ ਹੈ। ਪੰਜਾਬੀਆਂ ਨੂੰ ਇੱਕਜੁਟ ਹੋ ਕੇ ਮੁੱਖ ਧਾਰਾ ਦੇ ਮੁਕਾਬਲੇ ਆਪਣੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਤੇ ਜੀਵਨ ਸ਼ੈਲੀ ਨੂੰ ਸਥਾਪਤ ਕਰਨਾ ਚਾਹੀਦਾ ਹੈ।

ਕੈਨੇਡਾ ਇੱਕ ਅਮੀਰ ਦੇਸ਼ ਹੈ ਜਿਸ ਕੋਲ ਆਪਣੇ ਨਾਗਰਿਕਾਂ ਅਤੇ ਬਾਸ਼ਿੰਦਿਆਂ ਨੂੰ ਸੁੱਖ-ਸਹੂਲਤਾਂ ਪ੍ਰਦਾਨ ਕਰਨ ਲਈ ਪੈਸੇ ਦੀ ਕੋਈ ਕਮੀ ਨਹੀਂ। ਇਹ ਕੈਨੇਡੀਅਨ ਡਾਲਰ ਦੀ ਸਮਰੱਥਾ ਹੈ ਜਿਸ ਦੀ ਬਦੌਲਤ ਇੱਥੋਂ ਦਾ ਕਾਮਾ ਵੀ ਹਰ ਐਸ਼ੋ-ਇਸ਼ਰਤ ਅਤੇ ਵਸਤੂ ਹਾਸਲ ਕਰ ਸਕਦਾ ਹੈ ਜੋ ਉਹ ਚਾਹੁੰਦਾ ਹੋਵੇ। ਕੈਨੇਡਾ ਅਤੇ ਭਾਰਤ ਕਈ ਪੱਖਾਂ ਤੋਂ ਇੱਕ-ਦੂਜੇ ਦੇ ਉਲਟ ਹਨ। ਜਦੋਂ ਕੈਨੇਡਾ ਦਿਨ ਚੜਦਾ ਹੈ ਤਾਂ ਭਾਰਤ ਵਿੱਚ ਰਾਤ ਹੁੰਦੀ ਹੈ। ਕੈਨੇਡਾ ਕੋਲ ਰਹਿਣ ਨੂੰ ਆਬਾਦੀ ਬਹੁਤ ਘੱਟ ਹੈ ਪਰ ਰਕਬਾ ਭਾਰਤ ਤੋਂ ਤਕਰੀਬਨ ਢਾਈ ਤਿੰਨ ਗੁਣਾ ਵੱਧ ਹੈ। ਭਾਰਤ ਵਿੱਚ ਗਰਮੀ, ਸਰਦੀ, ਪੱਤਝੜ, ਸਾਉਣ ਮਹੀਨੇ ਮੀਂਹ ਵਰਗੀਆਂ ਰੁੱਤਾਂ ਹਨ ਪਰ ਕੈਨੇਡਾ ਵਿੱਚ ਮੌਸਮ ਦਾ ਕੋਈ ਪਤਾ ਨਹੀਂ। ਦੋਵਾਂ ਮੁਲਕਾਂ ਦੀਆਂ ਆਪਸ ਵਿੱਚ ਸਾਂਝਾਂ ਵੀ ਬਹੁਤ ਹਨ। ਪੰਜਾਬ ਵਿੱਚ ਵਿਦਵਾਨ ਰੋਜ਼ ਦੁਹਾਈਆਂ ਦਿੰਦੇ ਹਨ ਕਿ ਇੱਥੇ ਦਿਨ-ਬ-ਦਿਨ ਨਸ਼ਾ ਵਧ ਰਿਹਾ ਹੈ ਪਰ ਕੈਨੇਡਾ ਵਿੱਚ ਨਸ਼ੱਈਆਂ ਦੀ ਗਿਣਤੀ ਪੰਜਾਬ ਨਾਲੋਂ ਘੱਟ ਨਹੀਂ ਹੋਵੇਗੀ। ਕਾਨੂੰਨ ਵਿਵਸਥਾ ਦੀ ਗੱਲ ਕਰੀਏ ਕੈਨੇਡਾ ਵਰਗੇ ਅਮੀਰ ਮੁਲਕ ਜਿੱਥੇ ਇੰਨੀ ਘੱਟ ਵਸੋਂ ਹੈ ਇੱਥੇ ਵੀ ਅਪਰਾਧ ਦੀਆਂ ਘਟਨਾਵਾਂ ਦਿਨ-ਬ-ਦਿਨ ਵਧ ਰਹੀਆਂ ਹਨ। ਮੁਸ਼ਕਲਾਂ ਹੋਣ ਦੇ ਬਾਵਜੂਦ ਕੈਨੇਡਾ ਦੀ ਮਜ਼ਬੂਤ ਅਰਥ-ਵਿਵਸਥਾ ਕਾਰਨ ਇੱਥੇ ਪ੍ਰਦਾਨ ਕੀਤੀਆਂ ਜਾਂਦੀਆਂ ਸਹੂਲਤਾਂ ਸਦਕਾ ਲੋਕ ਇਸ ਮੁਲਕ ਨੂੰ ਛੱਡਣਾ ਨਹੀਂ ਚਾਹੁੰਦੇ। ਜੇ ਆਉਣ ਵਾਲੀ ਪੀੜੀ ਦੇ ਭਵਿੱਖ 'ਤੇ ਝਾਤ ਮਾਰੀਏ ਜਿਵੇਂ ਸਾਡੇ ਦੇਸ਼ ਵਿੱਚ ਅੱਜ ਜਿੱਥੇ ਬੇਰੁਜ਼ਗਾਰੀ ਹੈ ਉੱਥੇ ਹੁਣ ਵੀ ਆਪਣੀ ਤਕਨੀਕੀ ਕਾਬਲੀਅਤ ਜ਼ਰੀਏ ਬੱਚੇ ਚਾਰ-ਪੰਜ ਲੱਖ ਰੁਪਏ ਦੇ ਸਾਲਾਨਾ ਪੈਕੇਜ ਲੈ ਰਹੇ ਹਨ। ਇੱਥੇ ਵੀ ਪੰਜਾਬੀ ਭਾਈਚਾਰੇ ਵਿੱਚੋਂ ਵਿਰਲੇ ਬੱਚੇ ਹੀ ਵਿੱਦਿਅਕ ਖੇਤਰ ਵਿੱਚ ਅੱਗੇ ਨਿਕਲਦੇ ਹਨ। ਬਹੁ-ਗਿਣਤੀ ਟਰਾਂਸਪੋਰਟ ਖੇਤਰ ਨਾਲ ਜੁੜੀ ਹੋਈ ਹੈ।

ਕੀ ਚੰਗੀਆਂ ਜਾਇਦਾਦਾਂ ਦੇ ਵਾਰਿਸ ਸਾਡੇ ਆਪਣੇ ਮੁਲਕ ਵਿੱਚ ਕਲੀਨ-ਅੱਪ, ਰਾਜਗਿਰੀ, ਲੱਕੜ ਮਿੱਲ ਵਰਕਰ ਜਾਂ ਖੇਤ ਮਜ਼ਦੂਰ ਵਜੋਂ ਕੰਮ ਕਰਨਾ ਸਵੀਕਾਰਦੇ ਹਨ? ਇਹ ਕੰਮ ਹੇਠਲੇ ਦਰਜੇ ਦੇ ਨਹੀਂ ਸਗੋਂ ਦਸਾਂ ਨਹੁੰਆਂ ਦੀ ਕਿਰਤ ਦਾ ਹਿੱਸਾ ਹਨ। ਪਰ ਸਵਾਲ ਹੈ ਕਿ ਸਾਡੇ ਮੁਲਕ ਦੀ ਸਰਦਾਰੀ ਜੋ ਪੱਛਮੀ ਮੁਲਕਾਂ ਵਿੱਚ ਇਸ ਕਿਰਤ ਨੂੰ ਅਪਣਾਉਂਦੀ ਹੈ, ਕੀ ਉਹ ਆਪਣੇ ਮੁਲਕ ਵਿਚ ਇਕ ਕਿੱਤੇ ਵਜੋਂ ਨਾ ਸਹੀ, ਕੀ ਆਪਣੀ ਖਾਤਰ ਹੀ ਇਹ ਕੰਮ ਕਰਨ ਨੂੰ ਤਿਆਰ ਹਨ? ਇਹ ਪ੍ਰਸ਼ਨ ਸਾਡੇ ਮੁਲਕ ਦੀ ਸੋਚ ਉਪਰ ਸਵਾਲੀਆ ਚਿੰਨ ਹਨ। ਪੱਛਮੀ ਦੇਸ਼ ਕਿਵੇਂ ਨਾ ਤਰੱਕੀ ਕਰਨ ਜਿੱਥੇ ਅਮੀਰ ਲੋਕਾਈ ਵੀ ਕਿਰਤ ਅਪਣਾਉਂਦੀ ਹੈ ਜਦੋਂਕਿ ਆਪਣੇ ਮੁਲਕ ਵਿੱਚ ਬੇਰੁਜ਼ਗਾਰ ਵੀ ਵਾਈਟ-ਕਾਲਰ ਧੰਦਿਆਂ ਦੀ ਭਾਲ ਵਿੱਚ ਹਨ। ਸਾਡੇ ਸਮਾਜ ਵਿੱਚ ਹਰ ਹੀਲੇ ਆਰਥਿਕ ਸਥਿਤੀ ਨੂੰ ਇੱਕ-ਦੂਜੇ ਨਾਲੋਂ ਵੱਧ ਮਜ਼ਬੂਤ ਦਿਖਾਉਣ ਦਾ ਰਿਵਾਜ ਹੈ। ਵੱਟਾਂ ਦੇ ਰੌਲੇ ਲੜਦਿਆਂ ਆਪਣੇ ਵਤਨ ਵਿੱਚ ਬਚਾਈ ਹੋਈ ਆਪਣੀ ਜ਼ਮੀਨ ਜਾਇਦਾਦ ਦੇ ਸਾਕ-ਸਬੰਧੀ ਜਾਂ ਪ੍ਰਮਾਤਮਾ ਹੀ ਰਾਖਾ ਹੈ। ਪਿੱਛੇ ਦਾ ਖਿਆਲ ਨਹੀਂ ਪਰ ਅੱਗਾ ਸੰਭਾਲਣ ਦਾ ਫ਼ਿਕਰ ਹੈ। ਫਿਰ ਆਉਣ ਵਾਲੀ ਪੀੜੀ ਦਾ ਕੀ ਦੋਸ਼ ਹੋ ਸਕਦਾ ਹੈ? ਕੈਨੈਡਾ ਦੇ ਪੌਣ-ਪਾਣੀ ਬਾਰੇ ਕੋਈ ਸਮਝ ਨਹੀਂ ਲੱਗ ਸਕੀ। ਇੰਨੀ ਸੋਹਣੀ ਧਰਤੀ ਹੈ। ਆਲਾ-ਦੁਆਲਾ ਬਹੁਤ ਸਾਫ਼-ਸੁਥਰਾ ਹੈ ਪਰ ਇੰਨੇ ਸੋਹਣੇ ਫੁੱਲਾਂ ਵਿੱਚ ਕੋਈ ਮਹਿਕ ਨਹੀਂ, ਕੋਈ ਸੁਗੰਧ ਨਹੀਂ। ਫਿਰ ਇੱਥੋਂ ਦੀ ਮਿੱਟੀ ਵਿੱਚ ਕਿਵੇਂ ਮਹਿਕ ਮਿਲ ਸਕਦੀ ਹੈ ਜਿਸ ਰਾਹੀਂ ਫੁੱਲਾਂ ਦੀ ਉਤਪਤੀ ਹੁੰਦੀ ਹੈ।

ਪੰਜਾਬ ਬਹੁਤ ਸਾਰੀਆਂ ਗੱਲਾਂ ਕੈਨੇਡਾ ਤੋਂ ਸਿੱਖ ਸਕਦਾ ਹੈ ਪਰ ਕੁਝ ਗੱਲਾਂ ਸਾਡੇ ਕੋਲ਼ ਪਹਿਲਾਂ ਹੀ ਸਨ। ਅਸੀਂ ਉਹ ਆਧੁਨਿਕਤਾ ਦੀ ਮਾਰ ਹੇਠ ਆ ਕੇ ਛੱਡ ਦਿੱਤੀਆਂ ਹਨ, ਉਨਾਂ ਨੂੰ ਮੁੜ-ਸੁਰਜੀਤ ਕਰਨ ਦੀ ਲੋੜ ਹੈ। ਕੈਨੇਡਾ ਵਿੱਚ ਵੀ ਸਭ ਅੱਛਾ ਨਹੀਂ ਅਤੇ ਸਾਡੇ ਦੇਸ਼ ਵੀ ਸਾਰਾ ਬੁਰਾ ਨਹੀਂ। ਜੋ ਕੁਝ ਬਾਹਰ ਚੰਗਾ ਹੈ ਉਹ ਅਪਣਾ ਲੈਣਾ ਚਾਹੀਦਾ ਹੈ ਅਤੇ ਜੋ ਇੱਥੇ ਬੁਰਾ ਹੈ, ਉਸ ਨੂੰ ਹੂੰਝ ਦੇਣਾ ਚਾਹੀਦਾ ਹੈ। ਸੱਭਿਆਚਾਰ ਦੇ ਵਿਕਾਸ ਦਾ ਇਹੀ ਮਾਡਲ ਹੈ। ਆਪਣੇ ਲੋਕਾਂ ਨੂੰ ਪ੍ਰੇਰਨਾ ਦੇਣ ਲਈ ਤਾਂ ਇਹ ਗੱਲ ਚੰਗੀ ਹੈ ਕਿ ਕੈਨੇਡਾ ਦੇ ਸੁਚੱਜੇ ਪ੍ਰਬੰਧ ਦੀਆਂ ਸਿਫ਼ਤਾਂ ਕੀਤੀਆਂ ਜਾਣ ਪਰ ਧਿਆਨ ਦੇਣ ਦੀ ਲੋੜ ਹੈ ਕਿ ਕਿਤੇ ਇਉਂ ਕਰਦਿਆਂ ਕੈਨੇਡਾ ਦਾ ਸੋਸ਼ਣਕਾਰੀ ਪ੍ਰਬੰਧ ਅੱਖੋਂ ਓਹਲੇ ਨਾ ਹੋ ਜਾਵੇ ਅਤੇ ਭਾਰਤ ਦੇ ਲੋਕਾਂ ਵਿੱਚ ਇਹ ਹੀਣਤ ਨਾ ਭਰੀ ਜਾਵੇ ਕਿ ਇੱਥੇ ਕੁਝ ਨਹੀਂ ਹੋ ਸਕਦਾ। ਭਾਵੇਂ ਕੁਝ ਭਰਾ ਬਾਹਰ ਜਾ ਕੇ ਚੰਗੀ ਜ਼ਿੰਦਗੀ ਬਸ਼ਰ ਕਰ ਸਕਦੇ ਹਨ ਅਤੇ ਅੱਜ ਜਦੋਂ ਸੰਸਾਰ ਇੱਕ ਹੋਣ ਜਾ ਰਿਹਾ ਹੈ, ਸਰਮਾਇਆ ਮੁਲਕੋ ਮੁਲਕੀ ਖੁੱਲਾ ਫਿਰਦਾ ਹੈ, ਉਦੋਂ ਬੰਦੇ ਦੇ ਪਰਵਾਸ 'ਤੇ ਵੀ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ, ਉਸ ਨੂੰ ਵੀ ਆਪਣੇ ਮਨਮਰਜ਼ੀ ਦੇ ਥਾਂ ਜਾ ਕੇ ਰੋਟੀ ਕਮਾਉਣ ਦੀ ਖੁੱਲ ਹੋਣੀ ਚਾਹੀਦੀ ਹੈ ਪਰ ਇੱਕ ਗੱਲ ਪੱਕੀ ਹੈ ਕਿ ਬਹੁਗਿਣਤੀ ਪੰਜਾਬੀਆਂ ਨੇ ਇੱਥੇ ਹੀ ਰਹਿਣਾ ਹੈ ਤੇ ਉਨਾਂ ਨੂੰ ਇੱਥੇ ਹੀ ਚੰਗੇਰੀ ਜ਼ਿੰਦਗੀ ਲਈ ਸੋਚਣਾ ਪਵੇਗਾ।

## ਪੂਰਾ ਵਿਸ਼ਵ ਸਟੇਟ ਦੇ...

ਦੇਸ਼ ਭਰ ਵਿੱਚ ਜਦੋਂ ਹਰ ਕਿਸੇ ਦਾ ਧਿਆਨ ਕੋਰੋਨਾ ਵਾਇਰਸ ਵਿਰੁੱਧ ਸੰਘਰਸ਼ ਵੱਲ ਲੱਗਾ ਹੋਇਆ ਸੀ ਤਾਂ ਅਮਿਤ ਸ਼ਾਹ ਦੇ ਗ੍ਰਹਿ ਮੰਤਰਾਲੇ ਨੇ ਇੱਕ ਨੋਟੀਫਿਕੇਸ਼ਨ ਰਾਹੀਂ ਜੰਮੂ-ਕਸ਼ਮੀਰ ਲਈ ਨਵੇਂ ਡੋਮੀਸਾਈਲ ਨਿਯਮਾਂ ਦਾ ਐਲਾਨ ਕਰ ਦਿੱਤਾ। ਇਸ ਨੋਟੀਫਿਕੇਸ਼ਨ ਰਾਹੀਂ ਉੱਥੇ ਗੈਰ-ਕਸ਼ਮੀਰੀ ਤੇ ਗੈਰ-ਡੋਗਰਾ ਲੋਕਾਂ ਨੂੰ ਜਾਇਦਾਦ ਤੇ ਨੌਕਰੀ ਹਾਸਲ ਕਰਨ ਦੀ ਸਹੂਲਤ ਦਿੱਤੀ ਗਈ ਸੀ। ਇਹ ਆਰ ਐੱਸ ਐੱਸ ਦੀ ਲੰਮੇ ਸਮੇਂ ਤੋਂ ਮੰਗ ਰਹੀ ਹੈ, ਤਾਂ ਕਿ ਉਥੋਂ ਦੀ ਅਬਾਦੀ ਦਾ ਤਵਾਜ਼ਨ ਬਦਲਿਆ ਜਾ ਸਕੇ। ਅਮਿਤ ਸ਼ਾਹ ਨੂੰ ਉਮੀਦ ਸੀ ਕਿ ਲਾਕਡਾਊਨ ਵਿੱਚ ਫਸੇ ਲੋਕ ਭਾਣਾ ਮੰਨ ਕੇ ਚੁੱਪ ਰਹਿਣਗੇ, ਪਰ ਇਥੇ ਉਹ ਮਾਤ ਖਾ ਗਏ। ਘਾਟੀ ਦੀਆਂ ਸਭ ਰਾਜਨੀਤਕ ਧਿਰਾਂ ਸਮੇਤ ਭਾਜਪਾ ਆਗੂ ਵੀ ਇਸ ਵਿਰੁੱਧ ਸੜਕਾਂ ਉੱਤੇ ਨਿਕਲ ਆਏ। ਸਿੱਟੇ ਵਜੋਂ ਗ੍ਰਹਿ ਮੰਤਰਾਲੇ ਨੂੰ ਇਸ ਨੋਟੀਫਿਕੇਸ਼ਨ ਵਿੱਚ ਸੋਧ ਕਰਨੀ ਪਈ।

ਇਸ ਲਈ ਇਹ ਸੋਚਣਾ ਕਿ ਮੋਦੀ-ਸ਼ਾਹ ਦੇ ਸੰਬੰਧਾਂ ਵਿੱਚ ਕੋਈ ਟਕਰਾਅ ਆ ਸਕਦਾ ਹੈ, ਨਿਰੀ ਖਾਮ-ਖਿਆਲੀ ਹੈ। ਦੋਵਾਂ ਦੀ ਵਿਚਾਰਧਾਰਾ ਇੱਕ ਹੈ, ਆਰ ਐੱਸ ਐੱਸ ਉਨਾਂ ਵਿਚਕਾਰ ਇੱਕ ਅਟੁੱਟ ਕੜੀ ਹੈ, ਦੋਵੇਂ ਹੀ ਇੱਕ-ਦੂਜੇ ਦੇ ਪੂਰਕ ਹਨ। ਕੋਰੋਨਾ ਦੇ ਪਰਦੇ ਓਹਲੇ ਵੀ ਦੋਵੇਂ ਆਪਣੀ ਹਿੰਦੂਤਵੀ ਵਿਚਾਰਧਾਰਾ ਤੇ ਫ਼ਿਰਕੂ ਕਤਾਰਬੰਦੀ ਨੂੰ ਤਿੱਖਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਸੰਸਾਰ ਦੇ ਬਹੁਤੇ ਦੇਸ਼ਾਂ ਵਿੱਚ ਲੋਕਾਂ ਲਈ ਕੋਈ ਢੁੱਕਵੇਂ ਸਿਹਤ ਪ੍ਰਬੰਧਾਂ ਨਹੀਂ ਹਨ। ਇਸ ਬੰਦ ਕਰਕੇ ਗਰੀਬਾਂ, ਮਜ਼ਦੂਰਾਂ ਦੀ ਹਾਲਤ ਤਸਰਯੋਗ ਹੈ ਤੇ ਉਹ ਰੋਟੀ ਲਈ ਤਰਸ ਰਹੇ ਹਨ। ਭਾਰਤ ਹੀ ਨਹੀਂ ਸਗੋਂ ਇੰਗਲੈਂਡ ਵਰਗੇ ਵਿਕਸਤ ਮੁਲਕਾਂ 'ਚ ਵੀ ਇਹੋ ਹਾਲ ਹੈ।

ਇਸ ਮਜ਼ਬੂਰੀ 'ਚ ਲੋਕ ਰੋਟੀ ਜਾਂ ਰੁਜ਼ਗਾਰ ਦੀ ਭਾਲ 'ਚ ਸੜਕਾਂ 'ਤੇ ਨਿੱਕਲ ਰਹੇ ਹਨ। ਭਾਰਤ ਵਿੱਚ ਤਾਂ ਲੱਖਾਂ ਮਜ਼ਦੂਰ ਪੈਦਲ ਆਪਣੇ ਘਰਾਂ ਨੂੰ ਭੁੱਖਣ-ਭਾਣੇ ਤੁਰ ਪਏ ਹਨ। ਇਹ ਮਜ਼ਬੂਰੀ ਸੰਸਾਰ ਦੇ ਕੁੱਝ ਹਿੱਸਿਆਂ ਵਿੱਚ ਲੋਕਾਂ ਦੇ ਮੁਜਾਹਰਿਆਂ ਜਾਂ ਵਿਸਫੋਟਕ ਹਿੰਸਾ ਦੇ ਰੂਪ ਵਿੱਚ ਵੀ ਨਿੱਕਲ ਰਹੀ ਹੈ। ਫਾਸੀਵਾਦੀ ਰਾਜ ਪ੍ਰਬੰਧ ਇਸ ਮਜ਼ਦੂਰ, ਕਿਰਤੀ ਅਬਾਦੀ ਨੂੰ ਵੀ ਸਮਾਜ ਦੇ ਦੁਸ਼ਮਣ ਵਜੋਂ ਪੇਸ਼ ਕਰ ਰਿਹਾ ਹੈ। ਮੌਤ ਤੋਂ ਸਹਿਮੇ ਬੈਠੇ ਮੱਧਵਰਗ ਦੇ ਕਈ ਹਿੱਸਿਆਂ ਵਿੱਚੋਂ ਇਹ ਅਵਾਜ਼ਾਂ ਆਉਂਦੀਆਂ ਹਨ ਕਿ ਇਹਨਾਂ ਗੰਵਾਰਾਂ ਤੋਂ ਘਰਾਂ 'ਚ ਟਿਕ ਕੇ ਭੁੱਖ ਨਾਲ਼ ਨਹੀਂ ਮਰਿਆ ਜਾਂਦਾ? ਇਹ ਸੜਕਾਂ 'ਤੇ ਆਕੇ ਬਿਮਾਰੀ ਨਾਲ਼ ਆਪ ਮਰਨਗੇ ਤੇ ਨਾਲ਼ੇ ਸਾਨੂੰ ਮਾਰਨਗੇ!

ਗੋਦੀ ਮੀਡੀਆ ਇਸੇ ਗੱਲ ਨੂੰ ਲੈ ਕੇ ਟਵੀਟ ਕਰਦਾ ਹੈ ਕਿ ਇਹ ਗੈਰ-ਜ਼ਿੰਮੇਵਾਰ ਲੋਕ ਛੁੱਟੀਆਂ ਦੀ ਅੱਯਾਸ਼ੀ ਮਨਾਉਣ ਪਿੰਡ ਤੁਰ ਪਏ ਹਨ। ਕਿਰਤੀਆਂ, ਮਜ਼ਦੂਰਾਂ ਖਿਲਾਫ ਪੈਦਾ ਕੀਤੀ ਜਾ ਰਹੀ ਇਸ ਨਫਰਤ ਦਾ ਸ਼ਿਕਾਰ ਹੋਏ ਲੋਕ ਭਵਿੱਖ 'ਚ ਵੀ ਉਹਨਾਂ ਦੇ ਸੰਘਰਸ਼ਾਂ ਤੋਂ ਕੰਨੀ ਕਤਰਾਉਣਗੇ, ਸਗੋਂ ਉਸਦੇ ਖਿਲਾਫ ਹੋਏ ਰਹਿਣਗੇ।

ਸਭ ਤੋਂ ਅਹਿਮ ਗੱਲ ਤਾਂ ਇਹ ਹੈ ਕਿ ਸਰਮਾਏਦਾਰਾ ਰਾਜ ਪ੍ਰਬੰਧ ਲੋਕਾਂ ਨੂੰ ਢੁਕਵੀਆਂ ਸਿਹਤ ਸਹੂਲਤਾਂ, ਸੁਰੱਖਿਅਤ ਰੁਜ਼ਗਾਰ ਤੇ ਸਨਮਾਨਯੋਗ ਜ਼ਿੰਦਗੀ ਦੇਣ 'ਚ ਅਸਫਲ ਹੈ। ਕੋਰੋਨਾ ਦੇ ਇਸ ਦੌਰ 'ਚ ਇਹ ਅਸਫਲਤਾ ਹੋਰ ਵੀ ਜੱਗ ਜ਼ਾਹਿਰ ਹੋ ਰਹੀ ਹੈ। ਲੋਕਾਂ ਅੰਦਰ ਇਸ ਮੌਕੇ ਸਰਕਾਰ ਖਿਲਾਫ ਜਿਹੜਾ ਰੋਸ ਪੈਦਾ ਹੋ ਰਿਹਾ ਹੈ ਉਹ ਭਵਿੱਖ ਵਿੱਚ ਵੀ ਸਰਮਾਏਦਾਰਾ ਰਾਜ ਪ੍ਰਬੰਧ ਲਈ ਖਤਰਾ ਬਣੇਗਾ। ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਹੀ ਕੋਰੋਨਾ ਦੇ ਪਰਦੇ ਹੇਠ ਨਾਗਰਿਕ, ਜਮਹੂਰੀ ਅਜ਼ਾਦੀ ਨੂੰ ਕੁਚਲਣ ਤੇ ਰਾਜ ਪ੍ਰਬੰਧ ਹੱਥ ਅੰਨੀਆਂ ਤਾਕਤਾਂ ਦੇਣ ਦੇ ਜੋ ਫਾਸੀਵਾਦੀ ਉਪਰਾਲੇ ਕੀਤੇ ਜਾ ਰਹੇ ਹਨ। ਹਰ ਨਾਗਰਿਕ ਨੂੰ ਸਰਕਾਰੀ ਜਸੂਸੀ ਤੰਤਰ ਹੇਠ ਰੱਖਣਾ, ਪੁਲਿਸ-ਫੌਜ ਦੀ ਲੋਕਾਂ ਉੱਪਰ ਦਹਿਸ਼ਤ ਕਾਇਮ ਰੱਖਣੀ ਤੇ ਲੋਕਾਂ ਨੂੰ ਬਿਨਾਂ ਆਪਣੀ ਸਫਾਈ ਦਾ ਮੌਕਾ ਦਿੱਤੇ ਗ੍ਰਿਫਤਾਰ ਕਰਨ ਜਿਹੇ ਕਦਮ ਕਿਸੇ ਵੀ ਪੱਖੋਂ ਜਮਹੂਰੀ ਸਮਾਜ ਦੀ ਨਿਸ਼ਾਨੀ ਨਹੀਂ ਹਨ। ਭਾਰਤ ਸਮੇਤ ਸੰਸਾਰ ਦੇ ਵੱਖ-ਵੱਖ ਮੁਲਕਾਂ ਵਿੱਚ ਇਸ ਵੇਲੇ ਲੋਕਾਂ ਦੀ ਅਜ਼ਾਦੀ ਨੂੰ ਖੋਹਣ ਤੇ ਰਾਜ ਪ੍ਰਬੰਧ ਨੂੰ ਅੰਨੀਆਂ ਤਾਕਤਾਂ ਦੇਣ ਵਾਲ਼ੇ ਕਾਲ਼ੇ ਕਨੂੰਨ ਤਾਂ ਪਹਿਲਾਂ ਤੋਂ ਹੀ ਲਿਆਂਦੇ ਜਾ ਰਹੇ ਹਨ। ਕੋਰੋਨਾ ਨੇ ਤਾਂ ਅਜਿਹੇ ਫਾਸੀਵਾਦੀ ਹੱਥਕੰਡੇ ਆਪਣਾਏ ਜਾਣ ਦਾ ਇੱਕ ਬਹਾਨਾ ਦੇ ਦਿੱਤਾ ਹੈ ਤੇ ਇਹ ਗੱਲ ਲਾਜਮੀ ਹੈ ਕਿ ਕੋਰੋਨਾ ਦਾ ਇਹ ਵਕਤੀ ਖਤਰਾ ਟਲ ਜਾਣ ਤੋਂ ਬਾਅਦ ਵੀ ਇਹ ਹੱਥਕੰਡੇ ਸਾਡੇ ਸਮਾਜ ਦਾ ਸਥਾਈ ਹਿੱਸਾ ਬਣ ਜਾਣਗੇ।

## ਕੋਰੋਨਾ ਵਾਇਰਸ ਨਾਲ...

ਮੀਟਿੰਗ ਉਪਰੰਤ ਕੋਮੋ ਨੇ ਦਸਿਆ ਕਿ ਰਾਸ਼ਟਰਪਤੀ ਨੇ ਕੋਰੋਨਾਵਾਇਰਸ ਕਾਰਨ ਲਾਈਆਂ ਪਾਬੰਦੀਆਂ ਹਟਾਉਣ ਲਈ ਦਬਾਅ ਨਹੀਂ ਪਾਇਆ ਤੇ ਇਸ ਸਬੰਧੀ ਕੋਈ ਸਮਾ ਸੀਮਾ ਤੈਅ ਨਹੀਂ ਕੀਤੀ।

ਅਮਰੀਕਾ ਵਿੱਚ 22 ਮਿਲੀਅਨ ਲੋਕ **ਇੱਕ ਮਹੀਨੇ ਚ ਬੇਰੁੱਜ਼ਗਾਰ :**

ਅਮਰੀਕਾ ਨੂੰ ਕਰੋਨਾ ਵਾਇਰਸ ਨੇ ਇਸ ਕਦਰ ਡੰਗ ਦਿੱਤਾ ਹੈ ਕਿ ਇਥੇ ਲੋਕਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾਉਣ ਲੱਗੀ ਹੈ ਇਸ ਦੇ ਮੱਦੇਨਜਰ 6.6 ਮਿਲੀਅਨ ਤੋਂ ਵੱਧ ਲੋਕਾਂ ਨੇ ਬੇਰੁਜ਼ਗਾਰੀ ਭੱਤੇ ਲੈਣ ਲਈ ਸਿਰਫ ਪਿਛਲੇ ਹਫਤੇ ਦਾਅਵੇ ਦਾਖਲ ਕੀਤੇ ਹਨ। ਲੇਬਰ ਵਿਭਾਗ ਨੇ ਦੱਸਿਆ, ਇਹ ਇੱਕ ਬਹੁਤ ਜ਼ਿਆਦਾ ਗਿਣਤੀ ਹੈ ਪਰ ਪਿਛਲੇ ਦੋ ਹਫਤਿਆਂ ਵਿੱਚ ਰਿਕਾਰਡ ਤੋੜ ਬੇਰੁਜ਼ਗਾਰੀ ਭੱਤੇ ਲੈਣ ਲਈ ਦਾਅਵੇ ਦਾਖਲ ਕੀਤੇ ਹਨ। ਇਹ ਪਿਛਲੇ ਹਫਤੇ ਦੇ ਕੁਲ ਦਾਅਵਿਆਂ ਤੋਂ ਬਾਅਦ ਲਗਭਗ 22 ਮਿਲੀਅਨ ਤੱਕ ਪਹੁੰਚ ਗਿਆ ਹੈ। ਅਰਥ-ਸ਼ਾਸਤਰੀਆਂ ਦਾ ਅਨੁਮਾਨ ਹੈ ਕਿ ਪਿਛਲੇ ਹਫਤੇ ਜੋ 6.6 ਮਿਲੀਅਨ ਅਮਰੀਕੀ ਬੇਰੁਜ਼ਗਾਰੀ ਭੱਤੇ ਲਈ ਸ਼ੁਰੂਆਤੀ ਅਰਜ਼ੀਆਂ ਦਾਇਰ ਕੀਤੀਆਂ ਸਨ ਪਰ ਇਹ ਅਜੇ ਹੋਰ ਗਿਣਤੀ ਵੱਧਣ ਦੀ ਆਸ ਹੈ। ਵਿਸ਼ਲੇਸ਼ਕਾਂ ਨੇ ਇਕ ਨੋਟ ਵਿਚ ਕਿਹਾ, ਕਰੋਨਾ ਵਾਇਰਸ ਦੀ ਚਾਲ ਆਪਣੇ ਆਪ ਹੀ ਇਹ ਨਿਰਧਾਰਤ ਕਰੇਗੀ ਕਿ ਆਰਥਿਕਤਾ ਕਿੰਨੀ ਦੇਰ ਤੱਕ ਬੰਦ ਰਹੇਗੀ। ਪਿਛਲੇ ਤਿੰਨ ਹਫ਼ਤਿਆਂ ਵਿਚ ਅਮਰੀਕੀ ਇਤਿਹਾਸ ਵਿਚ ਸਭ ਤੋਂ ਵਿਨਾਸ਼ਕਾਰੀ ਦੌਰ ਹੈ, ਕਿਉਂਕਿ ਮਾਰਚ ਦੇ ਸ਼ੁਰੂ ਤੋਂ ਲੈਕੇ ਅਪ੍ਰੈਲ 20 ਤੱਕ ਬੇਰੁਜ਼ਗਾਰੀ ਦੇ ਲਾਭਾਂ ਲਈ ਪਹਿਲੀ ਵਾਰ ਦੇ ਦਾਅਵਿਆਂ ਵਿਚ 3,000% ਤੋਂ ਵੱਧ ਦਾ ਵਾਧਾ ਹੋਇਆ ਹੈ। ਕਾਰੋਨੇਵਾਇਰਸ ਦੇ ਪ੍ਰਕੋਪ ਦੇ ਵਿਚਕਾਰ ਕਾਰੋਬਾਰ ਛੁੱਟਦੇ ਜਾ ਰਹੇ ਹਨ । ਕਿਰਤ ਵਿਭਾਗ ਅਨੁਸਾਰ ਖ਼ਤਮ ਹੋਣ ਵਾਲੇ ਹਫ਼ਤੇ ਵਿਚ 6.6 ਮਿਲੀਅਨ ਅਮਰੀਕੀ ਕਾਮਿਆਂ ਨੇ ਬੇਰੁਜ਼ਗਾਰੀ ਦੇ ਲਾਭ ਦੇ ਪਹਿਲੇ ਹਫਤੇ ਲਈ ਦਾਖਲ ਕੀਤੇ ਹਨ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com